# ਚਿਰਾਗ

ਅਕਤੂਬਰ -ਦਸੰਬਰ 1996

**October -December 1996**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



ਮੁੱਲ : ਦਸ ਰੁਪਏ    -8-    ਅਕਤੂਬਰ-ਦਸੰਬਰ, 1996

# ਚਿਰਾਗ਼ (ਤ੍ਰੈ-ਮਾਸਕ)

ਅਕਤੂਬਰ-ਦਸੰਬਰ 1996

ਸੰਪਾਦਕ : ਹਰਭਜਨ ਸਿੰਘ ਹੁੰਦਲ

ਸੰਪਾਦਕੀ ਮੰਡਲ : ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ

## ਤਤਕਰਾ

ਸੰਪਾਦਕੀ ਟਿੱਪਣੀ

ਇਸ ਵਾਰ ਦਾ ਵਿਸ਼ੇਸ਼ ਕਵੀ (ਸੁਰਿੰਦਰ ਸੋਹਲ ਦੀਆਂ ਨੌਂ ਗ਼ਜ਼ਲਾਂ/2

**ਕਵਿਤਾਵਾਂ :** ਮੇਜਰ ਪਿਆਰਾ ਸਿੰਘ, ਵਿਸ਼ਾਲ, ਡਾ. ਸਵਰਨ ਚੰਦਨ, ਡਾ. ਸ਼ਿਆਮ ਸੁੰਦਰ, ਦੀਪਤੀ, ਡਾ. ਅੰਬਰੀਸ਼, ਰਸੂਲ ਹਮਜ਼ਾਤੋਵ, ਗੁਰਨਾਮ ਢਿਲੋਂ ।

**ਕਹਾਣੀ :** ਕੁਰਸੀ ਤੇ ਤਲਵਾਰ (ਜਸਵੰਤ ਸਿੰਘ ਵਿਰਦੀ)/20, ਜੰਗਲ (ਧਰਮ ਪਾਲ ਸਾਹਿਲ)/32

**ਵਾਦ-ਵਿਵਾਦ :** ਸੂਫ਼ੀ ਅਮਰਜੀਤ/27, ਅਮਨ ਪਾਲ ਸਾਰਾ/30

**ਵਾਘਿਉਂ ਪਾਰ :** ਡਾ. ਅਯੂਬ ਮਿਰਜ਼ਾ (ਫ਼ੈਜ਼ ਦੀਆਂ ਯਾਦਾਂ)/42, ਆਬਦ ਨਿਬੇਲ ਸ਼ਾਦ (ਗ਼ਜ਼ਲਾਂ)/47, ਅਖ਼ਲਾਕ ਆਤਿਫ਼ (ਨਜ਼ਮਾਂ)/48

**ਸਫ਼ਰਨਾਮੇ ਤੋਂ ਪਾਰ :** ਡੇਰੇ ਦਾ ਸਾਧ (ਹਰਭਜਨ ਸਿੰਘ ਹੁੰਦਲ)/49

**ਗ਼ਜ਼ਲਾਂ :** ਬਲਜਿੰਦਰ ਚੋਹਾਨ, ਡਾ. ਸਿਕੰਦਰ ਭੱਟੀ, ਗੁਲਸ਼ਨ ਮਿਰਜਾਪੁਰੀ, ਤ੍ਰੈਲੋਚਨ ਲੋਚੀ, ਗੁਰਜੀਤ ਸਹੋਤਾ, ਸ਼ਮਸ਼ੇਰ ਸਿੰਘ ਮੋਹੀ, ਕਸ਼ਮੀਰ ਨੀਰ, ਅਜੀਤ ਸਿੰਘ ਆਸ ।

**ਪੁਸਤਕ ਪੜਚੋਲ :** ਪਾਬਲੋ ਨੇਰੂਦਾ ਦੀਆਂ ਕਵਿਤਾਵਾਂ, ਜੰਗਲ ਕਦੇ ਸੌਂਦਾ ਨਹੀਂ, ਤੁਸੀਂ ਨਹੀਂ ਸਮਝ ਸਕਦੇ, ਕਾਂਗ ਸਮੇਂ ਦਾ ਬੋਲਿਆ, ਸ਼ਬਦ ਸ਼ਹਿਰ ਤੇ ਰਾਤ, ਹਵਾ ਦੇ ਵਰਕੇ, ਜਾਗਦੇ ਸ਼ਬਦ ।

ਖਿਆਲ ਆਪੋ ਆਪਣਾ :

ਵਾਘੇ ਪਾਰ ਤੋਂ ਪੱਤਰ :

ਪੁਸਤਕ ਪ੍ਰਾਪਤੀ

ਪ੍ਰਕਾਸ਼ਨ ਮਿਤੀ 31 ਅਕਤੂਬਰ, 96

**Postal Address :**
Harbhajan Singh Hundal,
V. Futu Chak,
P/o. Dhilwan,
Distt. Kapurthala-144804
(Pb.) India.

**ਚੰਦਿਆਂ ਦਾ ਵੇਰਵਾ :**

| | | |
|---|---|---|
| ਦੇਸ਼ ਵਾਰਸ਼ਿਕ | : | 30 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 40 ਰੁਪਏ |
| ਬਦੇਸ਼ | | |
| ਵਾਰਸ਼ਿਕ | : | 250 ਰੁਪਏ |
| ਇੱਕ ਪਰਚਾ | : | ਇਕ ਪੌਂਡ |

ਚਿਰਾਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ ।

—ਸੰਪਾਦਕ

ਸੰਪਾਦਕੀ ਟਿੱਪਣੀ

## ਨਵੀਆਂ ਚੁਣੌਤੀਆਂ ਦੇ ਰੂ-ਬਰੂ

ਪੰਜਾਬ ਸੰਕਟ ਠੰਢਾ ਪੈ ਗਿਆ ਹੈ । ਹੁਣ ਇਹ ਕਵੀਆਂ ਲਈ ਪੁਰਾਣਾ ਵਿਸ਼ਾ ਹੋ ਗਿਆ ਹੈ । ਨਵਾਂ ਕੀ ਲਿਖਿਆ ਜਾਵੇ ? ਇਹ ਪ੍ਰਸ਼ਨ ਹਰ ਸੰਕਟ ਦੇ ਖਾਤਮੇ ਤੇ ਉਠ ਖਲੋਂਦਾ ਹੈ । ਪੰਜਾਬ ਸੰਕਟ ਕੀ ਭਿਆਨਕ ਰੂਪ ਧਾਰੇਗਾ, ਕਿਸੇ ਨੂੰ ਵੀ ਅਨੁਮਾਨ ਨਹੀਂ ਸੀ । ਕਵੀਆਂ ਨੂੰ ਨੀਲੇ ਤਾਰੇ ਦੇ ਸਾਕੇ ਨੇ ਹੀ ਨੀਂਦ 'ਚੋਂ ਜਗਾਇਆ ਤੇ ਉਹ ਵੇਖ ਕੇ ਤੜਪ ਉੱਠੇ । ਪਹਿਲਾਂ ਕਾਤਲ-ਟੋਲਿਆਂ ਹੱਥੋਂ ਮਰਦੇ ਲੋਕ, ਕਵੀਆਂ ਨੂੰ ਦਿਸੇ ਹੀ ਨਾ । ਅੰਮ੍ਰਿਤਸਰ ਵਿਚ ਰਹਿੰਦੇ ਕਵੀਆਂ ਨੂੰ ਵੀ ਨਾ ਦਿਸੇ । ਫਿਰ ਇਕ ਦਮ ਪੁੱਛਣ ਲੱਗੇ, 'ਮੇਰਾ ਸ਼ਹਿਰ ਕਿੱਥੇ ਹੈ ?" ਸ਼ਹਿਰ ਤਾਂ ਉੱਥੇ ਹੀ ਸੀ, ਪਰ ਵੇਖਣ ਵਾਲੀ ਅੱਖ ਗ਼ੈਰ-ਹਾਜ਼ਰ ਸੀ । ਇੰਝ ਹਮੇਸ਼ਾਂ ਹੀ ਵਾਪਰਦਾ ਰਹੇਗਾ ।

ਅੱਜ ਪੰਜਾਬ-ਸੰਕਟ ਤੋਂ ਬਾਅਦ ਦੀ ਸਥਿਤੀ ਬੜੀ ਜਟਿਲ ਹੈ । ਦੇਸ਼ ਮੋੜ ਤੇ ਖੜਾ ਹੈ । ਕਿਹੜੀਆਂ ਧਿਰਾਂ ਨਾਲ ਖਲੋਤਾ ਜਾਵੇ, ਕਿਸ ਵਿਸ਼ਵਾਸ਼ ਦੇ ਸਹਾਰੇ ਅੱਗੇ ਤੁਰਿਆ ਜਾਵੇ । ਸੰਸਾਰ ਪੱਧਰ ਤੇ ਸਮਾਜਵਾਦੀ ਤਾਕਤਾਂ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਜੂਝ ਰਹੀਆਂ ਹਨ । ਪੂੰਜੀਵਾਦ ਕੋਲ ਵੀ ਅਜੋਕੀਆਂ ਔਕੜਾਂ ਦਾ ਕੋਈ ਹੱਲ ਨਹੀਂ । ਸਾਮਰਾਜੀ ਧਿਰਾਂ ਸੰਸਾਰ ਉੱਤੇ ਕਬਜ਼ੇ ਲਈ ਹਰ ਤਰੀਕਾ ਵਰਤ ਰਹੀਆਂ ਹਨ । ਦੇਸ਼ ਦੀਆਂ ਹਾਕਮਾਂ ਜਮਾਤਾਂ ਦਾ ਅਖਲਾਕ ਪਤਨ ਨੂੰ ਛੋਹ ਰਿਹਾ ਹੈ । ਧਾਰਮਕ ਮੂਲਵਾਦੀ ਤਾਕਤਾ, ਧਰਮ ਜਾਂ ਜ਼ਾਤ ਦੇ ਨਾਹਰੇ ਲਾ ਕੇ, ਲੋਕਾਂ ਨੂੰ ਪਾੜ ਕੇ ਨਿਰਬਲ ਕਰ ਰਹੀਆਂ ਹਨ । ਖੱਬੀਆਂ ਧਿਰਾਂ ਕਮਜ਼ੋਰ ਹਨ । ਹੋਰ ਜਨਵਾਦੀ ਧਿਰਾਂ ਡੋਲ-ਦੀਆਂ ਤੇ ਥਿੜਕਦੀਆਂ ਹਨ । ਧਰਮ-ਨਿਰਪੱਖ ਤਾਕਤਾਂ ਸਪੱਸ਼ਟ ਨਹੀਂ ਹਨ । ਇਸ ਹਾਲਾਤ ਵਿਚ ਲੇਖਕ ਸਾਹਮਣੇ ਉਹੀ ਪ੍ਰਸ਼ਨ ਹੈ, ਜਿਹੜਾ ਕਦੇ ਦੂਸਰੀ ਸੰਸਾਰ ਜੰਗ ਤੋਂ ਪਹਿਲਾਂ ਦੁਨੀਆਂ ਦੇ ਲੇਖਕਾਂ ਸਾਹਮਣੇ ਮੈਕਸਿਮ ਗੋਰਕੀ ਨੇ ਰੱਖਿਆ ਸੀ, "ਸਭਿਆਚਾਰ ਦੇ ਵਾਰਸੋ, ਤੁਸੀਂ ਕਿਹੜੇ ਪਾਸੇ ਹੋ ?"

ਅਜੋਕੀ ਸਥਿਤੀ ਵੀ ਇਹੀ ਪੁੱਛ ਰਹੀ ਹੈ । ਇਸ ਦਾ ਉੱਤਰ ਪੱਤਰਕਾਰੀ ਪੱਧਰ ਤੇ ਨਹੀਂ ਸਿਰਜਣਾ ਦੀ ਪੱਧਰ ਤੇ ਹੀ ਦੇਣਾ ਪੈਣਾ ਹੈ । ਇਸ ਪ੍ਰਸੰਗ ਵਿਚ ਸਾਡਾ ਵਿਰਸਾ ਗ਼ਰੀਬ ਨਹੀਂ ਹੈ । ਹਰ ਅਜੇਹੇ ਮੋੜ ਉੱਤੇ ਪੰਜਾਬੀ ਲੇਖਕ ਠੀਕ ਪਾਸਾ ਹੀ ਚੁਣਦੇ ਰਹੇ ਹਨ । ਪੰਜਾਬ ਸੰਕਟ ਵੇਲੇ ਵੀ ਇੱਕਾ-ਦੁੱਕਾ ਲੇਖਕਾਂ ਤੇ ਬੁੱਧੀ ਜੀਵੀਆਂ ਤੋਂ ਬਿਨਾਂ ਬਾਕੀ ਸਭ ਲੇਖਕਾ ਨੇ, ਨਾ ਧਾਰਮਕ ਜਨੂੰਨੀਆਂ ਤੇ ਕਾਤਲਾਂ ਦਾ ਸਾਥ ਦਿੱਤਾ ਸੀ, ਨਾ ਸਰਕਾਰੀ ਤਸ਼ੱਦਦ ਦਾ ।

ਪਰ ਨਵੀਂ ਸਥਿਤੀ ਦੀਆਂ ਆਪਸੀ ਵਿਰੋਧਤਾਈਆਂ ਨੂੰ ਸਮਝਣ ਤੇ ਗ੍ਰਹਿਣ ਕਰਨ ਵਿਚ ਕੁਝ ਦੇਰ ਤਾਂ ਲੱਗ ਜਾਂਦੀ ਹੈ । ਪ੍ਰਤਿਭਾਸ਼ੀਲ ਲੇਖਕ ਗੁੰਝਲਦਾਰ ਸਥਿਤੀ ਨੂੰ ਵੀ ਛੇਤੀ ਸਮਝ ਜਾਂਦੇ ਹਨ । ਸਿਰਜਣਾ ਤੇ ਸੂਝ ਦਾ ਸਫ਼ਰ ਹਰ ਲੇਖਕ ਨੇ ਬਹੁਤ ਵਾਰ ਆਪ ਹੀ ਤੈਅ ਕਰਨਾ ਹੁੰਦਾ ਹੈ । ਅਜੇਹੇ ਮੋੜ ਤੇ ਪਿਆਰ-ਕਵਿਤਾ ਵਲ ਪਰਤ ਜਾਣਾ ਬੜਾ ਸੌਖਾ ਰਸਤਾ ਹੁੰਦਾ ਹੈ ।

ਅਜੇਹੇ ਇਤਿਹਾਸਕ ਮੋੜਾਂ ਉੱਤੇ ਕਈ ਮੇਰੇ ਵਰਗੇ ਅਲਪ-ਬੁੱਧੀ ਵਾਲਿਆਂ ਨੂੰ ਗੱਲ ਅਖੀਰ ਤੀਕ ਵੀ ਸਮਝ ਨਹੀਂ ਪੈਂਦੀ । ਘੱਲੂਘਾਰੇ ਵਾਪਰ ਜਾਂਦੇ ਹਨ ਤੇ ਉਹ ਗੱਲ ਨੂੰ ਸਮਝਦੇ ਸਮਝਦੇ ਹੀ ਵੇਲਾ ਗਵਾ ਬੈਠਦੇ ਹਨ ਜਾਂ ਚੁੱਪ ਬੈਠੇ ਰਹਿੰਦੇ ਹਨ । ਸਮਕਾਲੀ ਯਥਾਰਥ ਇਕ-ਪਰਤਾ, ਸਪੱਸ਼ਟ ਤੇ ਸਰਲ ਕਦੇ ਵੀ ਨਹੀਂ ਹੁੰਦਾ ਤੇ ਨਾ ਹੀ ਹੁਣ ਹੈ ।

ਆਓ ਨਵੀਂ ਸਥਿਤੀ ਦੇ ਸਨਮੁੱਖ ਹੋਈਏ ਤੇ ਗੱਲ ਨੂੰ ਖੜੋਤ 'ਚੋਂ ਕੱਢ ਕੇ ਅੱਗੇ ਤੋਰੀਏ । ਵਿਚਾਰ-ਵਟਾਂਦਰੇ ਨਾਲ ਕਾਫ਼ੀ ਨੁਕਤੇ ਸਪੱਸ਼ਟ ਹੋ ਜਾਂਦੇ ਹਨ । ਚਿਰਾਗ਼ ਦੇ ਪੰਨੇ, ਸਦਾ ਹੀ ਗਿਆਨ-ਗੋਸ਼ਟ ਲਈ ਖੁੱਲੇ ਰਹਿਣਗੇ ।

—ਹਰਭਜਨ ਸਿੰਘ 'ਹੁੰਦਲ,

## ਸੁਰਿੰਦਰ ਸੋਹਲ/ਨੌਂ ਗ਼ਜ਼ਲਾਂ

ਸੁਰਿੰਦਰ ਸੋਹਲ ਨਵਾਂ ਗ਼ਜ਼ਲ ਗੋ ਹੈ, ਜਿਸ ਨੇ ਗ਼ਜ਼ਲ ਦੇ ਸਾਰੇ ਰਵਾਇਤੀ ਚਿੰਨ੍ਹਾਂ ਨੂੰ ਤਿਆਗ ਕੇ, ਸੱਜਰੀ ਬਿੰਬਾਵਲੀ ਰਾਹੀਂ ਅਜੋਕੇ ਮਨੁੱਖ ਦੀਆਂ ਚਿੰਤਾਵਾਂ ਨੂੰ ਪ੍ਰਗਟ ਕਰਦਿਆਂ, ਆਪਣੀ ਵਖਰੀ ਪਛਾਣ ਸਥਾਪਤ ਕਰ ਲਈ ਹੈ। ਇਸ ਪ੍ਰਤਿਭਾਵਾਨ ਸ਼ਾਇਰ ਦੀਆਂ ਕੁਝ ਸੱਜਰੀਆਂ ਗ਼ਜ਼ਲਾਂ ਨੂੰ ਚਿਰਾਗ਼ ਦੇ ਪਾਠਕਾਂ ਦੇ ਰੂਬਰੂ ਕਰਦਿਆਂ ਅਸੀਂ ਉਹਨਾਂ ਦੇ ਪ੍ਰਤੀਕਰਮ ਜਾਨਣ ਦੀ ਉਡੀਕ ਕਰਾਂਗੇ। (ਸੰਪਾਦਕ)

### ਇਕ

ਅਦਾਲਤ ਵਿਚ ਨਹਕ ਮੁਜਰਿਮ ਖੜ੍ਹਾ ਐਲਾਨ ਕਰਦਾ ਹਾਂ।
"ਅਦਲ ਅੰਨ੍ਹੇ ਨੂੰ ਮੈਂ ਦੋਵੇਂ ਹੀ ਅੱਖਾਂ ਦਾਨ ਕਰਦਾ ਹਾਂ।

ਤੁਸੀਂ ਡੁੱਬੇ ਕਦੇ ਤਾਂ ਆਸਰਾ ਮੇਰਾ ਹੀ ਭਾਲੋਗੇ,
ਤੁਸੀਂ ਮੈਨੂੰ ਕਿਹਾ 'ਤਿਣਕਾ' ਮੈਂ ਇਹ ਪਰਵਾਨ ਕਰਦਾ ਹਾਂ।

ਮੈਂ ਛਾਤੀ 'ਤੇ ਲਗਾ ਲੈਂਦਾ ਹਾਂ ਇਕ ਕੱਪੜੇ ਦਾ ਫੁਲ ਕਾਲਾ,
ਖਿੜੇ ਮੱਥੇ ਖ਼ਿਜ਼ਾਂ ਦਾ ਇਉਂ ਸਦਾ ਸਨਮਾਨ ਕਰਦਾ ਹਾਂ।

ਪੁਰਾਣੇ ਗਮਲਿਆਂ ਨੂੰ ਰੰਗ ਕੇ ਬੀਜੇ ਮੈਂ ਫੁੱਲ ਸਜਰੇ,
ਨਗਰ ਵਿਚ ਸ਼ੋਰ ਹੈ ਪਿਤਰਾਂ ਦਾ ਮੈਂ ਅਪਮਾਨ ਕਰਦਾ ਹਾ।

ਕਿਓਂ ਮੈਨੂੰ ਨਹੀਂ ਮੁਕਤੀ ਮਿਲੀ ਗੁਰਬਤ ਦੀ ਜੂਨੀ 'ਚੋਂ,
ਪਸੀਨੇ ਦੇ ਤਲਾਅ ਵਿਚ ਰੋਜ਼ ਮੈਂ ਇਸ਼ਨਾਨ ਕਰਦਾ ਹਾਂ।

### ਦੋ

ਘਣੇ ਬੱਦਲ ਕਿਵੇਂ ਸੁੱਕੇ ਹੋਏ ਬਿਰਖਾਂ 'ਤੇ ਹਸਦੇ ਨੇ।
ਇਹ ਕੇਹਾ ਦੌਰ ਹੈ ਭੌਰੇ ਜਲੇ ਫੁਲਾਂ 'ਤੇ ਹਸਦੇ ਨੇ।

ਇਹਨਾਂ ਨੂੰ ਕੀ ਪਤਾ ਹਸਦੇ ਨੇ ਇਹ ਅਪਣੇ ਹੀ ਕੱਲ੍ਹ ਉੱਤੇ.
ਹਰੇ ਪੱਤੇ ਜਦੋਂ ਪੀਲੇ ਪਏ ਪਤਿਆਂ 'ਤੇ ਹਸਦੇ ਨੇ।

ਪਰਾਏ ਪਿੰਡ ਤੋਂ ਜਦ ਵੀ ਮਹਿਕ ਮੁੜਦੀ ਹੈ ਪਿੰਡ ਅਪਣੇ,
ਤਾਂ ਅਥਰੂ ਤ੍ਰੇਲ ਬਣਕੇ ਫੁਲ ਦੀਆਂ ਪਲਕਾਂ 'ਤੇ ਹਸਦੇ ਨੇ।

ਇਹ ਹਨ ਅਨਭੋਲ ਜਾਂ ਪਾਗਲ ਇਹਨਾਂ ਨੂੰ ਕੀ ਕਹੇ ਕੋਈ,
ਜੋ ਕਟ ਹੋਏ ਪਤੰਗ ਉਤੇ ਆਪਣੀਆਂ ਡੋਰਾਂ 'ਤੇ ਹਸਦੇ ਨੇ।

ਜਿਨ੍ਹਾਂ ਨੂੰ ਕਹਿਰ ਦੀ ਅਗਨੀ 'ਚੋਂ ਸੜਨੋ ਮੈਂ ਬਚਾਇਆ ਸੀ,
ਉਹੋ ਹੀ ਸ਼ਖ਼ਸ ਹੁਣ ਮੇਰੇ ਸੜੇ ਹੱਥਾਂ 'ਤੇ ਹਸਦੇ ਨੇ।

ਮੈਂ ਜੋ ਵਾਕਿਫ਼ ਕਰਾਏ ਦਿਸਹਦੇ ਤੋਂ ਪਾਰ ਮੰਡਲਾਂ ਤਕ,
ਉਹ ਪੰਛੀ ਹੁਣ ਮੇਰੇ ਟੁੱਟੇ ਹੋਏ ਖੰਭਾਂ 'ਤੇ ਹਸਦੇ ਨੇ।



### ਤਿੰਨ

ਇਸ ਲਈ ਹੀ ਨਾ ਕਦੇ ਤਖ਼ਤਾਂ ਨੂੰ ਭਾਵੇ ਪ੍ਰਸ਼ਨ ਚਿੰਨ੍ਹ।
ਕਿਉਂਕਿ ਮੁਰਦਾ ਸੋਚ ਅੰਦਰ ਜਾਨ ਪਾਵੇ ਪ੍ਰਸ਼ਨ ਚਿੰਨ੍ਹ।

ਉਸ ਦੇ ਜੀਵਨ ਨੂੰ ਨਹੀਂ ਵਿਸਰਾਮ ਚਿੰਨ੍ਹ ਹੁੰਦਾ ਨਸੀਬ,
ਜਿਸ ਬਸ਼ਰ ਨੂੰ ਹਰ ਸਮੇਂ ਹਰ ਤਾਂ 'ਤੇ ਭਾਵੇ ਪ੍ਰਸ਼ਨ ਚਿੰਨ੍ਹ।

ਓਸ ਦੇ ਇਸ ਪ੍ਰਸ਼ਨ ਦਾ ਬਸ ਇਕ ਹੈ ਸੂਲੀ ਹੀ ਜਵਾਬ,
ਜੋ ਸ਼ਰ੍ਹਾ ਦੇ ਬਿਰਧ ਰਾਹਾਂ 'ਤੇ ਲਗਾਵੇ ਪ੍ਰਸ਼ਨ ਚਿੰਨ੍ਹ।

ਐਟਮਾਂ ਦੇ ਦੌਰ ਵਿਚ ਮਾਨਵ ਹੈ ਤੇ ਹੈ ਵੀ ਨਹੀਂ,
ਤਾਂ ਹੀ ਅਪਣੀ ਹੋਂਦ ਤੋਂ ਇਹ ਨਾ ਹਟਾਵੇ ਪ੍ਰਸ਼ਨ ਚਿੰਨ੍ਹ।

"ਜੇ ਸਦੀਵੀ ਚਿੰਨ੍ਹ ਬਣਨਾ ਹੈ ਤਾਂ ਛਡ ਵਿਸਰਾਮ ਚਿੰਨ੍ਹ,
"ਚਲ ਮੇਰੇ ਕਦਮਾਂ ਤੇ" ਇਹ ਨਾਅਰਾ ਲਗਾਵੇ ਪ੍ਰਸ਼ਨ ਚਿੰਨ੍ਹ।

ਹੁਣ ਬੁਝਾਰਤ ਦੇ ਬਿਨਾ ਖ਼ਤ ਵਿਚ ਉਹ ਕੁਝ ਲਿਖਦਾ ਨਹੀਂ,
"ਹਾਲ ਕੀ ਹੈ?" ਲਿਖਣ ਦੀ ਥਾਂ ਸਿਰਫ਼ ਪਾਵੇ ਪ੍ਰਸ਼ਨ ਚਿੰਨ੍ਹ।

ਓਸਦੇ ਮਨ ਦੀ ਦਸ਼ਾ ਨੂੰ ਜਾਨਣਾ ਸੰਭਵ ਨਹੀਂ,
ਰੇਤ ਦੇ ਉੱਤੇ ਜੋ ਵਾਹਵੇ ਤੇ ਮਿਟਾਵੇ ਪ੍ਰਸ਼ਨ ਚਿੰਨ੍ਹ।

### ਚਾਰ

ਰਾਤ ਬਣਕੇ ਹੀ ਸਹੀ ਤੂੰ ਘਰ ਮੇਰੇ ਆ ਕਦੀ।
ਲਿਖ ਦਿਆਂ ਮੈਂ ਨਾਮ ਤੇਰੇ ਉਮਰ ਭਰ ਦੀ ਰੌਸ਼ਨੀ।

ਮੇਰੀ ਚੁੱਪ ਦੀ ਪੋਟਲੀ ਅੱਜ ਖੁੱਲ੍ਹ ਗਈ ਇੰਝ ਚਾਨਚਕ,
ਜਦ ਮਿਸਿਜ਼ ਨੂੰ ਤੇਰੀ ਫੋਟੋ ਡਾਇਰੀ 'ਚੋਂ ਮਿਲ ਗਈ।

ਹਾਦਿਸੇ ਜੋ ਛਡ ਗਏ ਤਾਰੀਖ਼ ਦੇ ਚਿਹਰੇ 'ਤੇ ਦਾਗ਼
ਮਿਟ ਨਹੀਂ ਸਕਣੇ ਇਹ ਭਾਵੇਂ ਲੱਖ ਕਰਾਵੋ ਸਰਜਰੀ।

ਇਸ 'ਚ ਹਨ ਫੁੱਲਾਂ ਫਲਾਂ ਦੇ ਪੌਦੇ ਪਰ ਇਸਦੇ ਨਹੀਂ,
ਕਿਰਤੀ ਦੇ ਵਰਗੀ ਹੀ ਕਿਸਮਤ ਰੱਖਦੀ ਹੈ ਨਰਸਰੀ।

ਖਿੜਦਿਆਂ ਹੀ ਪੱਤੀ ਪੱਤੀ ਕਰਕੇ ਝਾੜੇ ਏਸ ਨੇ,
ਮਨਚਲੀ ਪਤਝੜ ਨੇ ਫੁੱਲਾਂ ਦੀ ਚਲਾਈ ਫੁਲਝੜੀ।

ਉਡ ਗਏ ਹਾਸੇ ਦਿਲਾਂ 'ਚੋਂ ਨਾ ਰਹੀ ਉਹ ਦਿਲ ਲਗੀ,
ਕੀ ਕਰੇ ਸ਼ੌਕਤ ਮਰਾਸੀ ਹੁਣ ਕਿਸੇ ਨੂੰ ਮਸ਼ਕਰੀ।

ਉਸ ਦੀ ਕੁੱਲੀ ਦੇ ਤਾਂ ਕਖ ਤੀਕਰ ਵੀ ਗਹਿਣੇ ਪੈ ਗਏ,
ਮਾਪਿਆਂ ਨੇ ਨਾਮ ਜਿਸ ਦਾ ਰੱਖਿਆ ਸੀ 'ਦੌਲਤੀ।'

## ਪੰਜ

ਤੀਲਿਆਂ ਦੇ, ਰੋੜਿਆਂ ਦੇ, ਸ਼ੀਸ਼ਿਆਂ ਦੇ ਆਲ੍ਹਣੇ।
ਏਸ ਜੰਗਲ ਵਿਚ ਨੇ ਕਿੰਨੀ ਤਰ੍ਹਾਂ ਦੇ ਆਲ੍ਹਣੇ।

ਸ਼ਿਕਰਿਆਂ ਦੇ ਰਾਜ ਵਿਚ ਟੁੱਟੇ ਨੇ ਟੁਟਦੇ ਰਹਿਣਗੇ,
ਅਮਨ ਦੀ ਸੁੱਖ ਮੰਗ ਰਹੀਆਂ ਘੁੱਗੀਆਂ ਦੇ ਆਲ੍ਹਣੇ।

ਫੇਰ ਵੀ ਸੂਰਜ ਬਿਨਾ ਏਨ੍ਹਾ 'ਚ ਰਹਿਣਾ ਹੈ ਹਨ੍ਹੇਰ,
ਲੱਖ ਬਣਾ ਭਾਵੇਂ ਤੂੰ ਚੰਨਾ ਤਾਰਿਆਂ ਦੇ ਆਲ੍ਹਣੇ।

ਸ਼ੀਸ਼ਿਆਂ ਦੇ ਮਹਿਲ ਵਿਚ ਸਾਨੂੰ ਨਾ ਆਈ ਨੀਂਦ ਜਦ,
ਫਿਰ ਬੜਾ ਹੀ ਯਾਦ ਆਏ ਤੀਲਿਆਂ ਦੇ ਆਲ੍ਹਣੇ।

ਉਹ ਕਹਾਣੀ ਫੇਰ ਦੁਹਰਾਈ ਗਈ ਮੇਰੇ ਗਰਾਂ,
ਬਾਂਦਰਾਂ ਨੇ ਤੋੜ ਸੁੱਟੇ ਬਿਜੜਿਆਂ ਦੇ ਆਲ੍ਹਣੇ।

## ਛੇ

(ਕਿਸੇ ਵੀ ਦਫ਼ਤਰ ਦੇ ਨਾਂ)

ਜ਼ਰਾ ਦਫ਼ਤਰ ਨੂੰ ਭੁਲ ਜਾਈਏ, ਕੋਈ ਰੰਗਾਂ ਦੀ ਗੱਲ ਕਰੀਏ।
ਰਸੈਸ ਦਾ ਵਕਤ ਹੈ ਫ਼ਾਈਲਾਂ ਦੀ ਥਾਂ ਫੁੱਲਾਂ ਦੀ ਗੱਲ ਕਰੀਏ।

ਸਟੈਨੋ ਤੇ ਸੋਲੰਕੀ ਇਕ ਹੀ ਰੰਗ ਕਿਉਂ ਪਹਿਨਦੇ ਅੱਜਕਲ੍ਹ?
ਇਰਾਦਨ ਹੈ ਜਾ ਇਤਫ਼ਾਕਨ ਇਨ੍ਹਾਂ ਭੇਦਾਂ ਦੀ ਗੱਲ ਕਰੀਏ।

ਪਤੀ ਅਪਣੇ ਨੂੰ ਤੂੰ ਕੋਸੇਂ ਕਰਾਂ ਨਿੰਦਾ ਮੈਂ ਪਤਨੀ ਦੀ,
ਬੜਾ ਦਿਲ ਚਾਹ ਰਿਹਾ ਮੇਰਾ ਕੋਈ ਏਦਾਂ ਦੀ ਗੱਲ ਕਰੀਏ।

ਮਿਸਿਜ਼ ਗੁਪਤਾ ਨੂੰ ਕਹਿੰਦੇ ਡੋਗਰੇ ਨੇ ਲਿਫ਼ਟ ਦਿੱਤੀ ਸੀ,
ਤੇ ਫਿਰ ਬਣੀਆਂ ਨੇ ਜੋ ਖੰਭਾਂ ਦੀਆਂ ਡਾਰਾਂ ਦੀ ਗੱਲ ਕਰੀਏ।

ਚਲੋ ਕੈਫ਼ੇ 'ਚ ਚਲਕੇ ਘੋਲੀਏ ਟੈਨਸ਼ਨ ਨੂੰ ਕੌਫ਼ੀ ਵਿਚ,
ਜ਼ਰਾ ਸੰਗੀਤ ਸੁਣਦੇ ਹਾਂ ਘੜੀ ਫ਼ਿਲਮਾਂ ਦੀ ਗੱਲ ਕਰੀਏ।

ਜੋ ਹੈਡ ਆਫ਼ਿਸ ਤੇ ਪੱਖੇ ਨਾਲ ਵਜ ਕੇ ਜ਼ਖ਼ਮ ਖਾ ਚੁੱਕੀਆਂ,
ਮਿਲੇ ਜੇ ਵਿਹਲ ਭੋਰਾ ਤਾਂ ਉਨ੍ਹਾਂ ਚਿੜੀਆਂ ਦੀ ਗੱਲ ਕਰੀਏ।

ਤੇਰੇ ਜੀਵਨ ਦੀ ਡੋਰ ਏਨ੍ਹਾਂ 'ਚ ਉਲਝੀ ਤਾਂ ਨਹੀਂ ਕਿਧਰੇ?
ਤਦੇ ਆਖੇ ਨਾ ਸਿਲਵਰ ਓਕ ਦੇ ਰੁੱਖਾਂ ਦੀ ਗੱਲ ਕਰੀਏ।



## ਸੱਤ

ਬਲਦਾ ਜੰਗਲ, ਝੁਲਸੇ ਪੰਛੀ, ਧੂੰਆਂਧਾਰ ਹੈ ਅੰਬਰ।
ਖ਼ੂਨੀ ਘਟਨਾਵਾਂ ਨੇ ਕੀਤਾ ਲਹੂ-ਲੁਹਾਣ ਕਲੰਡਰ।

ਸੂਰਜ-ਬਰਖਾ 'ਤੇ ਹੀ ਕੇਵਲ ਹੋਂਦ ਜਿਦ੍ਹੀ ਹੈ ਨਿਰਭਰ,
ਉਸ ਸਤਰੰਗੀ ਪੀਂਘ 'ਤੋਂ ਆਪਣਾ ਇਕ ਹੀ ਰੰਗ ਹੈ ਬਿਹਤਰ।

ਜੀਵਨ ਦੀ ਪਿਕਚਰ ਨੇ ਹੋਣਾ ਸੀ ਹਰ ਹਾਲ ਦੁਖਾਂਤਕ,
ਜਦ ਨਾਇਕ ਦੇ ਭੇਸ 'ਚ ਫਿਰਦੇ ਸੀ ਖਲਨਾਇਕ ਪਾਤਰ।

ਨਕਲੀ ਰੌਸ਼ਨੀਆਂ ਦੇ ਨ੍ਹੇਰੇ ਵਿਚ ਰਾਹ ਭੁਲ ਗਿਆ ਹੋਣਾ,
ਸ਼ਹਿਰ ਗਿਆ ਨਾ ਵਾਪਸ ਮੁੜਿਆ ਲੰਮੇ ਕਿਆਂ ਦਾ ਜਾਗਰ।

ਪਹਿਲੀ ਝਲ ਮੈਨੂੰ ਹੀ ਲੱਗੇ ਹਰ ਇਕ ਰੁੱਖ ਇਹ ਚਾਹੇ,
ਪੌਣਾਂ ਦੀ ਪੱਖੀ ਨੂੰ ਲਗਦੀ ਜਦ ਮਹਿਕਾਂ ਦੀ ਝਾਲਰ।

ਹਿੱਕ ਦੇ ਜ਼ੋਰ 'ਤੇ ਕਿੰਨਾ ਚੀਕਰ ਖੜ ਸਕਦਾਂ ਸੀ ਪਰਬਤ,
ਸਾਗਰ ਨਾਲ ਮਿਲੇ ਸਨ ਜਦ ਉਸਦੇ ਪੈਰਾਂ ਦੇ ਪੱਥਰ।

ਉਗਣਾ ਹੈ ਇਕ ਰੁੱਖ ਉਸ ਥਾਂ ਜੋ ਤੇਰਾ ਬਾਲਣ ਬਣਨਾ,
ਜਿਸ ਥਾਂ ਦੱਬ ਆਇਆ ਏਂ ਸਾਡੇ ਖ਼ੂਨ 'ਚ ਰੰਗੇ ਬਸਤਰ।

## ਅੱਠ

ਉਹ ਵੀ ਦਿਨ ਸਨ ਸਾਰੇ ਪਿੰਡ ਦਾ ਸੀ ਇਕ ਸਾਂਝਾ ਬੂਹਾ।
ਪਰ ਅਜਕਲ੍ਹ ਹੈ ਹਰ ਇਕ ਘਰ ਦਾ ਆਪਣਾ ਆਪਣਾ ਬੂਹਾ।

ਇਸ ਘਰ ਦੇ ਵਾਸੀ ਨੇ ਫਿੱਕੇ, ਕੋਰੇ ਤੇ ਨਿਰਮੋਹੇ,
ਵੱਖਰੀ ਗੱਲ ਹੈ ਕਿ ਘਰ ਦਾ ਹੈ ਰੰਗ ਬਰੰਗਾ ਬੂਹਾ।

ਰੱਬ ਦੇ ਘਰ ਦੇ ਪਿਛਲੇ ਪਾਸੇ ਵੀ ਹੁੰਦਾ ਏ ਹੁਣ ਤਾਂ,
ਪਹਿਲਾਂ ਤਾਂ ਹੋਟਲ ਵਿਚ ਹੀ ਹੁੰਦਾ ਸੀ ਪਿਛਲਾ ਬੂਹਾ।

ਮਹਿਮਾਨਾਂ ਤੋਂ ਡਰਕੇ ਮੈਂ ਕੀ ਕੁੰਡਾ ਜਿੰਦਾ ਲਾਉਣਾ,
ਜਦ ਕਿ ਬੇਤਖ਼ਤੇ ਹੈ ਮੇਰੇ ਕਮਰੇ ਹੀ ਦਾ ਬੂਹਾ।

ਸ਼ੇਰ ਮੁਖੇ ਤੇ ਸੱਪਾਂ ਵਰਗੇ ਲੋਕ ਉਦ੍ਹੋ ਵਿਚ ਵਸਦੇ,
ਜਿਹੜੇ ਗਊ ਮੁਖੇ ਘਰ ਦਾ ਹੈ ਮੋਰਾਂ ਵਾਲਾ ਬੂਹਾ।

ਊਠਾਂ ਵਾਲੇ ਯਾਰ ਬਣਾਏ ਨੇ ਕਾਹਤੋਂ ਤੰਗ-ਦਿਲਿਆ,
ਰੱਖਣਾ ਸੀ ਜੇ ਆਪਣੇ ਘਰ ਦਾ ਏਨਾ ਮਧਰਾ ਬੂਹਾ।

ਗਲੀਆਂ ਦੇ ਵਿਚ ਪੱਥਰ ਚੁੱਕੀ ਲੋਕ ਤੁਰੇ ਫਿਰਦੇ ਨੇ,
ਭੁਲਕੇ ਵੀ ਨਾ ਲਾਵੀਂ ਘਰ ਨੂੰ ਸ਼ੀਸ਼ ਵਾਲਾ ਬੂਹਾ।

ਨੌਂ

ਫੁਟ ਫੁਟ ਰੋਂਦੀਆਂ ਛਾਵਾਂ ਸੰਗਲ ਸੋਹਲ ਦੀਆਂ।
ਜਦ ਕੋਈ ਛਾਂਗੇ ਡੇਕਾਂ ਸੰਗਲ ਸੋਹਲ ਦੀਆਂ।

ਇਸ਼ਕ ਸਤਾਈਆਂ ਹੋ ਜਾਵਣ ਬੇਬਹਿਰ ਕਈ,
ਜੋਬਨ ਮਤੀਆਂ ਗ਼ਜ਼ਲਾਂ ਸੰਗਲ ਸੋਹਲ ਦੀਆਂ।

ਏਥੋਂ ਦੇ ਲੋਕੀਂ ਕੰਡਿਆਲੇ ਹੋਏ ਨੇ,
ਬੇਕੰਡੇ ਨੇ ਬੇਰਾਂ ਸੰਗਲ ਸ਼ੋਹਲ ਦੀਆਂ।

ਭੂਤਾਂ, ਮੜ੍ਹੀਆਂ, ਸਾਧਾਂ ਅਤੇ ਸਮਾਧਾਂ ਨੇ,
ਮਲੀਆਂ ਚਾਰ ਦਿਸ਼ਾਵਾਂ ਸੰਗਲ ਸੋਹਲ ਦੀਆਂ।

ਧੁੱਪ ਸੇਕੀ ਸੀ ਜਿਹਨਾਂ ਹੇਠ ਮੁਹੱਬਤ ਦੀ,
ਕਿੰਝ ਭੁਲਾਂ ਉਹ ਛਾਵਾਂ ਸੰਗਲ ਸੋਹਲ ਦੀਆਂ।

ਇਛਰਾਂ ਤੇ ਮਰੀਅਮ ਦੀ ਮਮਤਾ ਵਰਗੀਆਂ ਨੇ,
ਭੋਲੀਆਂ ਭਾਲੀਆਂ ਮਾਵਾਂ ਸੰਗਲ ਸੋਹਲ ਦੀਆਂ।

ਏਥੋਂ ਦੇ ਲੋਕਾਂ 'ਤੇ ਰੰਗਤ ਕੀ ਆਵੇ,
ਖ਼ੂਨ ਚੁਸੇਂਦੀਆਂ ਜੋਕਾਂ ਸੰਗਲ ਸੋਹਲ ਦੀਆਂ।

ਖੰਭ ਗੁਲਾਬੀ ਲਾਕੇ ਪੰਛੀ ਉਡਿਐ ਜੋ,
ਲੈ ਗਿਆ ਨਾਲ ਬਹਾਰਾਂ ਸੰਗਲ ਸੋਹਲ ਦੀਆਂ।

ਬੋਦੀ ਵਾਲਾ ਤਾਰਾ ਅੱਜਕਲ੍ਹ ਚੜ੍ਹਦਾ ਹੈ,
ਰੱਬ ਰੱਖੇ ਹੁਣ ਖ਼ੈਰਾਂ ਸੰਗਲ ਸੋਹਲ ਦੀਆਂ।

ਰੋਜ਼ ਸੁਰਿੰਦਰ ਸੋਹਲ ਕਟਦੇ ਸੂਲਾਂ 'ਤੇ,
ਤਨਹਾ ਕਾਲੀਆਂ ਰਾਤਾਂ ਸੰਗਲ ਸੋਹਲ ਦੀਆਂ।

ਪਿੰਡ+ਡਾ: ਸੰਗਲ ਸੋਹਲ, ਜਲੰਧਰ—144002

---


## ਚਿਰਾਗ਼ ਪ੍ਰਕਾਸ਼ਨ ਦੀਆਂ ਪੁਸਤਕਾਂ

1. ਜੰਗਨਾਮਾਂ ਪੰਜਾਬ— ਹਰਭਜਨ ਸਿੰਘ ਹੁੰਦਲ, ਮੁੱਲ 50/-
2. ਮਾਰਕਸਵਾਦੀ ਸਾਹਿਤ ਸਿਧਾਂਤ—ਸੰਪਾਦਕ ਹਰਭਜਨ ਸਿੰਘ ਹੁੰਦਲ, ਮੁੱਲ 100/-
3. ਹੋਅ-ਚੀ-ਮਿੰਨ—ਲੇਖਕ ਸੂਫ਼ੀ ਅਮਰਜੀਤ, ਮੁੱਲ ਪੇਪਰ ਬੈਕ 50/-, ਸੁਜਿਲਦ 100/-
4. ਨਾਜ਼ਿਮ ਹਿਕਮਤ : ਕਵੀ ਤੇ ਕਵਿਤਾਵਾਂ, ਮੁੱਲ ਪੇਪਰ ਬੈਕ 15/-

ਮਿਲਣ ਦਾ ਪਤਾ : ਹਰਭਜਨ ਸਿੰਘ ਹੁੰਦਲ
ਪਿੰਡ ਫੱਤੂ ਚੱਕ, ਡਾਕਖਾਨਾ ਢਿੱਲਵਾਂ (ਕਪੂਰਥਲਾ)






## 1. ਇਹ ਹਮਾਰਾ ਜੀਵਣਾ/ਮੇਜਰ ਪਿਆਰਾ ਸਿੰਘ

ਚਿੱਪਰ ਚਿੱਪਰ ਹੋ ਕਿਰ ਜਾਣਾ
ਕਣ ਕਣ ਚੁਣ ਕੇ ਆਪਾ ਚਿਣਨਾ
ਚਿਣਦੇ ਰਹਿਣਾ
ਚਿਣਦੇ ਰਹਿਣਾ

ਆਪ ਉਸਰਨਾ
ਆਪੇ ਢਹਿਣਾ

ਕਦਮ ਕਦਮ ਹੋ ਪੈਂਡਾ, ਮੁਕਣਾ
ਰਸਤੇ ਰਸਤੇ ਧੂੜ 'ਚ ਡੁੱਲ੍ਹਣਾ
ਮੋੜ ਮੋੜ, ਮੰਜ਼ਿਲ ਹੋ ਬਹਿਣਾ
ਮੰਜ਼ਿਲ ਮੰਜ਼ਿਲ ਸਫ਼ਰ ਹੋ ਰਹਿਣਾ
ਪੱਤਾ ਪੱਤਾ ਹੈ, ਝੜ ਜਾਣਾ
ਕਲੀ ਕਲੀ ਹੈ, ਖਿੜਨਾ ਖੁੱਲ੍ਹਣਾ

ਮੌਤ ਮੌਤ, ਕੋਈ ਸੱਜਰੀ ਧੜਕਣ
ਜੀਵਨ ਦੇ ਪਲ, ਮੌਤ ਦੀ ਡੁਸਕਣ
ਅੱਖ ਦਾ ਚਾਨਣ, ਬੁੱਲ੍ਹੀਂ ਮੁਸਕਣ
ਰਸ-ਰੰਗਾਂ ਦੀ ਖੇਡ ਨਿਰੰਤਰ
ਖੇਡ ਖੇਡ, ਬੱਸ, ਜੀਵਨ-ਮੰਤਰ
ਰੰਗ ਰੰਗ ਰੋਵਾਂ
ਰਸ ਰਸ ਚੋਵਾਂ

ਮੋਏ ਕੱਲ੍ਹ ਦੇ ਮਾਤਮ ਖ਼ਾਤਰ
ਫ਼ਿਕਰ ਕੱਲ੍ਹ ਦਾ
ਅੱਜ ਨੂੰ ਫੂਹੜੀ ਕਿਉਂ ਬਣਾਵੇ
ਕੱਲ੍ਹ ਜੋ ਮੋਇਆ
ਨਸ਼ਟ ਨਾ ਹੋਇਆ
ਨਵੇਂ ਵੇਸ ਵਿਚ, ਸਜਰੇ ਰੂਪ 'ਚ
ਹੱਸਦਾ ਹੱਸਦਾ ਤੁਰਿਆ ਆਵੇ। ○

## 2. ਵਿਰੋਧਾਭਾਸ

ਟੇਢ੍ਹੇ-ਮੇਢੇ ਸਮੇਂ ਦੀ ਅਸੀਮਤਾ ਦੇ
ਵਿੰਗ-ਤੜਿੰਗੇ ਰਾਹ ਉੱਤੇ
ਵਲਵਲੇਵੇਂਦਾਰ ਤਾਰਾ-ਮੰਡਲਾਂ ਵਿਚ
ਟੇਢੀ ਚਾਲ ਤੁਰ ਰਹੀ ਇਸ ਧਰਤ ਉੱਤੇ
ਮੈਨੂੰ ਸਿੱਧੇ ਤੁਰਨ ਦਾ ਇਹ ਸਰਾਪ ਕਿਉਂ ?

ਸੀਤ ਅੱਖਾਂ, ਸੀਤ ਨਜ਼ਰਾਂ
ਸੀਤ ਚਿਹਰੇ, ਸੀਤ ਸਾਹ
ਸੀਤ ਹੱਥਘੁਟਵੀ ਤੇ ਠੰਡੇ ਗੀਤ ਬੋਲ
ਬਰਫ਼ ਵਾਂਙ ਜੰਮੀ ਹੋਈ ਮੁਸਕੜੀ
ਮੈਂ ਇਹ ਪੁੱਛਾਂ
—ਮੇਰੇ ਅੰਦਰ
ਮੇਰੇ ਪਿੰਡੇ
ਪੰਜ-ਭੱਠ ਇਹ ਤਾਪ ਕਿਉਂ ?

ਪਾਣੀ ਪੱਥਰ, ਪੌਣ ਪੱਥਰ
ਰੰਗ ਪੱਥਰ, ਮਹਿਕ ਪੱਥਰ
ਪੱਥਰ ਹੋਏ ਬਿਰਖ ਤੇ
ਪਥਰਾਏ ਹੋਏ ਪੰਛੀਆਂ ਦੀ
ਚਹਿਕ ਪੱਥਰ
ਫਿਰ ਵੀ ਮੇਰੀ ਹਿੱਕ ਅੰਦਰ
ਸੁਰਸਰਾਈ ਜਾ ਰਿਹਾ ਇਹਸਾਸ ਕਿਉਂ ?

ਚਹੁੰ ਕੂਟੀਂ ਪਸਰੇ ਹੋਏ
ਘੋਰ ਇਕਲਾਪੇ ਦੀ ਸੁੰਞ ਵਿਚ
ਕਿਸੇ ਨਿੱਘੇ ਸਾਥਸੰਗ ਦਾ
ਭਟਕਦਾ ਵਿਸ਼ਵਾਸ ਕਿਉਂ ?
ਕੋਈ ਦੱਸੇ

—ਮੈਂ ਤੇ ਮੇਰੀ ਹੋਂਦ ਵਿਚ
ਇਹ ਵਿਰੋਧਾਭਾਸ ਕਿਉਂ ?

ਕਲਾ ਨਿਕੇਤਨ, ਕੰਡਾਲਾ
ਡਾਕਖਾਨਾ ਧਰਮਗੜ੍ਹ (ਰੋਪੜ)





## 1. ਸ਼ਹੀਦ ਦੀ ਵਾਪਸੀ

ਉਹ ਕਿਤੇ ਵੀ ਨਹੀਂ ਗਿਆ
ਉਂਝ ਭਾਵੇਂ ਚਲਾ ਗਿਆ ਹੈ
ਪਰ ਤੁਸੀਂ ਨਾ ਆਖੋ ।
...ਕਿ ਉਹ ਚਲਾ ਗਿਆ ਹੈ ।
ਜਾਂਦੇ ਤਾਂ ਉਹ ਨੇ
ਜੋ ਆਉਂਦੇ ਨੇ
ਉਹ ਨਾ ਆਇਆ ਸੀ ਤੇ ਨਾ ਹੀ ਗਿਆ ।
ਬ੍ਰਹਿਮੰਡ ਸੀ ਉਹ
ਧਰਤੀ ਜਿਸ ਨੂੰ ਸਜਦਾ ਕਰਦੀ ।

ਉਹ ਧਰਤੀ ਦਾ ਉਹ ਹਿੱਸਾ ਸੀ
ਜਿਥੇ ਯੁੱਧ ਦੀ ਫਸਲ ਉਗਦੀ ਹੈ
ਉਸ ਨੂੰ ਇਕ ਵੀ ਅੱਥਰੂ ਅਰਪਿਤ ਨਾ ਕਰਨਾ
ਅੱਥਰੂ... ... ...
ਮਿੱਟੀ ਕਮਜ਼ੋਰ ਕਰਦੇ ਨੇ ਬੰਦੇ ਦੀ
ਸਗੋਂ ਉਸ ਦੀ ਸੋਚ 'ਤੇ ਅੱਗ ਰੱਖੋ
ਅੱਗ... ... ...
ਜੋ ਉਸ ਦੀਆਂ ਅੱਖਾਂ 'ਚੋਂ ਸੀ ਵਰ੍ਹਦੀ
ਅੱਗ... ... ...
ਜੋ ਉਸ ਦੀਆਂ ਰਗਾਂ 'ਚ ਸੀ ਬਲਦੀ

ਮੈਂ ਸਮੁੰਦਰ ਨੂੰ ਆਖਦਾ ਹਾਂ
ਕਿ ਤੂੰ ਏਨੀ ਜ਼ੋਰ ਦੀ ਝੱਖੜ ਲਿਆ
ਤੇ ਕ੍ਰੋਧ 'ਚ ਆਖ
ਕਿ "ਮੈਂ ਹਾਂ ਸ਼ਹੀਦ"
ਮੈਂ ਪਰਬਤ ਨੂੰ ਆਖਦਾ ਹਾਂ
ਕਿ ਉਹ ਸਾਰੇ ਰਾਹ ਰੋਕ ਲੈ
ਜਿਥੋਂ ਲੰਘਦੇ ਨੇ ਭਾਰੇ ਭਾਰੇ ਬੂਟ
ਤੇ ਤੋੜਦੇ ਨੇ ਤੜਕ ਸਾਰ ਦੇ ਸੁਪਨੇ
ਤੂੰ ਢਾਲ ਬਣ ਕੇ ਆਖ

ਕਿ "ਮੈਂ ਹਾਂ ਸ਼ਹੀਦ"
ਮੈਂ ਹਵਾ ਨੂੰ ਆਖਦਾ ਹਾਂ
ਕਿ ਉਸ ਦੀ ਅਵਾਜ਼ 'ਚ ਏਨੀ ਜੋਰ ਦੀ ਚੀਖ
ਕਿ ਛਿੜ ਪਵੇ ਦੁਸ਼ਮਣ ਨੂੰ ਕੰਬਣੀ।
ਬਿਜਲੀਆਂ ਨੂੰ ਸੰਗਲ ਪਾ ਕੇ ਕੌਣ ਸ਼ਾਂਤ ਕਰ ਸਕਦਾ ਹੈ ?
ਬ੍ਰਹਿਮੰਡ 'ਚ ਫੈਲੀ
"ਅਸੀਂ ਲੜਾਂਗੇ, ਸਾਥੀ ਦੀ ਅਵਾਜ਼' ।
ਕੌਣ ਕਤਲ ਕਰੇਗਾ ਭਲਾ ?
ਸਰਕਾਰੀ ਖ਼ਬਰਾਂ ਦੇ ਬੁਲਟਿਨ ਨਾਲ ਕੋਈ ਮਰ ਨਹੀਂ ਜਾਂਦਾ

ਕੰਧ ਨਾਲ ਟੰਗੀ ਉਸ ਦੀ ਤਸਵੀਰ ਆਖਦੀ ਹੈ,
ਮੈਂ ਲੜਿਆ ਹਾਂ।
...ਤੇ ਯੁੱਧ ਦੇ ਉਸ ਪਾਰ ਚਲਾ ਗਿਆ ਹਾਂ
ਤੇ ਲੜ ਰਿਹਾ ਹਾਂ
ਤੁਸੀਂ ਵੀ ਲੜਨਾ
ਤਦ ਤੱਕ
ਜਦ ਤੱਕ
ਯੁੱਧ ਦੇ ਅਰਥ ਤੁਹਾਡੇ ਬੱਚਿਆਂ ਤੱਕ ਨਹੀਂ ਪਹੁੰਚ ਜਾਂਦੇ।

## 2. ਅਸੀਂ ਤੁਹਾਨੂੰ ਯਾਦ ਕਰਦੇ ਹਾਂ

ਪਾਰੋਂ ਆਏ ਮੇਰੇ ਮਿੱਤਰ ! ਖੁਸ਼ ਆਮਦੀਦ !
ਤੂੰ ਵਰ੍ਹਿਆਂ ਬਾਦ ਮੇਰੇ ਵਤਨ ਆਇਆ ਏਂ
ਆਪਣੇ ਪੁਰਖਿਆਂ ਦੀ ਮਿੱਟੀ ਦੀ ਯਾਦ
ਆਪਣੇ ਮਨ ਦੀ ਆਰਟ ਗੈਲਰੀ 'ਚ ਲੈ ਕੇ
ਮੈਂ ਸਾਰੀ ਕਾਇਨਾਤ ਦੇ
ਰੰਗਾਂ ਸਮੇਤ ਤੇਰੇ ਸਨਮੁੱਖ ਹਾਂ
ਇਹ ਤੇਰੇ ਤੇ ਮੇਰੇ ਵਤਨ ਦੇ ਸਾਂਝੇ ਰੰਗ ਨੇ
ਸਗੋਂ ਤੇਰੇ ਆਂਪਣੇ ਹੀ ਵਤਨ ਦੇ ਰੰਗ ਨੇ

ਆ
ਤੇਰੇ ਤੇ ਮੇਰੇ ਜਿੰਨੇ ਵੀ ਪਲ ਨੇ
ਇਨ੍ਹਾਂ ਪਲਾ 'ਚ ਆਪਾਂ ਖ਼ੁਦ ਵੀ ਰੰਗਾਂ ਜਿਹੇ ਹੋ ਜਾਈਏ

ਵਰ੍ਹੇ ਬੀਤ ਗਏ ਨੇ ਕੁਝ ਸਵਾਰਥੀ ਸੋਚਾਂ ਨੇ
ਧਰਤੀ ਦੀ ਛਾਤੀ ਨੂੰ ਦੋ ਹਿੱਸਿਆਂ 'ਚ ਵੰਡਿਆ



ਤਾਂ ਮਨੁੱਖਤਾ ਧਾਹਾਂ ਮਾਰ ਕੇ ਰੋਈ ਸੀ
ਦਰਿਆ ਵਿਲਕੇ ਸਨ
ਹਵਾ ਸਿਸਕੀ ਸੀ
ਤੇ ਨੇਜ਼ਿਆਂ 'ਤੇ ਟੰਗੇ ਗਏ ਸਨ ਤੋਤਲੇ ਹਾਸੇ

ਉਦੋਂ ਸਿਰਫ ਜਿਸਮ ਲੜੇ ਸਨ
ਆ ਸਾਂਝੇ ਵਗਦੇ ਪਾਣੀਆਂ 'ਚੋਂ ਚੂਲੀਆਂ ਭਰਕੇ
ਧਰਤੀ ਮਾਂ ਦੀ ਹਿੱਕ ਤੋਂ
ਖ਼ੂਨ ਦੇ ਧੱਬਿਆਂ ਨੂੰ ਧੋਣ ਦਾ ਯਤਨ ਕਰੀਏ

ਮੁਹੱਬਤ ਭਲਾ ਕੰਡਿਆਲੀਆਂ ਤਾਰਾਂ ਨਾਲ ਰੁਕੀ ਹੈ ਕਦੇ
ਸਾਡੇ ਸਾਹਾਂ ਦੀ ਮਹਿਕ ਜੋ ਹਵਾ 'ਚ ਰਲਦੀ ਹੈ
ਸਾਡੇ ਅਹਿਸਾਸ ਜੋ ਹਵਾ ਦੇ ਹੱਥ ਜਾਂਦੇ ਨੇ
ਕਿਹੜੀ 'ਸੀਮਾ' ਰੋਕੇਗੀ ਉਸ ਹਵਾ ਨੂੰ
ਮੇਰੇ ਮਿੱਤਰ !
ਤੇਰੇ ਆਉਣ 'ਤੇ
ਮੇਰੇ ਵਤਨ ਦੇ ਖੇਤ ਖੁਸ਼ ਨੇ
ਹਰੀਆਂ ਫਸਲਾਂ ਤੈਨੂੰ ਸਲਾਮ ਕਰਦੀਆਂ ਨੇ
ਫੁੱਲਾਂ ਦੀ ਕਿਆਰੀ ਨੇ
ਤੇਰੇ ਵੱਲ ਬਾਹਾਂ ਉਲਾਰੀਆਂ ਨੇ
ਸਭ ਕੁਝ ਭਰ ਲੈ ਤੂ ਆਪਣੇ ਕਲਾਵੇ 'ਚ
ਜੋ ਵਰ੍ਹਿਆਂ ਤੋਂ ਤੈਨੂੰ ਤਰਸ ਰਹੇ ਨੇ
ਵਰ੍ਹਿਆਂ ਤੋਂ ਜਿਸ ਲਈ ਤੂੰ ਤਰਸ ਰਿਹਾ ਏ

ਆ ਆਪਾਂ ਉਹ 'ਸੀਮਾ' ਮਸਲ ਦੇਈਏ
ਜਦੋਂ ਕਿ ਆਪਦੇ ਹਾਸੇ ਸਾਂਝੇ ਨੇ
ਆਪਦੇ ਦਰਦ ਸਾਂਝੇ ਨੇ
ਆਪਣੇ ਗਿੱਧੇ ਸਾਂਝੇ ਨੇ
ਆਪਣੇ ਭੰਗੜੇ ਸਾਂਝੇ ਨੇ
ਗਰੰਥ ਸਾਂਝੇ ਨੇ, ਪੀਰ ਸਾਂਝੇ ਨੇ
ਬੁਲ੍ਹੇ, ਨਾਨਕ, ਫਰੀਦ, ਸਰਮਦ ਸਾਂਝੇ ਨੇ
ਆ ਤੋੜ ਦੇਈਏ ਸਭ ਦੀਵਾਰਾਂ
ਜੋ ਆਪਣੀਆਂ ਗੱਲਵਕੜੀਆਂ ਰੋਕਦੀਆਂ ਨੇ
ਜਦ ਤੂੰ ਜਾਏਂਗਾ—
ਮੈਂ ਤੈਨੂੰ ਅਲਵਿਦਾ ਨਹੀਂ ਕਹਾਂਗਾ

ਤੂੰ ਫਿਰ ਆਈਂ
ਲੋਕਾਂ ਦਾ ਕਾਫਲਾ ਲੈ ਕੇ
ਮੈਂ ਵੀ ਆਵਾਂਗਾ ਕਾਫਲਾ ਲੈ ਕੇ
ਆਪਾਂ ਜ਼ਿੰਦਗੀ ਦੀ ਕਵਿਤਾ ਲਿਖਾਂਗੇ
ਨਿੱਘ ਦੀ ਕਵਿਤਾ ।

## 3. ਕਵੀ ਮਿੱਤਰ ਨਾਲ ਕੁਝ ਗੱਲਾਂ

ਅਸੀਂ ਜਦ ਵੀ ਮਿਲਿਆ ਕਰਾਂਗੇ
ਆਪਣੇ-ਆਪਣੇ ਫਲਸਫਿਆਂ ਸਮੇਤ
ਹਾਜ਼ਿਰ ਹੋਵਾਂਗੇ
ਭਾਵੇਂ ਕਿ ਗੱਲ ਤੂੰ ਵੀ ਕਰਾਂਤੀ ਦੀ ਹੀ ਕਰੇਂਗਾ
ਤੇ ਮੈਂ ਵੀ......
ਫਰਕ ਸਿਰਫ਼ ਏਨਾ ਹੈ
ਤੇਰੀਆਂ ਗੱਲਾਂ 'ਚ ਹੀ ਬੱਸ ਕਰਾਂਤੀ ਹੈ
ਤੇ ਮੈਂ ਇਸ ਬਾਰੇ ਸੋਚਦਾ ਹਾਂ...
ਤੂ ਕਿਸੇ 'ਕਥਾ ਵਾਚਕ' ਦੇ ਬੋਲਾਂ 'ਚ ਉਲਝ ਜਾਂਦਾ ਹੈ
ਤੇ ਮੈਂ ਰੋਟੀ ਦੇ ਟੁਕੜੇ ਲਈ ਰੋਂਦੇ ਬੱਚਿਆਂ ਦੀ ਗੱਲ ਕਰਨੀ ਹੈ

ਮਾਰਕਸ, ਲੈਨਿਨ ਜਾਂ ਮਾਓ ਦੀਆ ਤਸਵੀਰਾਂ
ਮਹਿਜ਼ ਕੰਧਾਂ 'ਤੇ ਲਾਉਣ ਨਾਲ ਹੀ
ਕਰਾਂਤੀ ਨਹੀਂ ਆਉਣੀ
ਤੜਾਗੀ ਨਾਲ ਬਝੇ ਸੰਸਕਾਰਾਂ ਦੇ ਘੁੰਗਰੂ ਵੀ ਲਾਹ ਕੇ ਸੁੱਟਣੇ ਪੈਣੇ ਨੇ
ਤੂੰ ਅੰਬਰ 'ਚ ਉੱਡਦੇ ਪਰਿੰਦਿਆਂ ਦੇ ਪਰ੍ਹਾਂ 'ਤੇ ਕਵਿਤਾ ਲਿਖਣੀ ਹੈ
ਤੇ ਮੈਂ ਸੜਕ 'ਤੇ ਪੈ ਰਹੇ ਲੁੱਕ 'ਚ ਭੁੱਜ ਰਹੇ ਪੈਰਾਂ 'ਤੇ
ਮਾਇਆ ਕੋਵਸਕੀ ਅਤੇ 'ਪੁਸ਼ਕਿਨ' ਦੀਆਂ ਕਿਤਾਬਾਂ ਦੇ
ਮੇਰੇ ਲਈ ਆਪਣੇ ਅਰਥ ਨੇ
ਜਿਵੇਂ ਪਲੇਅ ਬੁਆਏ ਦੇ
ਤੇਰੀ ਸ਼ੈਲਫ 'ਚ ਪਏ ਆਪਣੇ ਅਰਥ ਨੇ—
ਤੂੰ ਆਪਣੇ ਪੂਰੇ ਜੋਸ਼ ਨਾਲ
ਸੋਵੀਅਤ ਲੋਕਾਂ ਦੀ ਨਿੰਦਿਆਂ ਕਰੇਗਾ
ਤੇ ਮੈਂ ਆਪਣੇ ਪਿਆਰੇ ਸੋਵੀਅਤ ਦੇ ਦੁੱਖ ਦੀ ਗੱਲ ਕਰਨੀ ਹੈ
...ਤੇ ਫਿਰ ਤੋਂ ਮੌਲਵੀਆਂ, ਪਾਦਰੀਆਂ ਦੀ



ਕਾਲੀ ਸੋਚ ਤੋਂ ਨਕਾਬ ਲਾਹੁਣੇ ਨੇ
ਮੈਂ ਉਡੀਕ ਕਰਨੀ ਹੈ ਉਸ ਦਿਨ ਦੀ
ਜਦ ਸੋਵੀਅਤ ਦੇ ਖ਼ੂਬਸੂਰਤ ਲੋਕ
ਆਪਣੇ ਝੰਡੇ ਨੂੰ ਉਨ੍ਹਾਂ ਲਲਾਰੀਆਂ ਹੱਥੋਂ ਖੋਹ ਲੈਣਗੇ
ਜੋ ਸਿਰਫ ਰੰਗਾਂ ਦੇ ਵਪਾਰੀ ਨੇ
ਰੰਗਾਂ ਦੇ ਹਮਾਇਤੀ ਨਹੀਂ
ਮੇਰੇ ਮਿੱਤਰ ਕਵੀ—
ਕਵਿਤਾ ਤੂੰ ਵੀ ਲਿਖਣੀ ਹੈ
ਤੇ ਮੈਂ ਵੀ......
ਤੂੰ ਕਿਸੇ ਸਾਵਣ ਕਵੀ ਦਰਬਾਰ ਲਈ ਫਿਕਰੇ ਘੜ ਰਿਹਾ ਹੋਵੇਗਾ
—ਤੇ ਮੈਂ ਸਤਾ ਦੇ ਪਿੱਛੇ
ਹਿਲਦੀਆਂ ਗਜ਼-ਗਜ਼ ਲੰਮੀਆਂ ਪੂਛਾਂ ਦੀ ਗੱਲ ਕਰਾਂਗਾ
ਤੂੰ ਸਵਰਗ ਤੇ ਸਤਰੰਗੀਆਂ ਪੀਘਾਂ ਬਾਰੇ ਸੋਚੇਗਾ
ਤੇ ਮੈਂ ਸੁਪਨੇ ਤੋਂ ਬਾਅਦ ਸੋਚਾਂਗਾ
...ਤੇ ਧਰਤੀ ਪੁੱਤਰ ਬਣਾਂਗਾ
ਉਂਜ ਅਸੀਂ ਜਦ ਵੀ ਮਿਲਿਆ ਕਰਾਂਗੇ
ਆਪਣੇ-ਆਪਣੇ ਫਲਸਫਿਆਂ ਸਮੇਤ ਹਾਜ਼ਿਰ ਹੋਵਾਂਗੇ

★ ★

## ਹੱਥ

ਮੈਂ ਆਪਣਾ ਇੱਕ ਹੱਥ
ਸਾਰੀ ਦੁਨੀਆਂ ਵੱਲ ਵਧਾਇਆ ਏ
ਤੇ ਦੂਜਾ ਹੱਥ
ਆਪਣੇ ਲੋਕਾਂ ਵੱਲ ਕਰਦਾ ਹਾਂ
ਕਿ ਉਹ ਏਸ ਹੱਥ ਨੂੰ ਫੜ ਕੇ
ਸਾਰੀ ਦੁਨੀਆਂ ਦੀ, ਲੋਕਾਈ ਨਾਲ
ਹੱਥ ਮਿਲਾਵਣ
ਤੇ ਇਕ ਦੂਜੇ ਦੇ ਦਿਲ ਦੀਆਂ
ਧੜਕਣਾਂ ਗਿਣ ਲੈਣ ।

—ਪਾਬਲੋ ਨੇਰੂਦਾ

## ਕਵਿਤਾ ਨੂੰ ਵਾਪਸ ਲਿਆਉ/ਸਵਰਨ ਚੰਦਨ

ਜੇ ਦੇਸ਼ ਨੂੰ ਬਚਾਉਣਾ ਹੈ
ਤਾ ਕਵਿਤਾ ਨੂੰ ਵਾਪਸ ਲਿਆਉ
ਵਾਪਸ ਲਿਆਉ ਕਵਿਤਾ ਨੂੰ
ਤਾਂਕਿ ਉਹ ਸ਼ਬਦਾਂ ਨੂੰ ਅਰਥ ਦੇ ਸਕੇ
ਅਰਥਹੀਣ ਹੋ ਗਏ ਸ਼ਬਦਾਂ ਦੇ ਕੁਰੰਗ
ਹਰ ਗਲੀ, ਬਾਜ਼ਾਰ, ਘਰ ਤੇ ਕੂਚਿਆਂ ਵਿਚ
ਭਟਕ ਰਹੇ, ਡਿਗ ਰਹੇ ਤੇ ਮਰ ਰਹੇ
ਸਿਆਸਤ ਨੇ ਸ਼ਬਦਾਂ ਨੂੰ,
ਉਹਨਾਂ ਦੇ ਅਰਥ ਕਸ਼ੀਦ ਕਰ ਕੇ
ਕੂੜੇ ਦੇ ਢੇਰ 'ਤੇ ਸੁੱਟ ਦਿਤਾ ਹੈ
ਸ਼ਬਦਾਂ ਦਾ ਕੋਈ ਮਾਅਨਾ ਬਾਕੀ ਨਹੀ ਨਹੀਂ ਰਿਹਾ
ਇਹ ਰੂਹਹੀਣ ਸ਼ਬਦ ਹਰਾਮੀ ਬੱਚੇ ਦੀ ਤਰ੍ਹਾਂ
ਕੂੜੇ ਦੇ ਢੇਰ ਤੇ ਮਰੇ
ਹਰ ਪਲ ਮੌਤ ਵੱਲ ਵਧ ਰਹੇ
ਵਾਪਸ ਲਿਆਉ ਕਵਿਤਾ ਨੂੰ
ਜੇ ਸਭਿਅਤਾ ਨੂੰ ਬਚਾਉਂਣਾ ਹੈ
ਬੁੱਧੀ-ਵਿਲਾਸ ਦਾ ਜ਼ਰੀਆ ਬਣ ਚੁੱਕੀ
ਅਕਵਿਤਾ ਨੂੰ ਦੇਸ ਨਿਕਾਲਾ ਦਿਉ
ਤੇ ਕਵਿਤਾ ਨੂੰ ਵਾਪਸ ਲਿਆਉ
ਜੇ ਸੰਸਕ੍ਰਿਤੀ ਨੂੰ ਬਚਾਉਂਣਾ ਹੈ
ਕਵਿਤਾ ਨੇ, ਭਾਸ਼ਾ ਨੇ, ਭਾਸ਼ਾ ਦੇ ਅਰਥਾਂ ਨੇ
ਕਦੇ ਕਿਸੇ ਦਾ ਬੁਰਾ ਨਹੀਂ ਕੀਤਾ
ਇਤਿਹਾਸ ਵਿਚ ਜਦੋਂ ਵੀ ਕਤਲ ਹੋਇਆ ਹੈ
ਕਵਿਤਾ ਦਾ ਹੀ ਹੋਇਆ ਹੈ
ਕਵਿਤਾ ਦਾ ਕਤਲ ਜਨ-ਮਾਨਸ ਦਾ ਕਤਲ ਹੈ
ਉਹਨਾਂ ਦੇ ਅਹਿਸਾਸਾਂ, ਜਜ਼ਬਾਤਾਂ, ਆਸਥਾਵਾਂ ਦਾ ਕਤਲ ਹੈ
ਕਵਿਤਾ ਦਾ ਕਤਲ ਲੋਕਾਂ ਦਾ ਕਤਲ ਹੈ
ਇਸ ਤੋਂ ਪਹਿਲਾਂ ਕਿ ਦੇਸ਼, ਸਭਿਅਤਾ ਤੇ ਸੰਸਕ੍ਰਿਤੀ
ਕੂੜੇ ਦੇ ਢੇਰ 'ਤੇ ਪਏ ਦਮ ਤੋੜ ਜਾਣ
ਕਵਿਤਾ ਨੂੰ ਵਾਪਸ ਲਿਆਉ ○



## ਕਿਸ ਤਰ੍ਹਾਂ ਬਣਾਂ ਕਵਿਤਾ/ ਡਾ: ਸ਼ਿਆਮ ਸੁੰਦਰ ਦੀਪਤੀ

ਦਿਲ ਤਾਂ ਬਹੁਤ ਕਰਦਾ ਹੈ ਕਿ ਕਵਿਤਾ ਲਿਖਾਂ
ਨਹੀਂ, ਕਵਿਤਾ ਬਣਾਂ
ਇਕ ਅਹਿਸਾਸ ਬਣਕੇ ਵਿਚਰਾਂ
ਕਿਸੇ ਲਈ ਕੁਝ ਕਰ ਗੁਜ਼ਰਾਂ
ਲੋਕਾਂ ਦੇ ਦਿਲ ਦੀ ਧੜਕਣ ਬਣਾਂ
ਸਾਹਾਂ ਦਾ ਸੰਗੀਤ ਬਣਾਂ
ਦਿਲ ਤਾਂ ਬਹੁਤ ਕਰਦਾ ਹੈ...
ਬਹੁਤ ਦਿਲਾਂ ਤੋਂ ਖ਼ੁਵਾਇਸ਼ ਵੀ ਹੈ ਤੁਹਾਡੀ
ਬਹੁਤ ਗਿਲਾ ਕਰਦੇ ਨੇ ਦੋਸਤ
ਪਰ ਕਿਵੇਂ ਬਣਾਂ ? ਕਿਵੇਂ ਲਿਖਾਂ ਕਵਿਤਾ ?
ਮਾਹੌਲ ਹੁੰਦਾ ਹੈ ਇਕ, ਜਦੋਂ ਕਵਿਤਾ ਨਾਲ ਰਾਬਤਾ ਹੁੰਦਾ ਹੈ
ਇਕ ਮਿਕ ਹੋਇਆ ਜਾਂਦਾ ਹੈ ਕਵਿਤਾ ਨਾਲ—
ਤੁਸੀਂ ਕੀ ਸਮਝਦੇ ਹੋ—
ਨਿਹਾਲਾ, ਸ਼ਹਿਰ ਦਿਹਾੜੀ ਕਰਨ ਆਇਆ
ਲੇਬਰ ਚੌਂਕ ਤੋਂ ਹੀ ਵਾਪਸ ਮੁੜਦਾ ਹੋਇਆ, ਕਵਿਤਾ ਲਿਖਦਾ ਜਾਵੇ
ਤੁਹਾਡਾ ਕੀ ਖਿਆਲ ਹੈ—
ਕਰਮ ਸਿੰਘ ਆਪਣਾ ਕਮਾਦ ਵੇਚਣ ਲਈ
ਕਈ ਕਈ ਦਿਨ ਖੱਜਲ ਖੁਆਰ ਹੁੰਦਾ ਹੁੰਦਾ, ਕਵਿਤਾ ਵੀ ਲਿਖਦਾ ਰਹੇ
ਤੁਸੀਂ ਕੀ ਸਮਝਦੇ ਹੋ—
ਰਾਮ ਕਲੀ ਸਾਰਾ ਦਿਨ ਭੱਠੇ ਤੇ ਕੰਮ ਕਰਨ ਮਗਰੋਂ
ਰਾਤੀਂ ਭੁੱਖੀ ਪਈ ਉਸਲ ਵੱਟੇ ਲੈਂਦੀ, ਕਵਿਤਾ ਵੀ ਲਿਖੇ
ਤੁਸੀਂ ਕੀ ਸੋਚਦੇ ਹੋ—
ਤੁਹਾਨੂੰ ਸ਼ਾਇਦ ਪਤਾ ਨਹੀਂ—
ਕਵਿਤਾ ਹੁੰਦੀ ਹੈ—ਕਿਲਕਾਰੀਆਂ ਮਾਰਦਾ ਹੋਇਆ ਬਚਪਨ
ਕਵਿਤਾ ਦਾ ਅਰਥ ਹੈ—ਧੜਕਦੀ, ਨਚਦੀ ਹੋਈ ਜਵਾਨੀ
ਕਵਿਤਾ ਨਾਂ ਹੈ—ਬੇਫਿਕਰ ਬੁਢਾਪੇ ਦਾ
ਨਹੀਂ, ਸ਼ਾਇਦ ਤੁਸੀਂ ਨਹੀਂ ਜਾਣਦੇ
ਨਹੀਂ ਤਾਂ ਤੁਸੀਂ ਕਦੇ ਵੀ ਫਰਮਾਇਸ਼ ਨਹੀਂ ਸੀ ਕਰਨੀ ਕਵਿਤਾ ਦੀ
ਮੇਰਾ ਆਪਣਾ ਬੜਾ ਜੀ ਕਰਦਾ ਹੈ
ਮੈਂ ਕਵਿਤਾ ਲਿਖਾਂ, ਕਵਿਤਾ ਬਣਾਂ ○

## ਸ਼ਾਮ/ਡਾ: ਅੰਬਰੀਸ਼

ਬੰਦ ਹੋ ਰਹੇ ਸਹਿਜੇ ਹੌਲੀ
ਸਾਰੇ ਦਿਨ ਦੇ ਫੁੱਲ ਖਿੜੇ
ਅਨੇਕਾਂ ਹੱਥ ਇੰਝ
ਨਮਸਕਾਰ 'ਚ ਜੁੜੇ
ਹਰੇ ਪੀਲੇ ਲਾਲ ਜਾਮਣੀ
ਰੰਗ ਉਹੀ ਪਰ
ਕੋਮਲ ਹੋ ਗਏ
ਬਦਲ ਰਹੇ ਨੇ
ਬਿਰਖਾਂ ਦੇ ਤਨਿਆਂ
ਟਾਹਣਿਆਂ ਛਤਰਿਆਂ ਨੂੰ
ਸੋਨ-ਪਾਣੀ ਚੜ੍ਹ ਗਿਆ ਹੈ
ਉਤਰ ਰਿਹਾ ਹੈ।
ਬੂੰਬਲਾਂ ਬੂਟਿਆਂ ਦੇ
ਪੱਤਿਆਂ ਦੀਆਂ ਨੋਕਾਂ 'ਤੇ
ਤ੍ਰੇਲ ਤੁਪਕੇ ਜੰਮ ਰਹੇ ਨੇ
ਅਣਗੌਲਿਆ ਸੰਝ ਦਾ ਤਾਰਾ
ਅਸਮਾਨੀ ਅਜੇ ਚਿੱਟੇ ਹੀ
ਚੜ੍ਹ ਵੀ ਪਿਆ ਹੈ
ਘਰ ਪਰਤਦੀਆਂ ਉਡਾਣਾਂ
ਰੁੱਖਾਂ 'ਚ ਹਲਚਲ
ਵਧ ਰਹੇ ਨੇ
ਆਖਰੀ ਰਿਸ਼ਮਾਂ
ਸੂਰਜ ਬਨੇਰਿਆਂ ਤੋਂ
ਸਮੇਟ ਰਿਹਾ ਹੈ
ਸਿਖਰਲੇ ਸੁਰਾਂ 'ਤੇ ਹੈ
ਸੁਬ੍ਹਾ ਤੋਂ ਤੁਰਿਆ ਰਾਗ
ਬੱਸ ਬਿੰਦ ਦੀ ਬਿੰਦ 'ਚ
ਪੱਕੇ ਫਲ ਜਿਹਾ
ਸੂਰਜ ਖਿਤਿਜ ਤੋਂ
ਟਪਕ ਪਏਗਾ



ਰੁਕਣ ਤੋਂ ਪਹਿਲਾਂ ਸਭ ਕੁਝ
ਛੁਹਲਾ-ਛੁਹਲਾ ਵਹਿ ਰਿਹਾ ਹੈ
ਬੁੱਝਣ ਤੋਂ ਪਹਿਲਾਂ ਦਿਨ
ਪਲਾਂ ਛਿਣਾਂ ਲਈ
ਭਬਕ ਰਿਹਾ ਹੈ
ਉਮਰ ਦਾ ਹੋਰ ਦਿਨ
ਇਕ ਹੋਰ ਦਿਨ
ਘਟ ਰਿਹਾ ਹੈ

## 2. ਫੁੱਲ ਤੂੰ ਚੁੱਪ ਚਾਪ

ਫੁੱਲ ਤੂੰ ਚੁੱਪ ਚਾਪ
ਰਾਤਾਂ ਨੂੰ ਖਿੜਦਾ
ਕਿਸ ਲਈ ?
ਵੇਖਦਾ ਕੌਣ ਰੰਗ ਤੇਰੇ
ਬਣਤਰ ਸੁਣੱਖੀ
ਸੁੰਘਦਾ ਕੌਣ
ਮਹਿਕਾਂ ਅਦੁੱਤੀਆਂ ?
ਮੈਂ ਹੀ ਜਾਣਦਾ
ਮੈਂ ਹੀ ਸਿਰਫ
ਕਿਥੋਂ ਕਿਥੋਂ ਆਉਂਦੇ ਪ੍ਰਾਹੁਣੇ
ਕਿੰਨੀਓਂ ਦੂਰੋਂ
ਤੇ ਰਾਤ ਤੁਸਾਂ ਦੀ ਜਿਹੜੀ
ਦਿਨ ਮੇਰਾ
ਭਰਿਆ ਪੂਰਾ ਗੁੰਜਾਰਦਾ
ਸੰਸਾਰ ਮੇਰਾ
ਬਿਰ ਆਪਣੇ ਵੀ ਵਾਸਤੇ
ਰੰਗ ਮੇਰੇ
ਮਹਿਕਾਂ ਮਿੱਠੀਆਂ
ਆਪਣੇ ਵੀ ਵਾਸਤੇ ਖਿੜਦਾ ਤਾ ਮੈਂ
ਖਿੜਨਾ ਹੀ ਮੈਂ ਤਾਂ
ਕਿਉਂਜੁ ਖਿੜਨਾ ਹੀ ਮੈਂ ਹਾਂ ○

## ਮਾਂ ਬੋਲੀ/ਰਸੂਲ ਹਮਜ਼ਾਤੋਵ

**(1)**

ਸੋਹਣਿਓਂ ! ਪਿਆਰਿਓ !
ਮਾਂ ਬੋਲੀ ਦੇ ਆਸ਼ਕੋ
ਜੇ ਤੁਹਾਨੂੰ ਹਜ਼ਾਰ ਜੀ ਪਿਆਰ ਕਰਦੇ ਨੇ
ਤਾਂ ਮੰਨ ਲੈਣਾ
ਉਨ੍ਹਾਂ ਵਿਚ ਇਕ ਰਸੂਲ ਹਮਜ਼ਾ ਤੋਵ ਵੀ ਏ
ਸੋਹਣਿਓ ! ਪਿਆਰਿਓ !
ਮਾਂ ਬੋਲੀ ਦੇ ਆਸ਼ਕੋ
ਜੇ ਤੁਹਾਨੂੰ ਸੌ ਜੀ ਪਿਆਰ ਕਰਦੇ ਨੇ
ਤਾਂ ਮੰਨ ਲੈਣਾ
ਉਨ੍ਹਾਂ ਵਿਚ ਇਕ ਰਸੂਲ ਹਮਜ਼ਾਤੋਵ ਵੀ ਹੈ
ਸੋਹਣਿਓ ! ਪਿਆਰਿਓ !
ਮਾਂ ਬੋਲੀ ਦੇ ਆਸ਼ਕੋ
ਜੇ ਤੁਹਾਨੂੰ ਨਿਰੇ ਦਸ ਜੀ ਪਿਆਰ ਕਰਦੇ ਨੇ
ਤਾਂ ਮੰਨ ਲੈਣਾ
ਉਨ੍ਹਾਂ ਵਿਚ ਇਕ ਰਸੂਲ ਹਮਜ਼ਾਤੋਵ ਵੀ ਹੈ
ਸੋਹਣਿਓ ! ਪਿਆਰਿਓ !
ਮਾਂ ਬੋਲੀ ਦੇ ਆਸ਼ਕੋ
ਜੇ ਤੁਹਾਨੂੰ ਪਿਆਰ ਕਰਨ ਵਾਲਾ
ਇਕ ਵੀ ਨਾ ਬਚਿਆ ਹੋਵੇ
ਤਾਂ ਮੰਨ ਲੈਣਾ
ਦੂਰ ਪਹਾੜਾਂ ਤੇ ਆਪਣੀ ਕਬਰ ਵਿਚ ਸੁੱਤਾ
ਰਸੂਲ ਹਮਜ਼ਾ ਤੋਵ, ਤੁਹਾਨੂੰ ਅਜੇ ਵੀ
ਪਿਆਰ ਕਰਦਾ ਏ

(ਪੰਜਾਬੀ ਰੂਪ : ਇਲਿਆਸ ਘੁੰਮਣ, ਲਾਹੌਰ)



## ਰਸੂਲ ਹਮਜ਼ਾਤੋਵ ਦਾ ਪਿਆਰ

**(2)**

ਸੁਣ ਮੇਰੀ ਗੱਲ
ਕੁੜੀਏ ਸੋਹਣੀਏ ਨੀ ਮਨਮੋਹਣੀਏ !
ਪਿਆਰ ਦੀ ਗੱਲ ਨੂੰ ਸਾਂਭ ਕੇ ਰੱਖ ਲੈ
ਸੱਜੀਏ ਨੀ ਮਨ ਵੱਸੀਏ
ਤੈਨੂੰ ਪਿਆਰ ਕਰਦੇ ਸਭੋ ਜਣੇ
ਸ਼ਾਇਰ ਰਸੂਲ ਹਮਜ਼ਾ ਸਣੇ
ਪਿਆਰ ਹੋਰਨਾਂ ਦਾ ਇਕੋ ਜੇਹਾ
ਪਰ ਵਖਰਾ ਖੜਾ ਰਸੂਲ ਹਮਜ਼ਾਤੋਵ

ਸੁਣ ਕੁੜੀਏ ਪਿਆਰੀਏ
ਜੇ ਤੈਨੂੰ ਇਕੋਤਰ ਸੌ ਗੱਭਰੂ ਪਿਆਰ ਕਰਦਾ ਹੋਵੇ
ਤਾਂ ਵਿਚੋਂ ਇਕ ਹੋਣਾ ਰਸੂਲ ਹਮਜ਼ਾਤੋਵ
ਜੇ ਦਸ ਰਾਂਝੇ ਤੇਰੇ ਇਸ਼ਕ ਵਿਚ ਮਰਦੇ ਹੋਣ
ਤਾਂ ਵਿਚੋਂ ਇਕ ਹੈਗਾ ਰਸੂਲ ਹਮਜ਼ਾ

ਪਰ ਜੇ ਕੋਈ ਇਕੋ ਇਕ ਮਿਰਜ਼ਾ ਤੇਰਾ ਚਾਹਵਾਨ ਹੋਵੇ
ਤਾਂ ਸਮਝ ਲੈ ਸਾਹਿਬਾਂ, ਉਹੋ ਰਸੂਲ ਹਮਜਤੋਵ

ਜੇ ਕੋਈ ਵੇਲਾ ਦੁਨੀਆਂ ਤੇ ਆਵੇ
ਰੱਬ ਕਰੇ, ਜਦੋਂ ਕੋਈ ਵੀ ਤੇਰਾ ਚਾਹਵਾਨ ਨਾ ਹੋਵੇ
ਤਾਂ ਜਾਣ ਜਾਈਂ ਮੇਰੀਏ ਹੀਰੇ
ਦੂਰ ਕਿਤੇ ਪਹਾੜਾਂ ਉੱਤੇ ਮਰ ਚੁੱਕਾ ਰਸੂਲ ਹਮਜ਼
ਪਰ ਫੇਰ ਵੀ
ਆਪਣੀ ਕਬਰ ਦੀ ਕੰਧ ਓਹਲੇ ਬੈਠਾ
ਤੈਨੂੰ ਪਿਆਰ ਕਰਦਾ ਰਸੂਲ ਹਮਜ਼ਾਤੋਵ

(ਪੰਜਾਬੀ ਰੂਪ : ਅਫ਼ਜ਼ਲ ਤੌਸੀਫ਼ ਪਾਕਿਸਤਾਨ—

---

ਭਰੂਣ ਤੋਂ ਪਹਿਲਾਂ (ਕਵਿਤਾ) ਜਸਵੀਰ ਸ਼ੀਰੀਂ, ਮੁੱਲ 30/-, ਪੰਨੇ 52 ।

ਵਕਤ ਉਡੀਕੇ ਵਾਰਸਾਂ (ਗੀਤ), ਸੁਰਜੀਤ ਜੱਜ, ਮੁੱਲ 20/-, ਪੰਨੇ 96. ਬਲਰਾਜ ਸਾਹਨੀ ਪ੍ਰਕਾਸ਼ਨ, ਚੰਡੀਗੜ੍ਹ ।

ਪਹਿਲੀ ਫੁਹਾਰ (ਕਵਿਤਾ), ਸੁਦਰਸ਼ਨ ਵਾਲੀਆ, ਪੰਨੇ 136, ਮੁੱਲ 100/-, ਤੇਜ ਪ੍ਰਕਾਸ਼ਨ, ਚੰਡੀਗੜ੍ਹ ।

ਗਾਥਾ ਇੱਕ ਪਿੰਡ ਦੀ (ਕਹਾਣੀ), ਬਲਬੀਰ ਪਰਵਾਨਾ, ਮੁੱਲ 10/-, ਪੰਨੇ 96, ਜ਼ਿੰਦਗੀ ਪ੍ਰਕਾਸ਼ਨ, ਚਨੌਰ ।

## ਕੁਰਸੀ ਅਤੇ ਤਲਵਾਰ/ਜਸਵੰਤ ਸਿੰਘ ਵਿਰਦੀ

ਹਵਾ ਦੇ ਕੰਧਾੜੇ ਚੜ੍ਹਕੇ ਰਾਜ ਦੇ ਪ੍ਰਧਾਨ ਦੀ ਸੁੰਦਰ ਪਤਨੀ ਦੀਆਂ ਸਿਸਕੀਆਂ ਹਰ ਪਾਸੇ ਫੈਲਦੀਆਂ ਜਾ ਰਹੀਆਂ ਸਨ, ਜਿਸ ਨਾਲ ਲੋਕ ਤਪਸ਼ ਮਹਿਸੂਸ ਕਰਨ ਲਗ ਪਏ ਸਨ। ਉਹ ਇਕ ਦੂਜੇ ਨੂੰ ਸਰਗੋਸ਼ੀ 'ਚ ਕਹਿ ਰਹੇ ਸਨ—'ਨਾਰੀ ਅਤੇ ਰਾਜਸਤਾ ਕਿਸੇ ਸ਼ਕਤੀਸ਼ਾਲੀ ਕੋਲ ਹੀ ਰਹਿ ਸਕਦੀ ਐ।'

ਉਸ ਵੇਲੇ ਕੁਝ ਹੋਰ ਤਕੜੇ ਲੋਕ ਆਪਣੀ ਸ਼ਕਤੀ ਬਾਰੇ ਅੰਦਾਜ਼ਾ ਲਾਉਂਦੇ ਤੇ ਫੇਰ ਨਿੱਸਲ ਜਿਹੇ ਹੋ ਜਾਂਦੇ—'ਸਾਡੇ ਕੋਲ ਕਿਹਤੀ ਸ਼ਕਤੀ ਐ ?'

ਕੁਝ ਹੋਰ ਲੋਕ ਕਹਿੰਦੇ—'ਪਰ ਆਪਣੇ ਪ੍ਰਧਾਨ ਸਾਹਿਬ ਤਾਂ ਬਹੁਤ ਡਾਢੇ ਸਨ...'

ਕਿਸੇ ਹੋਰ ਨੇ ਕਿਹਾ—'ਡਾਢੇ ਨਹੀ', ਕਹੋ ਕਿ ਜ਼ਾਲਮ ਹਨ...'

'ਹੌਲੀ ਬੋਲੋ !'

'ਕਿਉਂ ?'

'ਉਨ੍ਹਾਂ ਦੀ ਤਲਵਾਰ ਪਲਾਂ ਵਿਚ ਹੀ ਸਾਡੀਆਂ ਜੀਭਾਂ ਖਿੱਚ ਲੈ ਜਾਵੇਗੀ...'

'ਤਦੇ ਹੀ ਉਨ੍ਹਾਂ ਦੀ ਰਾਣੀ ਸਾਹਿਬਾ ਉਨ੍ਹਾਂ ਕੋਲ ਨਹੀਂ ਰਹੀ !'

ਲੋਕਾਂ ਦੀ ਇਹ ਆਵਾਜ਼ ਵੀ ਹਵਾ ਦੇ ਕੰਧਾੜੇ ਚੜ੍ਹਕੇ ਹਰ ਪਾਸੇ ਫੈਲ ਰਹੀ ਸੀ, ਜਿਸ ਕਰਕੇ ਰਾਜ ਦੇ ਪ੍ਰਧਾਨ ਦਾ ਅਪਮਾਨ ਹੋ ਰਿਹਾ ਸੀ। ਕਈ ਚਿਰ ਤਕ ਇਸੇ ਤਰ੍ਹਾਂ ਹੀ ਹੁੰਦਾ ਰਿਹਾ। ਫੇਰ, ਪ੍ਰਧਾਨ ਨੇ ਆਪਣੇ ਵਜ਼ੀਰਾਂ ਤੋਂ ਪੁੱਛਿਆ—'ਕੀ ਉਪਾਇ ਕੀਤਾ ਜਾਵੇ। ਅੱਜ ਮੇਰੀ ਸੁੰਦਰ ਰਾਣੀ ਦਾ ਉਧਾਲਾ ਹੋਇਐ, ਕਲ੍ਹ ਨੂੰ ਤੁਹਾਡੀਆਂ ਨਾਰਾਂ ਦੀ ਵੀ ਵਾਰੀ ਆਵੇਗੀ...'

'ਹਾਂ, ਆ ਸਕਦੀ ਐ ਸਾਡੀ ਵਾਰੀ ਵੀ !' ਪ੍ਰਧਾਨ ਦੀ ਗੱਲ ਸੁਣਕੇ ਵਜ਼ੀਰਾਂ ਨੇ ਇਕ ਦੂਜੇ ਵੱਲ ਤੱਕਿਆ ਅਤੇ ਅੱਖਾਂ ਦੇ ਇਸ਼ਾਰਿਆਂ ਨਾਲ ਕੁਝ ਕਿਹਾ ਸੀ। ਫੇਰ ਵਜ਼ੀਰਾਂ ਨੇ ਹੈਰਾਨੀ ਨਾਲ ਪ੍ਰਧਾਨ ਵੱਲ ਤੱਕਿਆ। ਉਹ ਲੋਕ ਪ੍ਰਧਾਨ ਦੀ ਪਤਨੀ ਦੇ ਉਧਾਲੇ ਕਰਕੇ ਦੁੱਖੀ ਸਨ, ਪਰ ਉਨ੍ਹਾਂ ਨੂੰ ਇਸ ਗੱਲ ਦੀ ਡਾਢੀ ਬੇਚੈਨੀ ਸੀ ਕਿ—'ਪ੍ਰਧਾਨ ਹੁਣ ਆਪਣੇ ਆਪ ਤੂੰ ਰਾਜਾ ਕਹਿਣ ਲਗ ਪਿਐ। ਰਾਜ ਦੇ ਲੋਕਾਂ ਵਲੋਂ ਚੁਣਿਆ ਜਾ ਕੇ ਇਹ ਪ੍ਰਧਾਨ ਬਣਿਆ ਸੀ। ਇਹਦਾ ਪਿਉ ਅਤੇ ਪਿਉ ਦਾ ਪਿਉ ਵੀ ਲੋਕਾ ਨੇ ਹੀ ਚੁਣਿਆ ਸੀ, ਪਰ ਉਹ ਆਪਣੇ ਆਪ ਨੂੰ ਰਾਜੇ ਨਹੀਂ ਸਨ ਕਹਿੰਦੇ। ਪਰ ਇਹਨੇ ਤਾਂ ਗੱਦੀ ਤੇ ਕਬਜ਼ਾ ਕਰਕੇ ਰਾਜਸ਼ਾਹੀ ਹੀ ਕਾਇਮ ਕਰ ਲਈ ਐ। ਆਪਣੇ ਨਾਮ ਦਾ ਸਿੱਕਾ ਵੀ ਚਲਾ ਲਿਐ !'

'ਇਹ ਲੋਕਤੰਤਰ ਦਾ ਜ਼ਮਾਨਾ ਹੈ !' ਵਜ਼ੀਰ ਕਹਿੰਦਾ—'ਤੇ ਤੁਸੀਂ ਲੋਕਾਂ ਨਾਲ ਰਾਜਸੱਤਾ ਦਾ ਬਟਵਾਰਾ ਕਰਕੇ ਚੱਲੋ !'

ਪਰ ਪ੍ਰਧਾਨ ਨੇ ਕਿਸੇ ਦੀ ਗੱਲ ਨਹੀਂ ਸੀ ਮੰਨੀ। ਉਹ ਕਿਸੇ ਦੀ ਪ੍ਰਵਾਹ ਨਹੀਂ ਸੀ



ਕਰਦਾ। ਤੇ ਹੁਣ ਪਤਨੀ ਦੇ ਗੁੰਮ ਜਾਣ ਨਾਲ ਉਹ ਡਾਢਾ ਦੁੱਖੀ ਹੋ ਗਿਆ ਸੀ।

ਇਕ ਵਜ਼ੀਰ ਨੇ ਦੱਸਿਆ—'ਰਾਜ ਦੇ ਅੰਦਰ ਅਤੇ ਬਾਹਰ ਵੀ ਹਰ ਪਾਸੇ ਸੂਹੀਏ ਭੇਜੇ ਗਏ ਨੇ, ਪਰ, ਕਿਤੇ ਵੀ ਰਾਣੀ ਸਾਹਿਬਾਂ ਦੀ ਸੂਹ ਨਹੀਂ ਲੱਗੀ।'

ਇਕ ਹੋਰ ਵਜ਼ੀਰ ਨੇ ਕਿਹਾ—'ਖੰਦੇ ਕੁੱਤੇ ਵੀ ਛੱਡੇ ਗਏ ਨੇ, ਖੈਰ ਉਹ ਵੀ ਕੁਝ ਨਹੀਂ ਕਰ ਸਕੇ !'

ਪ੍ਰਧਾਨ ਨੇ ਪਲ ਭਰ ਲਈ ਸੋਚਿਆ—'ਕੀ ਮੇਰੀ ਰਾਣੀ ਆਪ ਹੀ ਤਾਂ ਨਹੀਂ ਚਲੀ ਗਈ ਕਿਸੇ ਤਕੜੇ ਗੱਭਰੂ ਨਾਲ ?' ਫੇਰ ਉਹਨੂੰ ਖਿਆਲ ਆਇਆ—'ਉਹ ਆਪ ਚਲੀ ਜਾਂਦੀ ਤਾਂ ਉਹਦੀਆਂ ਸਿਸਕੀਆਂ ਨਾ ਸੁਣਾਈ ਦਿੰਦੀਆਂ।'

'ਹੁਣ ਚਾਰਾ ਕੀ ਕੀਤਾ ਜਾਵੇ ?' ਪ੍ਰਧਾਨ ਨੇ ਵਜ਼ੀਰਾਂ ਤੋਂ ਪੁੱਛਿਆ ਤਾਂ ਇਕ ਹੋਰ ਵਜ਼ੀਰ ਨੇ ਬੇਨਤੀ ਕੀਤੀ—'ਸਾਨੂੰ ਚਾਹੀਦੈ, ਹਵਾ ਤੋਂ ਸਹਾਇਤਾ ਲਈਏ !'

'ਹਵਾ ਤੋਂ ?' ਪ੍ਰਧਾਨ ਨੇ ਖਿੱਝਕੇ ਪੁੱਛਿਆ ਤਾਂ ਉਸੇ ਤੀਜੇ ਵਜ਼ੀਰ ਨੇ ਫੇਰ ਕਿਹਾ—'ਹਾਂ, ਹਵਾ ਤੋਂ ? ਕਿਉਂਕਿ ਹਵਾ ਉਥੇ ਵੀ ਪਹੁੰਚ ਸਕਦੀ ਹੈ, ਜਿਥੇ ਸੂਰਜ ਦਾ ਪ੍ਰਕਾਸ਼ ਨਹੀਂ ਪੁਜ ਸਕਦਾ। ਹਵਾ ਵਿਚ ਨਾਈਟਰੋਜਨ ਬਹੁਤੀ ਹੈ, ਪਰ ਔਕਸੀਜਨ ਵੀ ਹੈ, ਜਿਸ ਕਰਕੇ ਅਸੀਂ ਜੀਉਂਦੇ ਹਾ...'

'ਹਾਂ, ਇਹ ਠੀਕ ਐ।' ਬਾਕੀ ਵਜ਼ੀਰਾਂ ਨੇ ਵੀ ਕਿਹਾ—'ਤੇ ਹਵਾ 'ਚ ਜਿਹੜੀ ਮਾਸਾ ਕੁ ਧੂੜ ਐ, ਉਹ ਸਾਡੇ ਐਬਾਂ ਨੂੰ ਲੁਕਾ ਲੈਂਦੀ ਐ...'

ਸੁਣਕੇ ਪ੍ਰਧਾਨ ਨੇ ਹਰ ਕਿਸੇ ਦੇ ਚਿਹਰੇ ਨੂੰ ਘੂਰਿਆ।

ਹਾਂ, ਇਹੋ ਹੀ ਠੀਕ ਹੈ !' ਉਨ੍ਹਾਂ ਸਭਨਾਂ ਵਜ਼ੀਰਾਂ ਨੇ ਫੇਰ ਕਿਹਾ ਤਾਂ ਰਾਜੇ ਨੇ ਹਵਾ ਨੂੰ ਬੇਨਤੀ ਕੀਤੀ ਕਿ ਉਹ ਰਾਣੀ ਸਾਹਿਬਾ ਦੀ ਖ਼ਬਰ ਲੈ ਕੇ ਆਵੇ। ਹਵਾ ਹੀ ਉਹਦੇ ਲਈ ਆਖਰੀ ਆਸ ਸੀ।'

'ਮੈਂ ਤੇਰੀ ਇੱਜ਼ਤ 'ਚ ਮੰਦਿਰ ਬਣਾ ਦਿਆਂਗਾ !'

ਹਵਾ ਨੇ ਜਵਾਬ 'ਚ ਕਿਹਾ—'ਮੈਂ ਮੰਦਿਰ 'ਚ ਕੈਦ ਨਹੀਂ ਹੁੰਦੀ...'

'ਫੇਰ ਮੈਂ ਤੇਰੀ ਪੂਜਾ ਕਰ ਦਿਆਂਗਾ !'

'ਹਰ ਸਾਹ ਨਾਲ ਲੋਕ ਮੈਨੂੰ ਚੇਤੇ ਕਰਦੇ ਨੇ...'

ਹਵਾ ਨੇ ਫੇਰ ਕਿਹਾ—'ਪਰ ਮੈਂ ਤੇਰਾ ਕੰਮ ਜ਼ਰੂਰ ਕਰਾਂਗੀ !'

ਇਹ ਪੁਰੇ ਦੀ ਹਵਾ ਸੀ ਜਿਹੜੀ ਅੱਜਕਲ੍ਹ ਰਾਜ ਦੇ ਅੰਦਰ ਬਾਹਰ ਬੜੀ ਤੇਜ਼ੀ ਨਾਲ ਚਲਦੀ ਸੀ। ਉਹਦੇ ਵਗਣ ਨਾਲ ਆਮ ਤੌਰ 'ਤੇ ਵਰਖਾ ਹੁੰਦੀ ਸੀ ਪਰ ਜਿਸ ਦਿਨ ਤੋਂ ਰਾਣੀ ਸਾਹਿਬਾ ਦਾ ਉਧਾਲਾ ਹੋਇਆ ਸੀ. ਵਰਖਾ ਦੀ ਇਕ ਵੀ ਬੂੰਦ ਨਹੀਂ ਸੀ ਡਿੱਗੀ। ਕਿਤੇ ਬਦਲੀ ਵੀ ਨਜ਼ਰ ਨਹੀਂ ਸੀ ਆਈ।

'ਮੈਂ ਤੁਹਾਡੀ ਪਤਨੀ ਨੂੰ ਲੱਭਕੇ ਲਿਆਵਾਂਗੀ।' ਪੁਰੇ ਦੀ ਹਵਾ ਨੇ ਫੇਰ ਕਿਹਾ, ਅਤੇ ਦੂਰ ਪਾਰ ਦੇ ਇਲਾਕਿਆਂ ਵਿਚ ਫੈਲ ਗਈ। ਉਹ ਜੰਗਲਾਂ, ਪਹਾੜਾਂ ਅਤੇ ਕੰਦਰਾਂ ਵਿਚ ਘੁੰਮਦੀ ਰਹੀ। ਫੇਰ ਉਹਨੇ ਪ੍ਰਧਾਨ ਦੇ ਬੰਗਲੇ ਵਿਚ ਜਾਕੇ ਪ੍ਰਧਾਨ ਨੂੰ ਭੇਤ ਭਰੀ ਆਵਾਜ਼ 'ਚ ਕਿਹਾ—'ਤੁਹਾਡੀ ਪਤਨੀ ਨੂੰ ਰਾਜ ਦੇ ਵਿਦਰੋਹੀ ਗੱਭਰੂ ਲੈ ਗਏ ਨੇ!'

'ਕਿਉਂ?' ਪ੍ਰਧਾਨ ਨੇ ਰੋਹ ਨਾਲ ਪੁੱਛਿਆ ਤਾਂ ਪੁਰੇ ਦੀ ਹਵਾ ਨੇ ਜਵਾਬ 'ਚ ਕਿਹਾ—'ਤੁਸੀਂ ਸਾਰੀ ਹੀ ਰਾਜਸੱਤਾ ਤੇ ਕਬਜ਼ਾ ਕੀਤਾ ਹੋਇਐ!'

ਪ੍ਰਧਾਨ ਕੜਕਿਆ—'ਪਰ ਉਹ ਮੇਰੀ ਪਤਨੀ ਨੂੰ ਕਿਉਂ ਉਧਾਲ ਕੇ ਲੈ ਗਏ ਨੇ?'

ਪੁਰੇ ਦੀ ਹਵਾ ਨੇ ਕਿਹਾ—'ਕਿਉਂਕਿ ਤੁਸੀਂ ਉਹਨੂੰ ਰਾਜਸੱਤਾ ਦਾ ਪ੍ਰਤੀਕ ਸਮਝਦੇ ਹੋ!'

ਪ੍ਰਧਾਨ ਬੋਲਿਆ—'ਰਾਜੇ ਦੀ ਪਤਨੀ ਰਾਜਸੱਤਾ ਦਾ ਪ੍ਰਤੀਕ ਹੁੰਦੀ ਹੀ ਹੈ।'

ਪੁਰੇ ਦੀ ਹਵਾ ਨੇ ਫੇਰ ਕਿਹਾ—'ਇਸੇ ਲਈ ਉਹ ਵਿਦਰੋਹੀ ਗੱਭਰੂ ਉਸ ਨੂੰ ਲੈ ਗਏ ਨੇ...'

'ਪਰ ਇਹ ਤਾਂ ਗੈਰਕਾਨੂੰਨੀ ਹੈ!' ਪ੍ਰਧਾਨ ਨੇ ਲਲਕਾਰ ਕੇ ਕਿਹਾ—'ਤੇ ਮੇਰੇ ਰਾਜ 'ਚ ਗੈਰਕਾਨੂੰਨੀ ਨਹੀਂ ਹੋ ਸਕਦੀ...'

ਪੁਰੇ ਦੀ ਹਵਾ ਨੇ ਕਿਹਾ—'ਪਰ ਉਹ ਗੱਭਰੂ ਕਹਿੰਦੇ ਨੇ ਕਿ ਗੈਰਕਾਨੂੰਨੀ ਤੁਸੀਂ ਕਰ ਰਹੇ ਹੋ!'

'ਉਹ ਕਿਵੇਂ?' ਪ੍ਰਧਾਨ ਨੇ ਪੁੱਛਿਆ—'ਮੈਂ ਕਿਵੇਂ ਕਰ ਰਿਹਾਂ?'

ਪੁਰੇ ਦੀ ਹਵਾ ਨੇ ਕਿਹਾ—'ਤੁਸੀਂ ਰਾਜਸੱਤਾ ਦਾ ਵਟਾਂਦਰਾ ਲੋਕਾਂ 'ਚ ਜੁ ਨਹੀਂ ਕਰਦੇ...'

'ਕੀ ਇਹ ਜ਼ਰੂਰੀ ਹੈ?' ਪ੍ਰਧਾਨ ਨੇ ਪੁੱਛਿਆ ਤਾਂ ਹਵਾ ਬੋਲੀ—'ਲੋਕਾਂ ਦਾ ਵਿਚਾਰ ਹੈ ਕਿ ਇਹ ਜ਼ਰੂਰੀ ਐ...'

'ਫੇਰ ਉਹ ਮੇਰੇ ਸਾਹਮਣੇ ਆ ਕੇ ਕਿਉਂ ਨਹੀਂ ਕਹਿੰਦੇ ਇਹ ਗੱਲ?'

'ਉਹ ਤੁਹਾਡੀ ਤਲਵਾਰ ਤੋਂ ਡਰਦੇ ਨੇ''

'ਕਿਉਂ?'

'ਤਲਵਾਰ ਲੋਕਾਂ ਨੂੰ ਕਤਲ ਕਰਦੀ ਐ...'

'ਹਾਂ, ਉਹ ਤਾਂ ਕਰਦੀ ਹੀ ਹੈ...'

'ਤੇ ਲੋਕ ਕਾਇਰ ਹੁੰਦੇ ਜਾ ਰਹੇ ਨੇ? ਕਲ੍ਹ ਨੂੰ ਉਹ ਕਾਇਰ ਲੋਕ ਰਾਜ ਦੀ ਸੁਰੱਖਿਆ ਕਿਵੇਂ ਕਰ ਸਕਣਗੇ?'

'ਪਰ ਰਾਜਸੱਤਾ ਨੂੰ ਮੈਂ ਆਪਣੀ ਤਾਕਤ ਨਾਲ ਪ੍ਰਾਪਤ ਕੀਤੈ।' ਪ੍ਰਧਾਨ ਨੇ ਜਵਾਬ ਦਿੱਤਾ—'ਅਤੇ ਮੇਰੇ ਕੋਲੋਂ ਕੋਈ ਵਧ ਤਾਕਤ ਵਾਲਾ ਹੀ ਰਾਜਸੱਤਾ ਖੋਹ ਸਕਦੈ...ਤੇ ਉਹ ਮੈਂ ਕੋਈ ਰਹਿਣ ਨਹੀਂ ਦੇਣਾ।'



ਫੇਰ ਪ੍ਰਧਾਨ ਨੇ ਪੁਰੇ ਦੀ 'ਵਾ ਨੂੰ ਕਿਹਾ—'ਚੰਗਾ, ਤੂੰ ਇਹ ਪਤਾ ਕਰਕੇ ਆ ਕਿ ਉਹ
ਵਿਦਰੋਹੀ ਮੇਰੀ ਰਾਣੀ ਸਾਹਿਬਾ ਨੂੰ ਕਿਸ ਸ਼ਰਤ 'ਤੇ ਛੱਡ ਸਕਦੇ ਨੇ...'
'ਠੀਕ ਹੈ!' ਹਵਾ ਨੇ ਬੜੀ ਕਾਹਲੀ ਨਾਲ ਜਾਂਦਿਆਂ ਹੋਇਆਂ ਕਿਹਾ—'ਮੈਂ ਤੁਹਾਨੂੰ ਪਤਾ
ਕਰ ਦਿਆਂਗੀ, ਕਿਉਂਕਿ ਇਹ ਸਾਰਾ ਰਾਜ ਅਤੇ ਇਸ ਦੇ ਲੋਕ ਮੈਨੂੰ ਬਹੁਤ ਭਾਉਂਦੇ ਨੇ। ਮੈਂ
ਇਨ੍ਹਾਂ ਦੇ ਸਾਹਾਂ 'ਚ ਵਸਦੀ ਹਾਂ, ਤੇ ਇਹ ਵੀ ਮੈਨੂੰ ਦਿਲ ਦੀ ਧੜਕਣ ਸਮਝਦੇ ਨੇ!'

ਕੁਝ ਚਿਰ ਪਹਿਲਾਂ ਤਕ ਪ੍ਰਧਾਨ ਨੂੰ ਇਹ ਉਮੀਦ ਨਹੀਂ ਸੀ ਕਿ ਉਹ ਆਪਣੀ ਪਤਨੀ ਨੂੰ
ਲੱਭ ਲਵੇਗਾ। ਪਰ ਹੁਣ ਉਹਨੂੰ ਪੁਰੇ ਦੀ 'ਵਾ ਦੇ ਕਹਿਣ ਤੇ ਇਹ ਆਸ ਹੋ ਗਈ ਤਾਂ ਉਹਦੀ
ਘਬਰਾਹਟ ਵੀ ਵਧ ਗਈ—'ਜੇਕਰ ਉਨ੍ਹਾਂ ਛੋਕਰਿਆਂ ਨੇ ਮੇਰੀ ਪਤਨੀ ਨੂੰ ਮਾਰ ਸੁਟਿਆ? ਜਾਂ,
ਜੇ ਉਹਦੇ ਨਾਲ ਕੋਈ ਹੋਰ ਬੁਰੀ ਹਰਕਤ ਕੀਤੀ?' ਅਤੇ ਉਹ ਕਲਪਨਾ 'ਚ ਉਹ ਸਾਰੇ ਕੁਕਰਮ
ਦੇਖਣ ਲੱਗਾ, ਜਿਹੜੇ ਉਹਦੀ ਪਤਨੀ ਨਾਲ ਕੀਤੇ ਜਾ ਸਕਦੇ ਸਨ। ਇਸ ਦ੍ਰਿਸ਼ ਨੂੰ ਦੇਖਣ
ਉਪਰੰਤ ਪ੍ਰਧਾਨ ਦੇ ਕੰਨਾਂ 'ਚ ਉਹਦੀ ਪਤਨੀ ਦੀਆਂ ਸਿਸਕੀਆਂ ਹੋਰ ਵੀ ਤੀਖਣ ਆਵਾਜ਼ 'ਚ
ਕੰਬਣ ਲੱਗੀਆਂ।

ਪਰ ਅਗਲੇ ਦਿਨ ਹੀ ਪੁਰੇ ਦੀ 'ਵਾ ਨੇ ਪ੍ਰਧਾਨ ਦੇ ਬੰਗਲੇ 'ਚ ਪ੍ਰਵੇਸ਼ ਕਰਕੇ ਦੱਸਿਆ—'ਉਹ ਵਿਦਰੋਹੀ ਲੋਕ ਕਹਿੰਦੇ ਨੇ, ਤੁਹਾਡੇ ਕੋਲ ਕਈ ਦੁਰਲਭ ਵਸਤਾਂ ਹਨ...'

ਪ੍ਰਧਾਨ ਤ੍ਰਬੱਕਿਆ—'ਦੁਰਲਭ ਵਸਤਾਂ?'

'ਹਾਂ ਆ...' ਹਵਾ ਨੇ ਕਿਹਾ ਤਾਂ ਪ੍ਰਧਾਨ ਨੇ ਪੁੱਛਿਆ...'

'ਪਰ ਉਨ੍ਹਾਂ ਨੂੰ ਕਿਵੇਂ ਪਤਾ ਲੱਗਾ?'

'ਉਹ ਸਭ ਕੁਝ ਜਾਣਦੇ ਨੇ।' ਹਵਾ ਨੇ ਫੇਰ ਕਿਹਾ ਤਾਂ ਪ੍ਰਧਾਨ ਨੇ ਆਪਣੇ ਕਬਜ਼ੇ ਵਿਚਲੀਆਂ ਬੇਸ਼ ਕੀਮਤੀ ਵਸਤਾਂ ਬਾਰੇ ਸੋਚਿਆ। ਫੇਰ, ਉਹਨੇ ਹਵਾ ਨੂੰ ਕਿਹਾ—'ਹਾਂ, ਮੇਰੇ ਕੋਲ ਬਹੁਤ ਸਾਰੀਆਂ ਦੁਰਲਭ ਵਸਤਾਂ ਹਨ...'

ਪੁਰੇ ਦੀ 'ਵਾ ਨੇ ਫੇਰ ਕਿਹਾ—'ਉਹ ਚਾਹੁੰਦੇ ਨੇ ਕਿ ਦੋ ਵਸਤਾਂ ਵਿਚੋਂ ਤੁਸੀਂ ਇਕ ਉਨ੍ਹਾਂ ਗੱਭਰੂਆਂ ਨੂੰ ਦੇ ਦਿਉ!'

ਪ੍ਰਧਾਨ ਨੇ ਉਤਾਵਲੇਪਨ ਨਾਲ ਪੁੱਛਿਆ—'ਕਿਹੜੀਆਂ ਦੋ ਵਸਤਾਂ ਵਿਚੋਂ?'

ਹਵਾ ਨੇ ਕਿਹਾ—'ਕੁਰਸੀ ਅਤੇ ਤਲਵਾਰ ਵਿਚੋਂ ਇਕ!'

'ਉਨ੍ਹਾਂ ਦੀ ਇਹ ਹਿੰਮਤ?' ਪ੍ਰਧਾਨ ਚੀਖਿਆ ਤਾਂ ਹਵਾ ਨੇ ਕਿਹਾ—'ਹਾਂ ਆਂ...'

ਪ੍ਰਧਾਨ ਸੋਚੀਂ ਪੈ ਗਿਆ—'ਮੇਰੇ ਰਾਜਭਾਗ ਲਈ ਇਹ ਦੋਵੇਂ ਚੀਜ਼ਾਂ ਜ਼ਰੂਰੀ ਹਨ। ਕੁਰਸੀ ਰਾਜਭਾਗ ਦੀ ਪ੍ਰਤੀਕ ਹੈ ਅਤੇ ਤਲਵਾਰ ਕੁਰਸੀ ਦੀ ਸੱਤਾ ਦੀ ਰੱਖਿਆ ਲਈ ਹੈ। ਇਨ੍ਹਾਂ ਵਿਚੋਂ ਮੈਂ ਕਿਸੇ ਨੂੰ ਕੁਝ ਨਹੀਂ ਦੇ ਸਕਦਾ। ਜੇਕਰ ਮੈਂ ਰਾਜਸ਼ਾਹੀ ਕਾਇਮ ਕਰੀ ਰੱਖਣੀ ਹੈ ਤਾਂ ਇਹ ਦੋਵੇਂ ਬਹੁਤ ਜ਼ਰੂਰੀ ਹਨ!'

ਹਵਾ ਨੇ ਪ੍ਰਧਾਨ ਦੇ ਮਨ ਦੀ ਗੱਲ ਨੂੰ ਸਮਝਕੇ ਕਿਹਾ—'ਫੇਰ ਤੁਸੀਂ ਆਪਣੀ ਪਤਨੀ ਨੂੰ ਪ੍ਰਾਪਤ ਨਹੀਂ ਕਰ ਸਕੋਗੇ...'

'ਉਹ ਲੋਕ ਮੇਰੀ ਪਤਨੀ ਨਾਲ ਕੀ ਸਲੂਕ ਕਰਨਗੇ ?'

'ਕੁਝ ਵੀ ਕਰ ਸਕਦੇ ਨੇ...'

'ਮਿਸਾਲ ਲਈ ?'

'ਉਹ ਲੋਕ ਤੁਹਾਡੀ ਪਤਨੀ ਨੂੰ ਮਾਰ ਵੀ ਸਕਦੇ ਨੇ !'

'ਤੇ ਹੋਰ ?' ਪ੍ਰਧਾਨ ਨੇ ਉਤਾਵਲੇਪਨ ਨਾਲ ਪੁੱਛਿਆ।'

'ਉਹਨੂੰ ਸਰੀਰਕ ਕਸ਼ਟ ਵੀ ਦੇ ਸਕਦੇ ਨੇ...' ਹਵਾ ਨੇ ਕਿਹਾ।

'ਤੇ ਹੋਰ ?' ਪ੍ਰਧਾਨ ਨੇ ਫੇਰ ਪੁੱਛਿਆ।

'ਹੋਰ ? ਉਹ ਲੋਕ ਤੁਹਾਡੀ ਪਤਨੀ ਦੀ ਦੇਹੀ ਨੂੰ ਕਲੰਕਿਤ ਵੀ ਕਰ ਸਕਦੇ ਨੇ...' ਹਵਾ ਨੇ ਨਿਰਲੇਪ ਭਾਵ ਨਾਲ ਜਵਾਬ ਦਿੱਤਾ ਤਾਂ ਪ੍ਰਧਾਨ ਨੇ ਹਉਕਾ ਭਰਕੇ ਕਿਹਾ—'ਹਾਂ ਆਂ...'

'ਹਵਾ ਬੋਲੀ—'ਤੁਹਾਡੀ ਪਤਨੀ, ਜਿਸਨੂੰ ਤੁਸੀਂ ਸ਼ਕਤੀ ਅਤੇ ਰਾਜਸੱਤਾ ਦਾ ਪ੍ਰਤੀਕ ਸਮਝਦੇ ਹੋ...'

ਪ੍ਰਧਾਨ ਨੇ ਹਵਾ ਵਲ ਗਹੁ ਨਾਲ ਤੱਕ ਕੇ ਕਿਹਾ—'ਮੈਂ ਆਪਣੇ ਵਜ਼ੀਰਾਂ ਨਾਲ ਸਲਾਹ ਕਰਦਾਂ...'

'ਛੇਤੀ ਕਰੋ।' ਪੂਰੇ ਦੀ 'ਵਾ ਨੇ ਕਿਹਾ—'ਕਿਉਂਕਿ ਤੁਹਾਡੀ ਸੁੰਦਰ ਪਤਨੀ ਦੀ ਜਾਨ ਖਤਰੇ ਵਿਚ ਹੈ...'

ਹਵਾ ਦੇ ਜਾਣ ਮਗਰੋਂ ਪ੍ਰਧਾਨ ਨੇ ਸੋਚਿਆ—'ਇਹ ਜਿਹੜਾ ਉਧਾਲੇ ਦਾ ਸਿਲਸਿਲਾ ਸ਼ੁਰੂ ਹੋ ਗਿਐ, ਇਹ ਬਹੁਤ ਖ਼ਤਰਨਾਕ ਖੇਡ ਐ। ਕਿਸੇ ਦਾ ਪੁੱਤ-ਭਰਾ ਜਾਂ ਪਤਨੀ ਅਤੇ ਉਹਦਾ ਪ੍ਰੇਮੀ/ਪਤੀ ਉਧਾਲਕੇ ਕੁਝ ਵੀ ਮਨਵਾਇਆ ਜਾ ਸਕਦੈ, ਤੇ ਇਹਦੇ ਵਿਰੁੱਧ ਬੜਾ ਸਖਤ ਕਾਨੂੰਨ ਬਣਨਾ ਚਾਹੀਦੈ। ਸਭਨਾਂ ਹੀ ਲੋਕਾਂ ਅਤੇ ਰਾਜਾਂ ਨੂੰ ਇਸ ਉਧਾਲੇ ਦੀ ਖੇਡ ਦੀ ਨਿਖੇਧੀ ਕਰਨੀ ਚਾਹੀਦੀ ਹੈ...'

ਪ੍ਰਧਾਨ ਦੇ ਸਾਥੀ ਵਜ਼ੀਰਾਂ ਨੇ ਉਹਦੀ ਸਾਰੀ ਗੱਲ ਸੁਣਕੇ ਆਪਸ 'ਚ ਸਲਾਹ-ਮਸ਼ਵਰਾ ਕੀਤਾ ਅਤੇ ਫੇਰ ਉਹ ਪ੍ਰਧਾਨ ਦੇ ਸਨਮੁਖ ਹੋਕੇ ਬੋਲੇ—'ਪ੍ਰਧਾਨ ਜੀ, ਤੁਸੀਂ ਵਿਦਰੋਹੀ ਛੋਕਰਿਆਂ ਨੂੰ ਆਪਣੀ ਕੁਰਸੀ ਦੇਣੀ ਚਾਹੁੰਦੇ ਹੋ ?'

'ਨਹੀਂ', ਹਰਗਿਜ਼ ਨਹੀਂ !' ਪ੍ਰਧਾਨ ਨੇ ਜਵਾਬ ਦਿੱਤਾ—'ਕੁਰਸੀ ਨੂੰ ਮੈਂ ਆਪਣੀ ਤਾਕਤ ਨਾਲ ਪ੍ਰਾਪਤ ਕੀਤੈ, ਤੇ ਇਹ ਮੈਂ ਜਿਉਂਦੇ ਜੀ ਕਿਸੇ ਨੂੰ ਨਹੀਂ ਦੇ ਸਕਦਾ।'

ਵਜ਼ੀਰਾਂ ਨੇ ਕਿਹਾ—'ਫੇਰ ਤੁਸੀਂ ਵਿਦਰੋਹੀ ਛੋਕਰਿਆਂ ਨੂੰ ਆਪਣੀ ਤਲਵਾਰ ਦੇ ਦਿਉ !'

'ਤਲਵਾਰ ?' ਪ੍ਰਧਾਨ ਨੇ ਵਿਲਕਕੇ ਪੁੱਛਿਆ ਤਾਂ ਵਜ਼ੀਰਾਂ ਨੇ ਕਿਹਾ—'ਹਾਂ, ਤਲਵਾਰ ਉਨ੍ਹਾਂ ਨੂੰ ਦੇ ਦਿਉ। ਰਾਜਸੱਤਾ ਤਾਂ ਹੁਣ ਤੁਹਾਡੇ ਕੋਲ ਹੈ ਹੀ। ਤਲਵਾਰ ਨੂੰ ਤੁਸੀਂ ਕੀ ਕਰਨਾ ਹੈ...'

'ਤਲਵਾਰ ਵੀ ਤਾਂ ਸ਼ਕਤੀ ਦੀ ਪ੍ਰਤੀਕ ਹੈ !' ਪ੍ਰਧਾਨ ਨੇ ਜਵਾਬ ਦਿੱਤਾ ਤਾਂ ਵਜ਼ੀਰਾਂ ਨੇ ਫੇਰ ਉਹਨੂੰ ਸਮਝਾਇਆ—'ਰਾਜ ਸਤਾ ਦੀ ਪ੍ਰਤੀਕ ਤੁਹਾਡੇ ਕੋਲ ਕੁਰਸੀ ਜੁ ਹੈ...'



'ਕੀ ਕੁਰਸੀ ?'

'ਹਾਂ ਕੁਰਸੀ...'

'ਤੇ ਤਲਵਾਰ ?'

'ਸੋਚ ਲਵੋ...'

'ਚੰਗਾ...'

ਵਜ਼ੀਰਾਂ ਦੇ ਚਲੇ ਜਾਣ ਮਗਰੋਂ ਪ੍ਰਧਾਨ ਤਿੰਨ ਦਿਨ ਸੋਚਦਾ ਰਿਹਾ ਅਤੇ ਰਾਤਾਂ ਨੂੰ ਸੁਪਨੇ 'ਚ ਆਪਣੀ ਸੁੰਦਰ ਪਤਨੀ ਨੂੰ ਦੇਖਦਾ ਰਿਹਾ। ਉਹ ਤਰਲੇ ਕਰਕੇ ਪ੍ਰਧਾਨ ਨੂੰ ਕਹਿ ਰਹੀ ਸੀ ਕਿ ਪ੍ਰਧਾਨ ਉਹਨੂੰ ਵਿਦਰੋਹੀਆਂ ਦੀ ਕੈਦ ਵਿਚੋਂ ਛੁਡਾਵੇ। ਪ੍ਰਧਾਨ ਦੇ ਪੁੱਤਰ ਅਤੇ ਧੀਆਂ ਵੀ ਵਿਲਖਦੇ ਹੋਏ ਉਹਨੂੰ ਕਹਿੰਦੇ ਸਨ—'ਤੁਸੀਂ ਸਾਡੀ ਮਾਤਾ ਨੂੰ ਛੁਡਾਣ ਲਈ ਕੋਈ ਯਤਨ ਨਹੀਂ ਕਰ ਰਹੇ...ਮਾਤਾ, ਜੋ ਕਿ ਰਾਜਸੱਤਾ ਦੀ ਪ੍ਰਤੀਕ ਹੈ...'

ਪ੍ਰਧਾਨ ਕਹਿੰਦਾ—'ਪਰ ਮੈਂ ਉਹਦੇ ਬਦਲੇ 'ਚ ਕੁਰਸੀ ਨਹੀਂ ਦੇ ਸਕਦਾ...'

'ਫੇਰ ਤਲਵਾਰ ਹੀ ਦੇ ਦਿਉ...'

ਇਹ ਗੱਲਾਂ ਸੁਣਕੇ ਪ੍ਰਧਾਨ ਕੰਬਣ ਲਗ ਪੈਂਦਾ ਅਤੇ ਆਪਣੇ ਆਪ ਨੂੰ ਕਮਰੇ ਵਿਚ ਬੰਦ ਕਰ ਲੈਂਦਾ। ਉਥੇ ਵੀ ਉਹਦੀ ਪਤਨੀ ਦੀਆਂ ਸਿਸਕੀਆਂ ਉਹਦਾ ਪਿੱਛਾ ਕਰਦੀਆਂ।

ਇਕ ਮਹੀਨੇ ਦੀ ਸਿਰ ਖਪਾਈ ਮਗਰੋਂ ਪ੍ਰਧਾਨ ਨੇ ਪੂਰੇ ਦੀ 'ਵਾ ਨੂੰ ਬੁਲਾਇਆ ਤੇ ਕਿਹਾ—'ਚੰਗਾ, ਤੂੰ ਤਲਵਾਰ ਲੈ ਜਾ, ਤੇ ਇਹਦੇ ਬਦਲੇ 'ਚ ਮੇਰੀ ਰਾਣੀ ਸਾਹਿਬਾ ਨੂੰ ਲੈ ਆ...'

ਪੂਰੇ ਦੀ 'ਵਾ ਨੇ ਪ੍ਰਧਾਨ ਨੂੰ ਪੁੱਛਿਆ—'ਕੀ ਤੁਸੀਂ ਚੰਗੀ ਤਰ੍ਹਾਂ ਸੋਚ ਲਿਐ ?'

'ਹਾਂ, ਸੋਚ ਲਿਐ !' ਪ੍ਰਧਾਨ ਨੇ ਨਿਰਲੇਪ ਭਾਵ ਨਾਲ ਕਿਹਾ ਤਾਂ ਪੂਰੇ ਦੀ 'ਵਾ ਨੇ ਫੇਰ ਪੁੱਛਿਆ—'ਪਰ ਤੁਸੀਂ ਉਨ੍ਹਾਂ ਲੋਕਾਂ ਨੂੰ ਕੁਰਸੀ ਕਿਉਂ ਨਹੀਂ ਦੇ ਦਿੰਦੇ ?'

ਪ੍ਰਧਾਨ ਨੇ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ—'ਨਹੀਂ, ਮੈਂ ਵਿਦਰੋਹੀ ਗੱਭਰੂਆਂ ਨਾਲ ਰਾਜਸੱਤਾ ਦਾ ਬਟਵਾਰਾ ਨਹੀਂ ਕਰ ਸਕਦਾ...'

'ਉਹ ਤੁਹਾਡੀ ਹੱਠ ਕਰਕੇ ਹੀ ਵਿਦਰੋਹੀ ਬਣੇ ਨੇ...'

'ਉਹ ਕਿਵੇਂ ?'

'ਤੁਸੀਂ ਲੋਕਾਂ 'ਚ ਰਾਜਸੱਤਾ ਜੁ ਸਾਂਝੀ ਨਹੀਂ ਕਰਦੇ।'

'ਇਹ ਅਸੰਭਵ ਹੈ !' ਪ੍ਰਧਾਨ ਨੇ ਕਿਹਾ—'ਮੈਂ ਆਮ ਲੋਕਾਂ ਨੂੰ ਰਾਜਸੱਤਾ ਦੇ ਕਾਬਿਲ ਨਹੀਂ ਸਮਝਦਾ...'

ਪੂਰੇ ਦੀ 'ਵਾ ਨੇ ਕਿਹਾ—'ਚੰਗਾ, ਲਿਆਉ ਤਲਵਾਰ ਦਿਉ।'

'ਤੇ ਤੂੰ ਮੇਰੀ ਰਾਣੀ ਸਾਹਿਬਾਂ ਨੂੰ ਛੁਡਾ ਲਿਆਵੇਂਗੀ ?'

'ਹਾਂ, ਛੁਡਾ ਲਿਆਵਾਂਗੀ...'

'ਇਹ ਸੱਚੀ ਗੱਲ ਐ ?'

'ਬਿਲਕੁਲ ਸੱਚੀ...'

'ਚੰਗਾ !' ਪ੍ਰਧਾਨ ਸਹਿਜਤਾ ਨਾਲ ਬੋਲਿਆ 'ਫੇਰ ਮੈਂ ਤਲਵਾਰ ਦੇਣ ਲਈ ਤਿਆਰ ਹਾਂ...'

ਪੂਰੇ ਦੀ ਹਵਾ ਪਲਾਂ ਵਿਚ ਹੀ ਵਿਦਰੋਹੀਆਂ ਦੇ ਖੇਤਰ ਵੱਲ ਚਲੀ ਗਈ। ਉਹ ਆਪਣੇ ਮੰਤਵ 'ਚ ਸਫਲ ਹੋ ਗਈ ਸੀ। ਉਹ ਸੋਚਦੀ ਸੀ—'ਲੋਕਾਂ ਦੇ ਅੰਦਰ ਤਨਾਉ ਰਿੱਝਦਾ ਰਹੇ ਤਾਂ ਮੈਨੂੰ ਤਪਸ਼ ਮਹਿਸੂਸ ਹੁੰਦੀ ਹੈ, ਤੇ ਸਿੱਟੇ ਵਜੋਂ ਮੈਂ ਗਰਮ ਹੋ ਜਾਂਦੀ ਹਾਂ। ਫੇਰ ਤਾਂ ਲੋਕ ਮੈਨੂੰ ਬਿਲਕੁਲ ਹੀ ਬਰਦਾਸ਼ਤ ਨਹੀਂ ਕਰਦੇ।'

ਰਾਣੀ ਸਾਹਿਬਾ ਤਾਂ ਕਝ ਦਿਨਾਂ ਮਗਰੋਂ ਪ੍ਰਧਾਨ ਦੇ ਬੰਗਲੇ 'ਚ ਪੁਜ ਗਈ ਸੀ ਪਰ ਪ੍ਰਧਾਨ ਕੋਲ ਹੁਣ ਤਲਵਾਰ ਨਹੀਂ ਸੀ ਰਹੀ।

'ਤੂੰ ਠੀਕਠਾਕ ਰਹੀ ?' ਪ੍ਰਧਾਨ ਨੇ ਆਪਣੀ ਪਤਨੀ ਦੇ ਤਨ-ਮਨ ਨੂੰ ਗਹੁ ਨਾਲ ਦੇਖ ਕੇ ਪੁੱਛਿਆ ਤਾਂ ਪਤਨੀ ਨੇ ਕਿਹਾ—'ਮੈਂ ਤਾਂ ਠੀਕ-ਠਾਕ ਹਾਂ, ਪਰ ਤੁਸੀਂ ਤਲਵਾਰ ਵਿਦਰੋਹੀਆਂ ਨੂੰ ਦੇ ਕੇ ਚੰਗਾ ਨਹੀਂ ਕੀਤਾ !'

ਪ੍ਰਧਾਨ ਨੇ ਪਤਨੀ ਨੂੰ ਹੈਰਾਨੀ ਨਾਲ ਦੇਖਿਆ। ਉਹ ਸੋਚ ਰਿਹਾ ਸੀ—'ਇਹ ਔਰਤ ਕਿੰਨੀ ਬੇਸਮਝ ਐ। ਇਹਨੂੰ ਮੈਂ ਛੁਡਾ ਵੀ ਲਿਆ, ਪਰ ਇਹ ਫੇਰ ਵੀ ਖੁਸ਼ ਨਹੀਂ ਹੋਈ। ਸੱਚ ਹੀ ਕਹਿੰਦੇ ਨੇ...'

ਆਪਣੇ ਪਤੀ ਨੂੰ ਸੋਚੀਂ ਪਿਆ ਦੇਖ ਕੇ ਪ੍ਰਧਾਨ ਦੀ ਪਤਨੀ ਨੇ ਕਿਹਾ—'ਤੁਹਾਨੂੰ ਸ਼ਾਇਦ ਚੇਤੇ ਨਹੀਂ ਰਿਹਾ, ਉਹ ਇਕ ਚਮਤਕਾਰੀ ਤਲਵਾਰ ਸੀ...'

ਪ੍ਰਧਾਨ ਵਿਲਖਿਆ—'ਕੀ ਕਿਹਾ ?'

'ਹਾਂ,' ਉਹਦੀ ਪਤਨੀ ਬੋਲੀ—'ਜੇਕਰ ਉਹਨੂੰ ਬੀਜ ਦਿੱਤਾ ਜਾਂਦਾ ਤਾਂ ਉਹਦੇ ਬੀਜ ਨਾਲ ਲੱਖਾਂ ਹੀ ਤਲਵਾਰਾਂ ਪੈਦਾ ਹੋ ਸਕਦੀਆਂ ਸਨ...'

'ਕੀ ਇਹ ਸੱਚ ਐ ?'

'ਬਿਲਕੁਲ ਸੱਚ...'

'ਤੇ ਕੀ ਵਿਦਰੋਹੀ ਛੋਕਰਿਆਂ ਨੂੰ ਇਸ ਭੇਤ ਦਾ ਪਤੈ ?'

ਆਪਣੇ ਪਤੀ ਦੀ ਗੱਲ ਦੇ ਜਵਾਬ 'ਚ ਪਤਨੀ ਨੇ ਕਿਹਾ—'ਤੁਸੀਂ ਮੇਰੇ ਨਾਲ ਬੰਗਲੇ ਦੇ ਧੁਰ ਉਪਰ ਆਵੋ।'

ਬੰਗਲੇ ਦੇ ਧੁਰ ਉਪਰ ਜਾਕੇ ਦੋਵਾਂ ਨੇ ਆਲੇ-ਦੁਆਲੇ ਖੁਲ੍ਹੇ ਵਾਤਾਵਰਣ 'ਚ ਦੇਖਿਆ, ਵਿਦਰੋਹੀਆਂ ਦੇ ਖੇਤਰ ਵਿਚ ਹਰ ਪਾਸੇ ਸਰਕੜਿਆਂ ਵਾਂਗ ਤਲਵਾਰਾਂ ਉੱਗੀਆਂ ਹੋਈਆਂ ਸਨ। ਸੂਰਜ ਦੀ ਧੁੱਪ ਨਾਲ ਉਨ੍ਹਾਂ ਤਲਵਾਰਾਂ ਦੀਆਂ ਤਿੱਖੀਆਂ ਨੋਕਾਂ ਲਿਸ਼ਕ ਵੀ ਰਹੀਆਂ ਸਨ, ਜਿਵੇਂ ਜ਼ਹਿਰ ਨਾਲ ਚਮਕ ਰਹੀਆਂ ਹੋਣ।

ਪ੍ਰਧਾਨ ਨੇ ਕਾਹਲੀ ਨਾਲ ਪਤਨੀ ਨੂੰ ਓਥੇ ਹੀ ਛੱਡਕੇ ਆਪਣੀ ਕੁਰਸੀ 'ਤੇ ਕਬਜ਼ਾ ਕਰ ਲਿਆ—'ਇਹਨੂੰ ਮੈਂ ਕਿਸੇ ਕੀਮਤ 'ਤੇ ਨਹੀਂ ਛੱਡਾਂਗਾ, ਭਾਵੇਂ ਮੇਰੀ ਜਾਨ ਵੀ ਚਲੀ ਜਾਵੇ ?' ਅਤੇ ਉਹ ਪਛਾੜ ਖਾ ਕੇ ਡਿੱਗ ਪਿਆ।

96 ਗੋਲਡਨ ਐਵਿਨੀਊ, ਜਲੰਧਰ—144022.



ਵਾਦ-ਵਿਵਾਦ

## ਫਿਰ ਸ੍ਰੀ ਪ੍ਰੀਤਮ ਸਿੰਘ ਨੂੰ ਮੁਖ਼ਾਤਬ ਹਾਂ !

ਪਿਆਰੇ ਹੁੰਦਲ ਜੀ,

ਮੇਰੇ ਪੱਤਰ, ਮਾਰਕਸਵਾਦ ਬਨਾਮ ਪ੍ਰੀਤਮ ਸਿੰਘ—ਚਿਰਾਗ਼ ਅੰਕ ਨੰਬਰ-4, ਦੇ ਉੱਤਰ ਵਿਚ ਸ੍ਰੀ ਪ੍ਰੀਤਮ ਸਿੰਘ ਨੇ ਅੰਕ ਨੰਬਰ-5 ਵਿਚ ਦ੍ਵੰਦਆਤਮਿਕ ਇਤਿਹਾਸਕ ਭੌਤਿਕਵਾਦ ਦੇ ਸਿਧਾਂਤ ਨੂੰ ਰੱਦਣ ਦੀ ਸਮਝ ਦੇ ਸੰਬੰਧ ਵਿਚ ਜੋ ਵਿਚਾਰ ਪ੍ਰਗਟ ਕੀਤੇ ਸਨ, ਸ੍ਰੀ ਪ੍ਰੀਤਮ ਸਿੰਘ ਨੇ ਉਹਨਾਂ ਵਿਚਾਰਾਂ ਨੂੰ ਗਾਲੀ-ਗਲੋਚ ਕਹਿ ਕੇ, ਉਹਨਾਂ ਉਪਰ ਲਕੀਰ ਫੇਰਨ ਦਾ ਜੋ ਨਿਸਫਲ ਯਤਨ ਕੀਤਾ ਹੈ, ਉਸ ਨਾਲ ਉਹਨਾਂ ਦਾ ਦ੍ਵੰਦਆਤਮਿਕ ਇ: ਭੌਤਿਕਵਾਦ ਪ੍ਰਤੀ ਆਪਣੀ ਪੂਰਣ ਧਾਰਨਾ ਵਿਚ ਜਕੜੇ ਰਹਿਣ ਅਤੇ ਬੌਧਿਕ ਉਦਾਰਤਾ ਦਾ ਅਭਾਵ ਹੀ ਪ੍ਰਗਟ ਹੁੰਦਾ ਹੈ। ਮੈਨੂੰ ਅਫਸੋਸ ਹੈ ਕਿ ਸ੍ਰੀ ਪ੍ਰੀਤਮ ਸਿੰਘ ਨੂੰ ਮੇਰੀਆਂ ਦਲੀਲਾਂ 'ਗਾਲੀ-ਗਲੋਚ' ਹੀ ਲੱਗੀਆਂ ਹਨ। ਅਸਹਿਮਤੀਆਂ ਉਤੇ ਸਹਿਮਤ ਹੋਣਾ ਵੀ ਸੱਭਿਆਚਾਰਕ ਪੱਧਰ ਦਾ (ਪੂੰਜੀਵਾਦੀ ਸੱਭਿਆਚਾਰ ਵਿਚ) ਸੱਭਿਅਕ ਲਖਾਇਕ ਮੰਨਿਆ ਜਾਂਦਾ ਹੈ। ਵੈਸੇ ਮੈਂ ਤਾਂ ਦ੍ਵੰਦਅਤਮਿਕ ਇ: ਭੌਤਿਕਵਾਦੀ ਸਿਥਾਂਤਾਂ ਨੂੰ ਵਿਗਿਆਨਕ ਹੀ ਕਿਹਾ ਸੀ ਤੇ ਇਸ ਬਾਰੇ, ਉਹਨਾਂ ਨੂੰ ਅਧਿਅਨ ਕਰਨ ਦੀ ਬੇਨਤੀ ਹੀ ਕੀਤੀ ਸੀ।

ਚਾਰਲਸ ਡਾਰਵਿਨ ਦੀ ਪੁਸਤਕ 'ਉਰਜਿਨ ਆਫ ਸਪੀਸੀਜ' ਦਾ ਮੁੱਖ ਵਿਸ਼ਾ, ਜਿਵੇਂ ਪੁਸਤਕ ਦੇ ਨਾਂ ਤੋਂ ਵੀ ਜ਼ਾਹਰ ਹੈ, ਸ੍ਰਿਸ਼ਟੀ ਦੀ ਹੋਂਦ ਦੇ ਪਦਾਰਥਿਕ ਵਿਕਾਸ ਨੂੰ ਹੀ ਸਾਬਤ ਕਰਨ ਦਾ ਹੈ। 'ਨੈਚਰਲ ਸਲੇਕਸ਼ਨ' ਦਾ ਚੈਪਟਰ ਉਸ ਦੇ ਅੰਤਰ-ਗਤ ਆਉਂਦਾ ਹੈ। ਜਿਸ ਵਿਚ ਜੀਵ-ਜੰਤੂ ਅਤੇ ਬਨਸਪਤੀ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਇਕ ਦੂਜੇ ਨੂੰ ਆਹਾਰ ਬਣਾਉਂਦੇ ਹਨ। ਜੀਵ-ਜੰਤੂਆਂ ਅਤੇ ਬਨਸਪਤੀ ਦੀ ਆਪਣੀ ਹੋਂਦ ਲਈ ਅਜਿਹਾ ਕਰਨਾ ਵੀ ਵਿਰੋਧ-ਵਿਕਾਸੀ ਅਮਲ ਦੇ ਘੇਰੇ ਵਿਚ ਹੀ ਆਉਂਦਾ ਹੈ। ਕਾਰਲ ਮਾਰਕਸ, ਡਾਰਵਿਨ ਦੇ ਮੁੱਖ ਵਿਸ਼ੇ ਨੂੰ ਹੀ ਆਪਣੇ ਸਿਧਾਂਤਾਂ ਦੀ ਪੁਸ਼ਟੀ ਲਈ ਹਵਾਲੇ ਵਜੋਂ ਵਰਤਦੇ ਹਨ। ਤੁਹਾਨੂੰ ਇਥੇ ਇਹ ਨੁਕਤਾ ਚੰਗੀ ਤਰ੍ਹਾਂ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਹ ਕਾਰਲ ਮਾਰਕਸ ਨਹੀਂ ਸਨ, ਸਗੋਂ ਡਾਰਵਿਨਵਾਦੀ ਸਨ, ਜਿਹਨਾਂ ਡਾਰਵਿਨ ਦੇ ਸਿਧਾਤ ਦਾ ਦੂਜਾ ਪੱਖ ਕਿ ਵੱਡੇ ਜੀਵ ਛੋਟਿਆਂ ਨੂੰ ਖਾ ਕੇ ਜੀਂਦੇ ਹਨ, ਨੂੰ ਮਨੁੱਖੀ ਸਮਾਜ ਉਪਰ ਲਾਗੂ ਕਰਨਾ ਚਾਹਿਆ ਸੀ। ਗੱਲ ਏਥੇ ਹੀ ਨਹੀਂ ਮੁਕਾ ਦੇਣੀ ਚਾਹੀਦੀ ਸਵਾਲ ਪੈਦਾ ਹੁੰਦਾ ਹੁੰਦਾ ਹੈ ਕਿ ਡਾਰਵਿਨ-ਵਾਦੀਆਂ ਨੇ ਅਜਿਹੀ ਸਮਝ ਨੂੰ ਕਿਉਂ ਅਪਣਾਇਆ ? ਕਾਰਨ ਸਪੱਸ਼ਟ ਹੈ ਕਿ ਇਹ ਉਹਨਾਂ ਦੀ ਬਰਤਾਨਵੀ ਬੁਰਜੂਆ ਸਮਾਜ ਦੀ ਸਮਝ ਦੇ ਪ੍ਰਭਾਵ ਕਾਰਨ ਹੀ ਸੀ।

ਸ੍ਰੀ ਪ੍ਰੀਤਮ ਸਿੰਘ ਨੇ ਕਾਰਲ ਮਾਰਕਸ ਦੇ 15 ਫਰਵਰੀ 1869 ਦੇ ਜਿਸ ਪੱਤਰ ਦਾ ਹਵਾਲਾ ਦਿਤਾ ਹੈ ਉਸ ਵਿਚੋਂ ਉਹਨਾਂ ਪਹਿਲੇ ਹਿੱਸੇ ਨੂੰ ਅਣਡਿੱਠ ਕਰ ਦਿੱਤਾ ਹੈ ਜਾਂ ਉਹਨਾਂ ਲਈ ਆਪਣਾ ਉਲੂ ਸਿੱਧਾ ਕਰਨ ਲਈ ਇਹ ਸ਼ਾਇਦ ਜਰੂਰੀ ਸੀ, ਜੋ ਕਿ ਡਾਰਵਿਨਵਾਦੀਆਂ ਦੀ ਸਮਝ ਨੂੰ ਸਪੱਸ਼ਟ ਕਰਦਾ ਹੈ। ਇਸ ਵਿਚੋਂ' ਇਹ ਜਾਣਕਾਰੀ ਮਿਲਦੀ ਹੈ ਕਿ ਕਾਰਲ

ਮਾਰਕਸ ਦੇ ਜੁਆਈ ਪਾਲ ਲੁਫਾਰਗ ਨੇ ਇਕ ਫਰਾਂਸੀਸੀ ਲੇਖਕਾ ਸ੍ਰੀਮਤੀ ਰਉਏਰ ਨੂੰ ਮਾਰਕਸ ਦੀ ਪੁਸਤਕ "ਪੂੰਜੀ" ਦੇ ਫਰਾਂਸੀਸੀ ਅਨੁਵਾਦ ਬਾਰੇ ਪਹੁੰਚ ਕੀਤੀ ਸੀ ਜਿਸ ਵਿਚ ਉਹ ਕਿਸੇ ਕਾਰਨ ਸਫਲ ਨਹੀਂ ਹੋਇਆ ਸੀ। ਮਾਰਕਸ ਨੇ ਪਾਲ ਦੀ ਅਸਫਲਤਾ ਉਪਰ ਉਸ ਨੂੰ ਕਿਹਾ ਕਿ 'ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੈ। ਉਸ ਨੂੰ ਯਾਦ ਹੋਵੇਗਾ ਕਿ ਉਸ ਨੇ ਪਹਿਲਾਂ ਹੀ ਕਿਹਾ ਸੀ (ਕਿ ਇਹ ਜੋ ਸ੍ਰੀਮਤੀ ਰਉਏਰ ਹੈ ਜਿਸ ਨੇ ਡਾਰਵਿਨ ਦੀ ਪੁਸਤਕ 'ਉਰਿਜਿਨ ਆਣ ਸਪੀਸੀਜ਼' ਦਾ ਅਨੁਵਾਦ ਕਰਦਿਆਂ, ਜਿਸ ਨੇ ਮੁਖਬੰਦ ਲਿਖਿਆ ਸੀ,) "ਪੂੰਜੀਵਾਦੀ ਹੈ। ਉਸ ਨੇ ਉਮਰ ਭਰ ਲਈ ਡਾਰਵਿਨ ਨੂੰ ਬਰਤਾਨਵੀ ਸਮਾਜ (ਜੋ ਪੂੰਜੀਵਾਦੀ ਹੈ) ਨਾਲ ਨਰੜ ਦਿੱਤਾ ਹੈ। ਜਿਸ ਦਾ ਨਾਅਰਾ ਹੈ ਸਾਰਿਆਂ ਦਾ ਐਲਾਨੇ ਜੰਗ ਸਾਰੇ ਨਾਲ" ਭਾਵ ਮੰਡੀ ਵਿਵਸਥਾ ਵਿਚ ਇਕ ਦੂਜਾ ਮੁਕਾਬਲੇਬਾਜ਼ੀ ਵਿਚ ਮਰਨ-ਮਾਰਨ ਉਪਰ ਤੁਲਿਆ ਹੁੰਦਾ ਹੈ। ਏਸੇ ਪੂੰਜੀਵਾਦੀ ਪ੍ਰਬੰਧ ਦੇ ਅਮਾਨਵੀ ਖਾਸੇ ਵੱਲ ਸੰਕੇਤ ਕਰਦਿਆਂ ਕਾਰਲ ਮਾਰਕਸ ਕਹਿੰਦੇ ਹਨ ਕਿ "ਡਾਰਵਿਨਵਾਦ ਇਹ ਵਿਸ਼ਵਾਸ਼ ਪ੍ਰਗਟ ਕਰਦਾ ਹੈ ਕਿ ਕਿ ਮਾਨਵ ਸਮਾਜ ਆਪਣੇ ਆਪ ਨੂੰ ਪਸ਼ੂਪੁਣੇ ਤੋਂ ਕਦੇ ਵੀ ਮੁਕਤ ਨਹੀਂ ਕਰ ਸਕੇਗਾ।" ਜੇ ਕਰ ਕਾਰਲ ਮਾਰਕਸ ਦਾ ਇਹ ਸਿੱਟਾ ਆਪਣੇ ਸਿਧਾਂਤ ਦੀ ਭਰੋਸੇਯੋਗਤਾ ਬਾਰੇ ਕੱਢਿਆ ਹੁੰਦਾ ਤਾਂ ਉਹਨਾਂ ਨੇ ਬੁਰਜੂਆ ਬੁੱਧੀਜੀਵੀਆਂ ਵਾਂਗੂ ਜੀਵਨ ਸੰਘਰਸ਼ ਤੋਂ ਕਿਨਾਰਾ ਕਸ਼ੀ ਕਰ ਲਈ ਹੁੰਦੀ ਅਤੇ ਉਹ ਵੀ ਕਾਗ਼ਜ਼ੀ ਲਫਾਫੇਬਾਜ਼ੀ ਕਰਦੇ। ਪ੍ਰੰਤੂ 1871 ਵਿਚ ਪੈਰਸ ਕਮਿਊਨ ਦੇ ਵਾਪਰਨ ਅਤੇ ਉਸ ਤੋਂ ਪਿਛੋਂ ਵਰਕਰਾਂ ਦੀ ਕੌਮਾਂਤਰੀ ਜਥੇਬੰਦੀ ਆਦਿ ਰਾਹੀਂ ਮਨੁੱਖੀ ਸਮਾਜ ਨੂੰ ਪੂੰਜੀਵਾਦੀ ਪ੍ਰਬੰਧ ਦੇ ਜ਼ੰਗਲੀ ਕਾਨੂੰਨਾਂ ਤੋਂ ਮੁਕਤ ਕਰਨ ਲਈ ਕਰਾਂਤੀਕਾਰੀ ਰਾਹ ਨਾ ਆਪਣਾਉਂਦੇ। ਸ੍ਰੀਮਤੀ ਰਉਏਰ ਜਾ ਡਾਰਵਿਨ-ਵਾਦੀਆਂ ਦੀ ਸਮਝ, ਕਿਸੇ ਯੁੱਗ ਦੇ ਮਾਰਕਸਵਾਦੀਆਂ ਨੂੰ ਜਮਾਤੀ ਸੰਘਰਸ਼ ਦੇ ਰਾਹ ਤੋਂ ਪਰੇ ਨਹੀਂ ਹਟਾ ਸਕਦੇ। ਹਾਂ, ਮਾਰਕਸਵਾਦ ਦੀ ਭੰਨ-ਤੋੜ ਕਰਨ ਵਾਲੇ ਚਾਹੇ ਉਹ ਟਰਾਸਕੀਵਾਦੀ ਹੋਣ ਤੇ ਚਾਹੇ ਖ਼ਰੋਸ਼ਚੋਵ ਵਾਦੀ ਹੋਣ ਅਤੇ ਚਾਹੇ ਗੋਰਬਾਚੋਵਵਾਦੀ ਅਧੁਨਿਕਤਾਵਾਦੀ ਹੋਣ ਤੇ ਭਾਵੇਂ ਸ੍ਰੀ ਪ੍ਰੀਤਮ ਸਿੰਘ ਹੋਣ ਜਾਂ ਕੋਈ ਹੋਰ, ਉਹ ਆਪਣੀਆਂ ਵਿਆਖਿਆਵਾਂ ਦੁਆਰਾ ਝੂਠ, ਲੁੱਟ-ਖੋਹ, ਅਮਾਨਵਤਾ, ਹਿੰਸਾ, ਬੇ-ਇਨਸਾਫੀ, ਨਾ ਬਰਾਬਰਤਾ ਦੇ ਸਮਾਜੀ ਪ੍ਰਬੰਧ ਉਪਰ ਅਖੌਤੀ ਜਮਹੂਰੀਅਤ ਦੇ ਮਖੌਟੇ ਪਾਕੇ ਮਾਨਵੀ ਸ਼ਕਤੀਆਂ ਨੂੰ ਭੁਲੇਖੇ ਵਿਚ ਨਹੀਂ ਪਾ ਸਕਦੇ।

ਜੇ ਕਰ ਸ੍ਰੀ ਪ੍ਰੀਤਮ ਸਿੰਘ ਨੇ ਹੱਥਲੀ ਬਹਿਸ ਦਾ ਵਿਸ਼ਾ ਦ੍ਵੰਦਆਤਮਿਕ ਇਤਿਹਾਸਕ ਭੌਤਿਕਵਾਦ ਦੇ ਸਿਧਾਂਤ ਦੀ ਸਾਰਥਿਕਤਾ ਤੋਂ ਪਰੇ ਲਿਜਾ ਕੇ ਡਾਰਵਿਨ ਦੀ 'ਉਰਿਜਨ ਆਫ ਸਪੀਸਜ਼' ਨੂੰ ਹੀ ਬਣਾਉਣਾ ਸੀ ਤਾਂ ਘੱਟੋ-ਘੱਟ ਉਸ ਦੇ ਸੰਬੰਧ ਵਿਚ ਮਾਰਕਸ ਦੀਆਂ ਲਿਖਤਾਂ ਵਿਚੋਂ ਦਿੱਤੇ ਹਵਾਲੇ ਨੂੰ ਭੰਨ-ਤੋੜ ਕੇ ਪੇਸ਼ ਕਰਨ ਦੀ ਥਾਂ ਉਤੇ, ਮਾਰਕਸ ਦੀ ਲਿਖਤ ਨੂੰ ਉਸ ਦੇ ਸਹੀ ਸੰਦਰਭ ਵਿਚ ਪੇਸ਼ ਤਾਂ ਕਰਨਾ ਚਾਹੀਦਾ ਸੀ। ਵੈਸੇ ਅਮਾਨਵੀ ਕਦਰਾਂ ਦੇ ਪ੍ਰਤੀਨਿਧ ਪੂੰਜੀਵਾਦੀ ਬੁੱਧੀਜੀਵੀਆਂ ਤੋਂ ਇਸਦੀ ਆਸ ਰੱਖਣਾ ਖ਼ਰਗੋਸ਼ ਦੇ ਸਿਰ ਉਪਰ ਸਿੰਗ ਢੂੰਡਣ ਵਾਲੀ ਗੱਲ ਹੁੰਦੀ ਹੈ। ਡਾਰਵਿਨ ਦੀ ਪੁਸਤਕ ਦੇ ਦੋਵੇਂ ਪੱਖਾਂ ਨੂੰ ਵਿਚਾਰਦਿਆਂ ਉਸ ਦੇ ਸ਼ਰਿਸ਼ਟੀ ਦੇ ਹੋਂਦ ਸਿਧਾਂਤ ਨੂੰ ਹੀ ਪਹਿਲਾਂ ਰਖਣਾ ਬਣਦਾ ਹੈ। ਨਾਕਿ ਉਸ ਵਲ ਟੀਰੀ ਅੱਖ ਕਰਕੇ ਦਰ-ਗੁਜ਼ਰ ਕਰਨਾ ਚਾਹੀਦਾ ਸੀ। ਪ੍ਰੰਤੂ ਇਸ ਨੂੰ 'ਉੱਤਰ ਆਧੁਨਿਕਤਾਵਾਦੀਆਂ ਦੀ ਨਵੀਂ ਤਕ-ਨੀਕ ਹੀ ਆਖਿਆ ਜਾ ਸਕਦਾ ਹੈ ਜੋ "ਸਿਰਫ ਇਕ ਅੱਖ ਨਾਲ ਸਿਰਫ ਇਕ ਪਾਸੇ ਦਾ ਬਾਜ਼ਾਰ ਹੀ ਦੇਖਦੇ ਹਨ ਅਤੇ ਗਰਦਨ ਘੁਮਾ ਕੇ ਦੇਖਣਾ ਉਹਨਾਂ ਦੇ ਬੱਸ ਦਾ ਰੋਗ ਨਹੀਂ ਹੈ। ਇਹ ਅਧਰੰਗ ਦੇ ਕਾਰਨ ਨਹੀ—ਭੂਤ ਬੰਧਨ ਦੇ ਕਾਰਨ ਹੈ। (ਚੰਚਲ ਚੌਹਾਨ-ਨਇਆ ਪੱਥ (ਹਿੰਦੀ) ਅੰਕ ੬9)



ਸ੍ਰੀ ਪ੍ਰੀਤਮ ਸਿੰਘ ਮੈਨੂੰ ਮਾਰਕਸ ਤੇ ਡਾਰਵਿਨ ਦੇ ਨਾਲ ਆਪਣੇ ਵਾਂਗ ਖੜੋਤੇ ਹੋਏ ਆਖ ਕੇ ਦਿਲ ਖੁਸ਼ ਕਰਦੇ ਹਨ। ਉਹ ਅਜਿਹਾ ਕਿਸੇ ਅਕਾਦਮਿਕ ਪਰੰਪਰਾ ਦੀ ਮਜ਼ਬੂਰੀ ਵਜੋਂ ਕਰਦੇ ਹਨ ਜਾਂ ਮਾਰਕਸਵਾਦ ਨੂੰ ਪਿਛਲੀ ਸਦੀ ਦੀਆਂ ਬ੍ਰੈਕੇਟਾਂ ਵਿਚ ਕੈਦ ਕਰਨ ਲਈ ਕਰਦੇ ਹਨ, ਇਸ ਬਾਰੇ ਤਾਂ ਉਹ ਆਪ ਹੀ ਜਾਣਦੇ ਹਨ ਪ੍ਰੰਤੂ ਚੰਚਲ ਚੌਹਾਨ ਇਸ ਸੰਬੰਧੀ ਨਇਆ ਪਥ ਦੇ ਉਪਰੋਕਤ ਅੰਕ ਵਿਚ ਇਕ ਹੋਰ ਥਾਂ ਠੀਕ ਹੀ ਕਹਿੰਦੇ ਹਨ, "...ਭੋਲੇ-ਭਾਲੇ ਲੋਕਾਂ ਦੇ ਮਨ ਵਿਚ ਉਹ ਪਹਿਲਾਂ ਹੀਣਭਾਵਨਾ ਭਰਦੇ ਹਨ ਕਿ ਅਮਾਯਾਰ ਕਿਸ ਜ਼ਮਾਨੇ ਵਿਚ ਜੀ ਰਹੇ ਹੋ, ਦੁਨੀਆਂ ਕਿਥੋਂ ਤੇ ਕਿਥੇ ਚਲੀ ਗਈ ਹੈ ਆਪ ਉਸੇ ਪੁਰਾਣੀ ਜਾਗਰਤੀ ਵਿਚ ਵਸੇ ਪਏ ਹੋ, ਇਸ ਨਾਲ ਕੰਮ ਨਹੀਂ ਚਲਣਾ। ਪ੍ਰੰਤੂ ਮੁਸ਼ਕਲ ਇਹ ਹੈ ਕਿ ਸੰਸਾਰ ਦੀ ਗਿਆਨ ਅਵਸਥਾ ਵਿਚ ਮਾਰਕਸਵਾਦ ਅਜਿਹਾ ਦਰਸ਼ਨ ਬਣ ਕੇ ਸਾਹਮਣੇ ਆ ਗਿਆ ਹੈ ਜਿਸ਼ ਨਾਲ ਟਕਰਾਏ ਬਗੈਰ ਇਹ ਨਵੇਂ ਗਿਆਨ ਆਪਣੇ ਆਪ ਨੂੰ ਸਥਾਪਤ ਵੀ ਨਹੀਂ ਕਰ ਸਕਦੇ। ਇਸ ਲਈ ਉਹ ਸਰਵ ਨਿਸ਼ਚੇਵਾਦ ਦੀ ਸ਼ਰਨ ਲੈਂਦੇ ਹਨ। ਮਾਰਕਸਵਾਦ ਨੂੰ ਝੁਠਲਾਉਣ ਦੇ ਯਤਨ ਵਿਚ ਉਹ ਭੂਤਕਾਲ ਦੀ ਤਰਫ ਮੁੜਦੇ ਹਨ, ਲੋਕ ਵਿਸ਼ਵਾਸ਼ ਵਿਚ ਭੂਤਾਂ ਦੇ ਪੈਰ ਉਲਟੇ ਦੱਸੇ ਜਾਂਦੇ ਹਨ।" ਆਦਿ। ਨਿਰਸੰਦੇਹ ਸਮਾਜੀ ਵਿਕਾਸ ਅਤੇ ਪਦਾਰਥਿਕ ਵਿਕਾਸ ਦੇ ਰੂਪ ਵਿਚ ਸਾਡਾ ਯੁੱਗ ਮਾਰਕਸ ਦੇ ਸਮੇਂ ਨਾਲੋਂ ਹੀ ਨਹੀਂ, ਪਿਛਲੇ ਪੰਜਾਹ ਸਗੋਂ ਦਸਾਂ-ਪੰਜਾਂ ਸਾਲਾਂ ਨਾਲੋਂ ਵੀ ਅੱਗੇ ਨਿਕਲ ਗਿਆ ਹੈ। ਪ੍ਰੰਤੂ ਸਮਾਜ ਵਿਚ ਜਮਾਤੀ ਵਿਰਧਤਾਈਆ ਜਿਉਂਦੀਆਂ ਤਿਉਂ ਖੜੀਆਂ ਹਨ ਸਗੋਂ ਪਹਿਲਾਂ ਨਾਲੋਂ ਡੂੰਘੀਆਂ ਹੋਈਆਂ ਹਨ। ਜਮਾਤੀ ਸੰਘਰਸ਼ ਕੋਈ ਨਵੀਂ ਸਮਾਜੀ ਸਥਿਤੀ ਨਹੀਂ ਹੈ। ਮਾਰਕਸ ਦੇ ਸ਼ਬਦਾਂ ਵਿਚ ਸਾਰਾ ਮਨੁੱਖੀ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੀ ਤਾਂ ਹੈ। ਯੁੱਗ ਪਰੀਵਰਤਨ ਨਾਲ ਜਮਾਤੀ ਸੰਘਰਸ਼ ਦੇ ਰੂਪ ਵਿਚ ਭਿੰਨਤਾ ਹੋਣੀ ਸੁਭਾਵਿਕ ਹੀ ਹੈ।

ਸ੍ਰੀ ਪ੍ਰੀਤਮ ਸਿੰਘ ਦੇ "ਪਸ਼ੂਪਨ ਤੋਂ ਕਦੇ ਵੀ ਮੁਕਤ ਨਹੀਂ" ਹੋਣ ਦੇ ਵਿਸ਼ਵਾਸ਼ ਬਾਰੇ ਇਕ ਗੱਲ ਇਹ ਵੀ ਕਹਿਣੀ ਚਾਹਾਂਗਾ ਕਿ ਇਸ ਨੂੰ ਸਮਝਣ ਲਈ ਕਿ ਜੀਵ-ਜੰਤੂ ਅਤੇ ਬਨਸਪਤੀ ਤੋਂ ਉਪਰ ਮਨੁੱਖ ਹੈ, ਜੋ ਆਪਣੀ ਬੁੱਧੀਮਤਾ ਕਾਰਨ ਸਾਰੀ ਸਰਿਸ਼ਟੀ ਨਾਲੋਂ ਸ਼੍ਰੋਮਣੀ ਹੈ। ਸਾਰੇ ਸਮਾਜੀ ਵਿਕਾਸ ਦਾ ਸਿਹਰਾ ਮਨੁੱਖ ਜਾਤੀ ਦੇ ਸਿਰ ਹੀ ਬੱਝਦਾ ਹੈ ਜਿਸ ਦੇ ਕਾਰਨ ਹੋਰ ਸਾਰੇ ਸਮਾਜੀ ਅਤੇ ਗਿਆਨ-ਵਿਗਿਆਨਕ ਵਿਕਾਸ ਦੇ ਕਾਰਨ ਅਸੀਂ (ਤੁਸੀਂ ਵੀ!) ਇਸ ਚਲੰਤ ਬਹਿਸ ਕਰਨ ਦੇ ਯੋਗ ਹੋਏ ਹਾਂ। ਜੇ ਕਰ ਮਨੁੱਖੀ ਸਮਾਜ ਅੱਜ ਤੱਕ ਦੀਆਂ ਸਾਰੀਆਂ ਮਨੁੱਖੀ ਕਦਰਾਂ ਕੀਮਤਾ ਨੂੰ ਪ੍ਰਾਪਤ ਨਹੀਂ ਕਰ ਸਕਿਆ ਹੈ ਤਾਂ ਇਸ ਦਾ ਇਕੋ-ਇਕ ਕਾਰਨ ਸਾਡੇ ਸਮਾਜੀ ਪ੍ਰਬੰਧ ਦੀ ਜਮਾਤੀ ਬਣਤਰ ਹੈ। ਜਿਸ ਕਾਰਨ ਕੋਈ ਸੰਪਤੀਵਾਨ ਹੈ ਤੇ ਕੋਈ ਸੰਪਤੀਹੀਨ ਹੈ। ਕੋਈ ਬਾਰੁਜ਼ਗਾਰ ਹੈ ਤੇ ਕੋਈ ਬੇਰੁਜ਼ਗਾਰ ਹੈ। ਕੋਈ ਗਿਆਨੀ ਹੈ ਤੇ ਕੋਈ ਅਗਿਆਨੀ ਹੈ ਭਾਵ ਕੋਈ ਸਾਖਰ ਹੈ ਤੇ ਕੋਈ ਨਿਸਾਖਰ ਹੈ। ਜੋ ਸਮਾਜ ਨੂੰ ਗ਼ਰੀਬਾ-

ਅਮੀਰਾਂ ਤੇ ਵਿਹਲੜਾਂ ਅਤੇ ਮਿਹਨਤੀਆਂ ਦੀਆਂ ਦੋ ਜਮਾਤਾਂ ਵਿਚ ਵੰਡਦਾ ਹੈ। ਸਮਾਜ ਦੀ ਅਜਿਹੀ ਬਣਤਰ ਕਾਇਮ ਰੱਖਣ ਲਈ ਹਾਕਮ-ਜਮਾਤਾਂ ਜੰਗਲ ਦੇ ਕਾਨੂੰਨ ਨੂੰ ਲਾਗੂ ਕਰ ਰਹੀਆਂ ਹਨ ਤੇ ਮਨੁੱਖੀ ਸਮਾਜ ਨੂੰ 'ਅਮਾਨਵੀ' ਬਣਾਈ ਰੱਖਣ ਲਈ ਬਜ਼ਿੱਦ ਹਨ।

ਸ੍ਰੀ ਪ੍ਰੀਤਮ ਸਿੰਘ ਜੀ ਮਨੁੱਖੀ ਸਮਾਜ ਨੂੰ 'ਅਮਾਨਵੀ' ਵਿਵਸਥਾਂ 'ਚੋਂ ਮੁਕਤ ਹੋਣ ਲਈ ਇਸ ਦੀ 'ਅਮਾਨਵੀ ਮਾਨਸਿਕਤਾ' ਤੋਂ ਵੀ ਮੁਕਤ ਹੋਣਾ ਜ਼ਰੂਰੀ ਹੈ। ਇਸ ਲਈ ਸੰਘਰਸ਼ ਦਾ ਜਾਰੀ ਰਹਿਣਾ ਅਟੱਲ ਹੈ। ਇਹ ਸੰਘਰਸ਼ ਜਿੱਤਾਂ-ਹਾਰਾਂ ਦੇ ਲੰਮੇਂ ਦੌਰਾਂ ਵਿਚੋਂ ਨਿਕਲਦਾ ਹੀ ਅੱਗੇ ਵਧਦਾ ਹੈ। ਇਸ ਅਮਲ ਨੂੰ ਵਿਰੋਧ ਵਿਕਾਸੀ ਅਮਲ ਕਿਹਾ ਜਾਂਦਾ ਹੈ ਜੋ ਕਿ ਮਾਰਕਸੀ ਸਿਧਾਂਤ ਵਜੋਂ ਜਾਣਿਆਂ ਜਾਂਦਾ ਹੈ। ਘੋਲ ਅਸੀਂ ਵੀ ਘੁਲ ਰਹੇ ਹਾਂ ਅਤੇ ਘੋਲ ਤੁਸੀਂ ਵੀ ਘੁਲ ਰਹੇ ਹੋ। ਤੁਸੀਂ ਸਾਡੇ ਵਿਰੋਧ ਵਿਚ ਪਰੰਪਰਾਗਤ ਸਮਾਜੀ ਵਿਵਸਥਾ ਨੂੰ ਕਾਇਮ ਰੱਖਣ ਲਈ ਅਤੇ ਅਸੀਂ ਇਸ ਅਮਾਨਵੀ ਵਿਵਸਥਾ ਨੂੰ ਖ਼ਤਮ ਕਰਨ ਲਈ ਸੰਘਰਸ਼ ਕਰ ਰਹੇ ਹਾਂ। ਜਿਥੇ ਇਹ ਸੰਘਰਸ਼ ਰਾਜਨੀਤਕ ਅਤੇ ਸਮਾਜਿਕ ਖੇਤਰ ਵਿਚ ਚੱਲ ਰਿਹਾ ਹੈ ਉਥੇ ਇਹ ਸਭਿਆ-ਚਾਰਿਕ ਖੇਤਰਵਿਚ—ਖ਼ਾਸ ਕਰਕੇ ਸਾਹਿਤ ਦੇ ਖੇਤਰ ਵਿਚ ਵੀ ਚੱਲ ਰਿਹਾ ਹੈ। ਅਸੀਂ ਇਸ ਤੋਂ ਪਿੱਛੇ ਹਟਣ ਵਾਲੇ ਨਹੀਂ ਹਾਂ ਕਿਉਂਕਿ ਸਾਡਾ ਸੰਘਰਸ਼ ਹਨ੍ਹੇਰ ਦੇ ਖ਼ਿਲਾਫ ਚਾਨਣ ਦਾ ਸੰਘਰਸ਼ ਹੈ, ਅਗਿਆਨ ਦੇ ਖਿਲਾਫ ਗਿਆਨ ਦਾ ਸੰਘਰਸ਼ ਹੈ। ਅਸੱਤ ਦੇ ਖਿਲਾਫ ਸੱਚ ਦਾ ਸੰਘਰਸ਼ ਹੈ ਅਤੇ ਇਹ ਮਨੁੱਖਤਾ ਦੀ ਬੰਦਖਲਾਸੀ ਦਾ ਸੰਘਰਸ਼ ਹੈ।

ਸ਼ੁਭਚਿੰਤਕ
ਸੂਫ਼ੀ ਅਮਰਜੀਤ

ਬੱਸੀਆਂ/**14** ਮਈ **1996**

## ਵਾਦ-ਵਿਵਾਦ-2

ਮਾਨਯੋਗ ਸੰਪਾਦਕ ਜੀ,

ਪਿਛਲੇ ਦਿਨੀਂ ਬ੍ਰਤਾਨੀਆ ਵਿਚ ਵਸਦੇ ਪੰਜਾਬੀ ਦੇ ਪ੍ਰਸਿੱਧ ਆਲੋਚਕ ਤੇ ਗਲਪ ਲੇਖਕ ਡਾ: ਸਵਰਨ ਚੰਦਨ ਆਪਣੇ ਉੱਤਰੀ ਅਮ੍ਰੀਕਾ ਦੇ ਦੌਰੇ ਦੌਰਾਨ ਕੁਝ ਦਿਨ ਵੈਨਕੂਵਰ ਠਹਿਰੇ। 'ਪੰਜਾਬੀ ਲੇਖਕ ਮੰਚ ਵੈਨਕੂਵਰ' ਵਲੋਂ ਆਯੋਜਿਤ ਇਕ ਵਿਸ਼ੇਸ਼ ਮੀਟਿੰਗ ਵਿਚ ਉਹਨਾਂ ਨੇ 'ਕੈਨੇਡਾ ਦੀ ਪੰਜਾਬੀ ਕਹਾਣੀ' ਉਪਰ ਇਕ ਖੋਜ-ਪੱਤਰ ਪੜ੍ਹਿਆ ਜਿਸ ਵਿਚੋਂ ਇਕ ਮਹੱਤਵਪੂਰਣ ਨੁਕਤਾ ਉਭਰ ਕੇ ਸਾਹਮਣੇ ਆਇਆ ਜੋ ਮੈਂ ਇਸ ਖ਼ਤ ਰਾਹੀਂ ਤੁਹਾਡੇ ਪਾਠਕਾਂ ਅਤੇ ਭਾਰਤ ਤੋਂ ਬਾਹਰ ਵਸਦੇ ਹੋਰ ਪੰਜਾਬੀ ਲੇਖਕਾਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ।

ਡਾ: ਚੰਦਨ ਨੇ ਕਿਹਾ ਕਿ ਭਾਰਤ ਤੋਂ ਬਾਹਰ ਰਚਿਆ ਜਾ ਰਿਹਾ ਪੰਜਾਬੀ ਸਾਹਿਤ ਆਮ ਤੌਰ ਤੇ 'ਪ੍ਰਵਾਸੀ ਪੰਜਾਬੀ ਸਾਹਿਤ' ਦੇ ਹਵਾਲੇ ਅਧੀਨ ਹੀ ਵਿਚਾਰਿਆ ਜਾਂਦਾ ਹੈ ਤੇ ਅਜਿਹਾ ਕਰਨ ਨਾਲ ਇਹ ਮੁੱਖ-ਧਾਰਾ ਪੰਜਾਬੀ ਸਾਹਿਤ ਵਿਚ ਸ਼ਾਮਿਲ ਹੋਣ ਤੋਂ ਰਹਿ ਜਾਂਦਾ ਹੈ। ਇਸ ਵਰਤਾਰੇ ਪਿੱਛੇ ਪੰਜਾਬ ਵਸਦੇ ਆਲੋਚਕਾਂ/ਸੰਪਾਦਕਾਂ/ ਸਾਹਿਤਕਾਰਾਂ ਦੀਆਂ ਕੀ ਪ੍ਰਵਿਰਤੀਆਂ ਕੰਮ ਕਰ ਰਹੀਆਂ ਹਨ ਇਹ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਕ ਗੱਲ ਜ਼ਰੂਰ ਹੈ ਕਿ ਅਜਿਹਾ ਕਰਨ ਨਾਲ ਭਾਰਤ ਤੋਂ ਬਾਹਰ ਰਚੇ ਜਾ ਰਹੇ ਪੰਜਾਬੀ ਸਾਹਿਤ ਦਾ ਯੋਗ ਮੁਲੰਕਣ ਨਹੀਂ ਹੁੰਦਾ।



ਅੱਗੇ ਚੱਲ ਕੇ ਉਹਨਾਂ ਨੇ ਕਿਹਾ ਕਿ ਹੁਣ ਜਦੋਂ ਬ੍ਰਤਾਨੀਆ ਜਾਂ ਕੈਨੇਡਾ ਦੇ ਕਵੀ ਤੇ ਗਲਪਕਾਰ ਮੁੱਖ-ਧਾਰਾ ਪੰਜਾਬੀ ਸਾਹਿਤ ਦੇ ਹਾਣ-ਮੇਚ ਦੀ ਰਚਨਾ ਕਰ ਰਹੇ ਹਨ ਤਾਂ ਉਹਨਾਂ ਦੀ ਸਿਰਜਣਾਤ-ਮਿਕਤਾ ਨੂੰ ਕਿਸੇ 'ਵਿਸ਼ੇਸ਼ ਰਿਆਇਤ' ਜਾਂ 'ਪ੍ਰਵਰਗ' ਦੇ ਅਧੀਨ ਵਿਚਾਰਨਾ ਉਨ੍ਹਾਂ ਨੂੰ ਛੁਟਿ-ਆਉਣ ਵਾਲੀ ਗੱਲ ਜਾਪਦੀ ਹੈ।

ਮੇਰੇ ਵਿਚਾਰ ਵਿਚ ਡਾ: ਸਵਰਨ ਚੰਦਨ ਦਾ ਉਪ੍ਰੋਕਤ ਕਥਨ ਗੰਭੀਰਤਾ ਨਾਲ ਵਿਚਾਰੇ ਜਾਣ ਦੀ ਮੰਗ ਕਰਦਾ ਹੈ। ਅੱਜ ਜਦੋਂ ਕਿ ਪੰਜਾਬੀ ਬੋਲਣ ਵਾਲੇ ਲੋਕ ਦੁਨੀਆਂ ਦੇ ਲਗਪਗ ਹਰ ਖਿੱਤੇ ਵਿਚ ਜਾ ਕੇ ਵੱਸ ਚੁੱਕੇ ਹਨ ਅਤੇ ਆਪੋ-ਆਪਣੀ ਜਗਹ ਪੰਜਾਬੀ ਜ਼ੁਬਾਨ ਦੀ ਭਲਾਈ ਲਈ ਯਥਾਯੋਗ ਯਤਨ ਜੁੱਟਾ ਰਹੇ ਹਨ ਤੇ ਜਿਸਦੇ ਸਿੱਟੇ ਵਜੋਂ ਪੰਜਾਬੀ ਇਕ ਖੇਤਰੀ ਭਾਸ਼ਾ ਨਾ ਰਹਿ ਕੇ ਗਲੋਬਾਲ ਭਾਸ਼ਾ ਬਣਨ ਵੱਲ ਪੇਸ਼ ਕਦਮੀ ਕਰ ਰਹੀ ਹੈ, ਤਾਂ ਪੰਜਾਬ ਤੋਂ ਬਾਹਰਲੇ ਖਿੱਤਿਆਂ ਵਿਚ ਰਚਿਆ ਜਾ ਰਿਹਾ ਪੰਜਾਬੀ ਸਾਹਿਤ ਸਮਕਾਲੀ ਮੁੱਖ-ਧਾਰਾ ਪੰਜਾਬੀ ਸਾਹਿਤ ਤੋਂ ਨਿਖੇੜ ਕੇ ਦੇਖਿਆ ਜਾਣਾ ਅਪ੍ਰਸੰਗਕ ਹੋ ਗਿਆ ਹੈ।

ਇਸ ਤੋਂ ਇਲਾਵਾ ਜੇਕਰ ਪੰਜਾਬ ਤੋਂ ਬਾਹਰ ਵਸਦਾ ਪੰਜਾਬੀ ਲੇਖਕ ਆਪਣੇ ਉੱਥੋਂ ਦੇ ਅਨੁਭਵ ਵਿਚੋਂ ਸਾਹਿਤ ਰਚਨਾ ਕਰਦਾ ਹੈ ਤਾਂ ਉਹ ਨਿਸਚੈ ਹੀ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਅਮੀਰੀ ਪ੍ਰਦਾਨ ਕਰਦਾ ਹੈ। ਇਹ ਗੱਲ ਸਮੁੱਚੀ ਪੰਜਾਬੀ ਜ਼ੁਬਾਨ ਦਾ ਗੁਣ ਗਿਣੀ ਜਾਣੀ ਚਾਹੀਦੀ ਹੈ ਔਗੁਣ ਨਹੀਂ। ਕਿਸੇ ਵੀ ਉਚਕੋਟੀ ਸਾਹਿਤ ਦਾ ਇਹ ਸਰਵ-ਵਿਆਪੀ ਲੱਛਣ ਹੁੰਦਾ ਹੈ ਕਿ ਉਸ ਨੂੰ ਪੜ੍ਹਨ ਤੋਂ ਬਾਅਦ ਪਾਠਕ ਦੀ ਚੇਤਨਾ ਅਤੇ ਸੰਵੇਦਨਸ਼ੀਲਤਾ ਨਾ ਸਿਰਫ ਡੂੰਘੇ ਤੌਰ ਤੇ ਪ੍ਰਭਾਵਿਤ ਹੁੰਦੀਆਂ ਹਨ ਸਗੋਂ ਉਹਨਾਂ ਦਾ ਗੁਣਾਤਮਕ ਵਿਕਾਸ ਵੀ ਹੁੰਦਾ ਹੈ। ਸੋ ਸਾਨੂੰ ਹਰ ਸਾਹਿਤਕ ਰਚਨਾ ਨੂੰ ਇਸੇ ਕਸੌਟੀ ਉਪਰ ਪਰਖਣਾ ਚਾਹੀਦਾ ਹੈ ਨਾ ਕਿ ਸਾਹਿਤਕਾਰ ਦੇ ਭੂਗੋਲਿਕ ਨਿਵਾਸ ਸਥਾਨ ਦੇ ਖਿੱਤੇ ਉਪਰ। ਉੱਚ ਪੱਧਰ ਜਾਂ ਨੀਵੀਂ ਪੱਧਰ ਦਾ ਸਾਹਿਤ ਕਿਸੇ ਵੀ ਭਾਸ਼ਾ ਵਿਚ ਕਿਸੇ ਵੀ ਜਗਹ ਰਚਿਆ ਜਾਂਦਾ ਰਿਹਾ ਹੈ ਤੇ ਰਹੇਗਾ ਵੀ। ਅੰਗਰੇਜ਼ੀ ਦਾ ਲੇਖਕ ਭਾਵੇਂ ਦੁਨੀਆਂ ਦੇ ਕਿਸੇ ਵੀ ਗੈਰ ਅੰਗਰੇਜ਼ੀ ਮੁਲਕ ਵਿਚ ਵਸਿਆ ਸਾਹਿਤ ਰਚਨਾ ਕਰਦਾ ਹੈ ਤਦ ਵੀ ਉਹ ਰਚਨਾ ਸਾਰੇ ਹੀ ਅੰਗਰੇਜ਼ੀ ਸਾਹਿਤ ਦਾ ਅੰਗ ਹੀ ਮੰਨੀ ਜਾਂਦੀ ਹੈ ਭਾਵੇਂ ਉਸਦੇ ਕਿਤਨੇ ਵੀ ਪਾਠਕ ਹੋਣ।

ਆਸ ਹੈ ਕਿ ਇਹ ਖ਼ਤ ਛਾਪ ਕੇ ਉਪ੍ਰੋਕਤ ਵਿਸ਼ੇ ਉਪਰ ਇਕ ਸਿਹਤਮੰਦ ਬਹਿਸ ਤੋਰਨ ਵਿਚ ਸਹਾਈ ਹੋਵੇਗਾ।

**Ph. (604) 435-1236**

ਅਮਨ ਪਾਲ ਸਾਰਾ
ਬਰਨਬੀ ਬੀ. ਸੀ. ਕੈਨੇਡਾ

---

ਰਿਸ਼ਤਿਆਂ ਦੀ ਸਾਰ (ਨਾਵਲ), ਜਗਰੂਪ ਸਿੰਘ ਬੜਿੰਗ, ਮੁੱਲ 90/-, ਪੰਨੇ 232, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਕਾਲੀ ਮਿੱਟੀ (ਕਹਾਣੀ), ਲਾਲ ਸਿੰਘ, ਮੁੱਲ 80/-, ਪੰਨੇ 128, ਸਾਹਿਤ ਧਾਰਾ ਪ੍ਰਕਾਸ਼ਨ, ਦਸੂਹਾ।

ਕੰਡ ਪਿੱਛੇ ਅੱਖਾਂ (ਕਹਾਣੀ), ਫਰਜ਼ੰਦ ਅਲੀ, ਮੁੱਲ 80/-, ਪੰਨੇ 126, ਉਸਤਾਦ ਦਾਮਨ ਅਕਾਡਮੀ, ਲਾਹੌਰ।

ਪਿੰਡ. ਪਲੇਟ ਫਾਰਮ ਤੇ ਮਹਾਂ ਨਗਰ (ਕਹਾਣੀ), ਸੁਖਮਿੰਦਰ ਸਿੰਘ ਸੇਖੋਂ, ਮੁੱਲ 100/-, ਪੰਨੇ 125, ਅਮਨ ਪ੍ਰਕਾਸ਼ਨ, ਨਾਭਾ।

ਕਹਾਣੀ

## ਜੰਗਲ/ਧਰਮਪਾਲ ਸਾਹਿਲ

ਠੇਕੇਦਾਰ ਦੀ ਕੋਠੀ 'ਚੋਂ ਨਿਕਲਦਿਆਂ ਹੰਸਰਾਜ ਫੌਜੀ ਦੀਆਂ ਅੱਖਾਂ 'ਚੋਂ ਜਿਵੇਂ ਲਹੂ ਚੋ ਰਿਹਾ ਸੀ, ਤੇ ਪੈਰ ਅੰਗਾਰਿਆਂ 'ਤੇ ਤੁਰ ਰਹੇ ਸਨ। ਬਸ ਸਟੈਂਡ ਤੱਕ ਦਾ ਡੇਢ ਕੁ ਫਰਲਾਂਗ ਦਾ ਰਸਤਾ ਉਸ ਨੇ ਮਿਜ਼ਾਈਲ ਵਰਗੀ ਤੇਜ਼ੀ ਨਾਲ ਤੈਅ ਕੀਤਾ। ਡੀ: ਐਫ: ਓ: ਦਫਤਰ ਜਾਣ ਲਈ ਉਸ ਨੇ ਬਸ ਫੜ ਲਈ। ਕੁਝ ਦੇਰ ਪਹਿਲੋਂ ਠੇਕੇਦਾਰ ਨਾਲ ਹੋਈ ਤਲਖ਼ਦਲਾਮੀ ਕਾਰਣ ਉਸ ਦੇ ਦਿਮਾਗ ਦੀਆਂ ਨਾੜਾਂ ਤਨਾਅ ਕਾਰਣ ਫਟ ਜਾਣਾ ਲੋਚਦੀਆਂ ਸਨ। ਰੋਹ ਦੇ ਤਾਪ ਕਾਰਣ ਉਸ ਦਾ ਸਾਰਾ ਸਰੀਰ ਜਿਵੇਂ ਪਿੱਘਲ ਜਾਣਾ ਚਾਹੁੰਦਾ ਸੀ। ਉਸ ਨੇ ਹਵਾ ਨਾਲ ਗੱਲਾਂ ਕਰਦੀ ਬੱਸ ਦੀ ਤਾਕੀ ਦੇ ਬਾਹਰ ਵੇਖਿਆ। ਸੜਕ ਕੰਢੇ ਦੇ ਰੁੱਖ ਤੇਜ਼ੀ ਨਾਲ ਪਿੱਛੇ ਵੱਲ ਨੂੰ ਭੱਜ ਰਹੇ ਸਨ। ਸਫੈਦੇ, ਟਾਹਲੀਆਂ, ਅੰਬ, ਕਿੱਕਰਾਂ ਤੇ ਹੋਰ ਕਈ ਰੁੱਖ। ਉਨ੍ਹਾਂ ਨੇ ਵੇਖ ਕੇ ਫੌਜੀ ਹੰਸਰਾਜ ਦੀਆਂ ਅੱਖਾਂ ਮੂਹਰੇ ਆਪਣਾ ਹਰਿਆ ਭਰਿਆ ਜੰਗਲ ਘੁੰਮ ਗਿਆ। ਉਹ ਜੰਗਲ ਜਿਹੜਾ ਉਸ ਦੀ ਉਮਰ ਭਰ ਦੀ ਕਮਾਈ ਸੀ। ਉਹ ਜੰਗਲ ਜਿਸ ਲਈ ਉਸ ਨੇ ਆਪਣਾ ਸਭ ਕੁਝ ਵਾਰ ਦਿੱਤਾ ਸੀ।

ਫੌਜ 'ਚੋਂ ਪੈਨਸ਼ਨ ਆ ਕੇ ਹੰਸਰਾਜ ਨੇ ਸਭ ਤੋਂ ਪਹਿਲਾ ਕੰਮ ਜੰਗਲਾਤ ਮਹਿਕਮੇ 'ਤੇ ਮੁਕੱਦਮਾ ਕਰਨ ਦਾ ਕੀਤਾ ਸੀ। ਉਸ ਦੇ ਪੜਦਾਦਿਆਂ ਦਾ ਚਾਰ ਕੁ ਸੌ ਕਨਾਲ ਦਾ ਜੰਗਲ ਚਿਰਾਂ ਤੋਂ ਜੰਗਲਾਤ ਮਹਿਕਮੇ ਨੇ ਜ਼ਬਤ ਕੀਤਾ ਹੋਇਆ ਸੀ। ਇਸ ਕੰਮ ਲਈ ਤਾਂ ਉਹ ਆਪਣੇ ਪਿਉ ਨੂੰ ਵੀ ਉਕਸਾਉਂਦਾ ਰਿਹਾ ਸੀ। ਪਰ ਉਸ ਦੇ ਅਨਪੜ੍ਹ ਪਿਓ ਨੇ ਪਿੰਡ 'ਚੋਂ ਹੀ ਆਪਣੇ ਚਾਰ ਸਿਆੜਾਂ ਦੇ ਗੇੜੇ ਲਾ-ਲਾ ਕੇ ਉਮਰ ਦਾ ਪੰਧ ਮੁਕਾ ਲਿਆ ਸੀ। ਉਹ ਆਪਣੇ ਪਿਓ ਨੂੰ ਜਦੋਂ ਵੀ ਮਹਿਕਮੇ 'ਤੇ ਮੁਕਦਮਾ ਕਰਨ ਲਈ ਪ੍ਰੇਰਦਾ ਤਾਂ ਪਿਉ ਜ਼ਿੰਦਗੀ ਦੇ ਤਜਰਬੇ ਦੀ ਚਾਸ਼ਨੀ 'ਚ ਭਿੱਜੇ ਬੋਲ ਬੋਲਦਾ, "ਭਾਊ ਮੁਕੱਦਮਾ ਤੇ ਬਿਮਾਰੀ ਘਰ 'ਚ ਖਾਣੇ-ਖਾਣ ਤੇ ਮੰਜੇ ਬਾਣ ਨਹੀਂ ਕਹਿਣ ਦਿੰਦੇ।" ਪਰ ਫੌਜੀ ਹੰਸ ਰਾਜ ਅੜਬ ਤੇ ਜ਼ਿੱਦੀ ਸੁਭਾਅ ਦਾ ਸੀ। ਪਿਓ ਦੇ ਪੂਰੇ ਹੁੰਦਿਆਂ ਤੇ ਆਪ ਪੈਨਸ਼ਨ ਆਉਂਦਿਆਂ ਸਾਰ ਹੀ ਉਸ ਨੇ ਇਹ ਜੂਆ ਖੇਡ ਲਿਆ ਸੀ। ਫਿਰ ਪੂਰੇ ਬਾਰਾਂ ਸਾਲ ਉਸ ਨੇ ਅਦਾਲਤਾਂ 'ਚ ਜੁੱਤੀਆਂ ਘਸਾਈਆਂ। ਪਟਵਾਰੀਆਂ ਨੂੰ ਬੁੱਕਾਂ ਦੇ ਬੁੱਕ ਪੈਸੇ ਦੇ-ਦੇ ਕੇ ਉਸ ਨੇ ਬਾਬਾ ਆਦਮ ਦੇ ਵੇਲੇ ਦੀਆ ਫਰਦਾਂ ਕਢਾਈਆਂ। ਸਬੂਤ ਟੋਲੇ। ਗਲ ਕੀ ਰਿਟਾਇਰਮੈਂਟ ਤੇ ਮਿਲੀ ਸਾਰੀ ਦੀ ਸਾਰੀ ਜਮ੍ਹਾਂ ਪੂਜੀ ਉਸ ਨੇ ਇਸ ਲੇਖੇ ਲਾਈ। ਧੁੱਪ, ਗਰਮੀ, ਸਰਦੀ, ਬਰਸਾਤ, ਭੁੱਖ, ਬਿਮਾਰੀ ਦੀ ਪਰਵਾਹ ਨਹੀਂ ਕੀਤੀ। ਮਾੜੇ ਦਿਨ ਵੀ ਆਏ ਪਰ ਫੌਜੀ ਹੰਸਰਾਜ ਨੇ ਹੌਸਲਾ ਨਹੀਂ ਸੀ ਛੱਡਿਆ। ਉਸ ਦੀ ਪਤਨੀ ਚਰਨੀ, ਪਤੀ ਦੇ ਸ਼ਿਰ 'ਤੇ ਚੜ੍ਹੇ ਇਸ ਜਨੂੰਨ ਤੋਂ ਡਾਢੀ ਦੁੱਖੀ ਸੀ। ਪਰ ਚਾਰ ਸੌ ਕਨਾਲ ਦੇ ਸੰਘਣੇ ਜੰਗਲ ਨੇ ਹੰਸਰਾਜ ਦੀ ਆਸ ਦੀ ਕਿਰਨ ਬੁਝਣ ਨਹੀਂ ਸੀ ਦਿੱਤੀ। ਆਖਰ ਉਸ ਦੀ ਦੀਵਾਨਗੀ ਰੰਗ ਲਿਆਈ ਸੀ ਤੇ ਪੂਰੇ ਬਾਰਾਂ ਸਾਲੀਂ ਜੰਗਲਾਤ ਮਹਿਕਮੇ ਖਿਲਾਫ ਮੁਕੱਦਮਾ ਜਿੱਤ ਕੇ ਫੌਜੀ ਹੰਸਰਾਜ ਰਾਤੋ-ਰਾਤ ਇਲਾਕੇ ਦਾ ਸ਼ਾਹ ਬਣ ਗਿਆ ਸੀ। ਹਰ ਸਮੇਂ ਉਸ ਦੀ ਨੁਕਤਾ ਚੀਨੀ ਕਰਨ ਵਾਲੇ ਵੀ ਹੁਣ ਉਸ ਦੇ ਪ੍ਰਸ਼ੰਸਕ ਬਣ ਗਏ ਸਨ। ਵਧਾਈਆਂ ਦੇਣ ਵਾਲਿਆਂ ਨੇ ਉਸ ਦਾ ਵਿਹੜਾ ਨੀਵਾਂ ਕਰ ਦਿੱਤਾ ਸੀ।

ਪਹਾੜੀਆਂ 'ਤੇ ਫੈਲੇ ਇਸ ਸੰਘਣੇ ਜੰਗਲ ਦਾ ਮਹੱਤਵ ਉਸ ਵਿਚਲੇ ਖੈਰਾਂ ਦੇ ਦਰਖਤਾਂ



ਕਰਕੇ ਹੀ ਸੀ। ਖੈਰ ਤੋਂ ਕੱਥਾ ਬਣਦਾ ਹੈ' ਕੱਥਾ ਦਵਾਈਆਂ ਆਦਿ ਵਿਚ ਕੰਮ ਆਉਂਦਾ ਹੈ। ਇਸ ਲਈ ਮਾਰਕੀਟ ਵਿਚ ਇਸ ਦੀ ਚੰਗੀ ਕੀਮਤ ਪੈਂਦੀ ਹੈ। ਖੈਰਾਂ ਤੋਂ ਛੁੱਟ ਉਸ ਜੰਗਲ ਵਿਚ ਚੀਲ੍ਹਾਂ, ਅਰਜੈਣ, ਟਾਹਲੀ ਆਦਿ ਕੀਮਤੀ ਲਕੜੀ ਵਾਲੇ ਰੁੱਖ ਵੀ ਸਨ ਤੇ ਬੇਸ਼ੁਮਾਰ ਬਾਲਣ ਵੀ। ਉਸ ਇਲਾਕੇ ਦੇ ਲੋਕ ਬਹੁਤ ਗਰੀਬ ਸਨ। ਕਿਧਰੇ ਭੁੱਲ-ਭੁਲੇਖੇ ਇੰਦਰ ਦੇਵਤਾ ਦੀ ਮਿਹਰਬਾਨੀ ਸਦਕਾ ਸਮੇਂ ਸਿਰ ਮੀਂਹ ਪੈ ਜਾਂਦਾ ਤਾਂ ਖਾਣ ਜੋਗੇ ਚਾਰ ਦਾਣੇ ਹੋ ਜਾਂਦੇ। ਆਮ ਲੋਕੀਂ ਮਿਹਨਤ ਮਜ਼ਦੂਰੀ ਲਈ ਨੇੜੇ-ਤੇੜੇ ਦੇ ਕਸਬਿਆਂ ਵੱਲ ਜਾਂਦੇ। ਕੁਝ ਫੌਜ 'ਚ ਭਰਤੀ ਹੋ ਗਏ ਸਨ ਤੇ ਜਾਂ ਫਿਰ ਕੁਝ ਪ੍ਰੀਵਾਰ ਇਨ੍ਹਾਂ ਜੰਗਲਾਂ ਦੀ ਆਮਦਨ ਦੇ ਸਿਰ 'ਤੇ ਹੀ ਜ਼ਿੰਦਗੀ ਗੁਜ਼ਾਰ ਰਹੇ ਸਨ।

ਜਿਵੇਂ ਗ੍ਰਾਹਕਾਂ ਦੀ ਭੀੜ ਵੇਖ ਕੇ ਦੁਕਾਨਦਾਰ, ਮਰੀਜ਼ਾਂ ਦੀ ਕਤਾਰ ਵੇਖ ਕੇ ਡਾਕਟਰ ਤੇ ਲਹਿਲਹਾਉਂਦੀ ਫ਼ਸਲ ਵੇਖ ਕੇ ਕਿਸਾਨ ਨੂੰ ਅਥਾਹ ਖੁਸ਼ੀ ਹੁੰਦੀ ਹੈ, ਕੁਝ ਅਜਿਹੀ ਖੁਸ਼ੀ ਫੌਜੀ ਹੰਸਰਾਜ ਨੂੰ ਆਪਣੇ ਜੰਗਲ ਦੀ ਨਿਸ਼ਾਨ ਦੇਹੀ ਲੈਣ ਲੱਗਿਆਂ ਹੋ ਰਹੀ ਸੀ। ਆਪਣੀ ਇਸ ਪ੍ਰਾਪਤੀ ਕਰਕੇ ਉਸ ਦੇ ਪੈਰ ਜ਼ਮੀਨ 'ਤੇ ਨਹੀਂ ਸਨ ਲਗਦੇ। ਖ਼ਫਾ-ਖੁਫਾ ਰਹਿਣ ਵਾਲੀ ਚਰਨੀ ਦਾ ਵਿਵਹਾਰ ਵੀ ਹੁਣ ਬਦਲ ਗਿਆ ਸੀ। ਹੰਸਰਾਜ ਦੀਆਂ ਅੱਖਾਂ 'ਚ ਕਈ ਸੁਪਨੇ ਜੁਗਨੂੰਆਂ ਵਾਂਗ ਟਿਮਕਣ ਲਗ ਪਏ ਸਨ। ਆਪਣਾ ਪੱਕਾ ਘਰ ਬਨਾਉਣ ਦੇ ਸੁਪਨੇ। ਇਕਲੌਤੀ ਧੀ ਬਾਲੂ ਦੇ ਹੱਥ ਪੀਲੇ ਕਰਨ ਦੇ ਸੁਪਨੇ। ਮਕੱਦਮਾ ਜਿੱਤਣ ਦੀਆਂ ਵਧਾਈਆ ਦੇਣ ਨਾਲ-ਨਾਲ ਇਲਾਕੇ ਦੇ ਨਿੱਕੇ-ਮੋਟੇ ਖੈਰਾਂ ਦੇ ਠੇਕੇਦਾਰਾਂ ਨੇ ਵੀ ਫੌਜੀ ਦੇ ਘਰ ਦੇ ਗੇੜੇ ਲਾਉਣੇ ਸ਼ੁਰੂ ਕਰ ਦਿੱਤੇ ਸਨ। ਕੋਈ ਵੀ ਖੈਰਾਂ ਦਾ ਸਹੀ ਮੁੱਲ ਨਹੀਂ ਸੀ ਪਾ ਰਿਹਾ। ਇਹ ਵੀ ਸਬੱਬ ਹੀ ਸੀ ਕਿ ਮਹਿਕਮੇ ਵਲੋਂ ਜੰਗਲ ਦੀ ਕਟਾਈ ਲਈ, ਇਲਾਕੇ 'ਚ ਲੱਗੀ ਦਫਾ ਹਟਾ ਦਿਤੀ ਗਈ ਸੀ। ਮਾਲਕ ਆਪਣੇ ਜੰਗਲਾਂ 'ਚੋਂ ਕੈਰ ਜਾਂ ਬਾਲਣ ਆਦਿ ਦੀ ਲਕੜੀ ਦੋ ਮਹੀਨੇ ਦੇ ਅੰਦਰ-ਅੰਦਰ ਕਢਾ ਸਕਦੇ ਸਨ।

ਫਿਰ ਇਕ ਦਿਨ ਸ਼ਹਿਰੋਂ ਇਕ ਠੇਕੇਦਾਰ ਫੌਜੀ ਹੰਸਰਾਜ ਦੇ ਘਰ ਆਇਆ। ਫੌਜੀ ਤੋਂ ਉਮਰ ਵਿਚ ਕੁਝ ਛੋਟਾ। ਮੋਟਾ ਥੁੱਲ-ਥੁੱਲ ਸਰੀਰ। ਗੰਜਾ ਸਿਰ, ਲੂੰਬੜੀ ਵਰਗੀਆਂ ਚਲਾਕ ਅੱਖਾਂ, ਬਾਹਾਂ ਤੇ ਚੇਹਰੇ 'ਤੇ ਰਿੱਛਾਂ ਵਰਗੇ ਵਾਲ। ਸੂਟੇਡ-ਬੂਟੇਡ ਤੇ ਪੜ੍ਹਿਆ-ਲਿਖਿਆ ਲਗਦਾ ਸੀ। ਗੱਲਾਂ ਹੀ ਗੱਲਾਂ 'ਚ ਉਸ ਨੇ ਫੌਜੀ ਨੂੰ ਦੱਸਿਆ, 'ਭਾਪਾ ਜੀ ਮੈਂ ਸ਼ਹਿਰ ਦੇ ਇਕ ਪ੍ਰਾਇਵੇਟ ਸਕੂਲ ਵਿਚ ਮਾਸਟਰ ਹਾਂ। ਨਾਲ-ਨਾਲ ਖੈਰਾਂ ਦੀ ਠੇਕੇਦਾਰੀ ਵੀ ਕਰਦਾ ਹਾਂ। ਮੇਰਾ ਕਾਰੋਬਾਰ ਹਿਮਾਚਲ ਤੇ ਪੰਜਾਬ ਵਿਚ ਫੈਲਿਆ ਹੋਇਆ ਹੈ। ਮੈਂ ਲੱਖਾਂ ਰੁਪਏ ਦੇ ਜੰਗਲ ਖਰੀਦੇ ਹੋਏ ਨੇ। ਆਪਾਂ ਮਾਲਕਾਂ ਨਾਲ ਜਿਹੜੀ ਜ਼ੁਬਾਨ ਕਰੀਦੀ ਹੈ। ਪੂਰੀ ਕਰੀਦੀ ਹੈ। ਪੈਸਿਆਂ ਦਾ ਨਾਲੋ-ਨਾਲ ਭੁਗਤਾਨ ਕਰੀਦਾ ਹੈ। ਮੇਰਾ ਵਿਹਾਰ ਹੋਰ ਠੇਕੇਦਾਰਾਂ ਵਾਂਗ ਨਹੀਂ ਹੈ। ਜਿਹੜੇ ਲੋਕਾਂ ਨੂੰ ਰਗੜਾ-ਰਗੜਾ ਕੇ ਪੇਮੈਂਟ ਕਰਦੇ ਹਨ। ਤੁਸੀਂ ਦੱਸੋ ਤੁਸੀਂ ਖੈਰ ਕਿਸ ਰੇਟ 'ਤੇ ਦੇਣੇ ਹਨ?"

ਠੇਕੇਦਾਰ ਦੀਆਂ ਗੱਲਾਂ ਤੋਂ ਪ੍ਰਭਾਵਤ ਹੋਇਆ ਹੰਸਰਾਜ, ਫੌਜੀ ਮਾਰਕਾ ਹਿੰਦੀ ਵਿਚ ਬੋਲਿਆ, "ਹਮ ਤੋਂ ਕਹਿਤੇ ਹੈ ਠੇਕੇਦਾਰ ਜੀ, ਕਿ ਹਮੇਂ ਤੋਂ ਦੋ ਸੌ ਰੁਪਿਆ ਪੁਸਤਾ ਹੈ। ਇਸ ਸੇ ਕੰਮ ਮੈਂ ਸੌਦਾ ਨਹੀਂ ਹੋ ਸਕਤਾ।"

"ਭਾਪਾ ਜੀ, ਦੋ ਸੋ ਰੁਪਿਆ ਬਹੁਤ ਜ਼ਿਆਦਾ ਏ। ਇਹ ਰੇਟ ਤਾਂ ਅਸੀਂ ਅਜੇ ਕਿਸੇ ਨੂੰ ਵੀ ਨਹੀਂ ਦਿੱਤਾ।"

"ਠੇਕੇਦਾਰ ਜੀ, ਮਾਲ ਵੀ ਤਾਂ ਵੇਖੋ। ਪਤਾ ਨਹੀਂ ਸੌ ਸਾਲ ਸੇ ਜੰਗਲ ਨਹੀਂ ਕਟਾ ਹੈ। ਖੈਰ ਕਿਆ ਪੂਰੀ ਸਿਆਹੀ ਹੈ ਸਿਆਹੀ। ਨਿਰਾ ਸੋਨਾ ਹੈ।"

"ਭਾਪਾ ਜੀ, ਤੁਸੀਂ ਠੀਕ ਕਹਿੰਦੇ ਹੋ। ਮਾਲ ਤਾ ਚੰਗਾ ਹੈ। ਪਰ ਬਣਦਾ ਰੇਟ ਦਸੋ।"

' ਠੇਕੇਦਾਰ ਜੀ ਹਮ ਤੋਂ ਏਕ ਬਾਤ ਕਰਤੇ ਹੈਂ, ਅਗਰ ਆਪ ਕੋ ਪੁਗਤਾ ਹੈ ਤੋਂ ਠੀਕ ਹੈ। ਨਹੀਂ ਤੋਂ ਰਹਿਣੇ ਦੋ।"

"ਭਾਪਾ ਜੀ ਲਗਦਾ ਹੈ ਤੁਸੀਂ ਖੈਰ ਵੇਚਣ ਦੇ ਮੂਡ ਵਿਚ ਨਹੀਂ ਹੈਗੇ।"

"ਨਹੀਂ, ਮੈਨੇ ਤੋਂ ਬੇਚਨਾ ਹੈ। ਜੋ ਠੀਕ ਰੇਟ ਦੇਗਾ ਉਸੇ।" ਫੌਜੀਆਂ ਵਾਲੀ ਅੜੀ ਵੇਖ ਕੇ ਠੇਕੇਦਾਰ ਨੇ ਕੁਝ ਪਲ ਗੰਜੇ ਸਿਰ ਨੂੰ ਖੁਰਦਿਆਂ ਫਿਰ ਖਬਰੇ ਕੀ ਸਕੀਮ ਲੜਾਈ ਤਾ ਬੋਲਿਆ "ਮੈਂ ਚਾਹੁੰਦਾ ਹਾਂ ਕਿ ਇਹ ਮਾਲ ਵੀ ਬਾਕੀ ਦੇ ਮਾਲ ਨਾਲ ਹੀ ਨਿਕਲ ਜਾਵੇ। ਚਲੋ ਕਿਧਰੇ ਮੁਨਾਫਾ ਨਾ ਖੱਟਿਆ, ਕੀ ਫਰਕ ਪੈਂਦਾ ਹੈ। ਭਾਪਾ ਜੀ ਤੁਹਾਡਾ ਮਾਲ ਖਰਾ ਏ।"

ਕਿਥੇ ਤਾਂ ਹੋਰ ਠੇਕੇਦਾਰ ਫੌਜੀ ਨੂੰ ਡੇਢ ਸੌ ਰੁਪਏ ਫੁੱਟ ਦੇਣ ਲਈ ਵੀ ਤਿਆਰ ਨਹੀਂ ਸਨ ਹੋ ਰਹੇ, ਉਥੇ ਇਹ ਠੇਕਦਾਰ ਝੱਟ ਦੋ ਸੌ ਰੁਪਏ ਤੇ ਰਾਜ਼ੀ ਹੋ ਗਿਆ ਸੀ। ਉਸ ਨੇ ਪੰਜ ਹਜ਼ਾਰ ਰੁਪਏ ਬਿਆਨੇ ਦੀ ਰਕਮ ਵਜੋਂ ਫੌਜੀ ਦੇ ਹੱਥ 'ਤੇ ਧਰਦਿਆਂ ਲਿਖਤੀ ਇਕਰਾਰਨਾਮੇ 'ਤੇ ਫੌਜੀ ਦੇ ਦਸਤਖਤ ਲੈ ਲਏ ਸਨ। ਇਕਰਾਰ ਮੁਤਾਬਕ ਠੇਕੇਦਾਰ ਨੇ ਤਿੰਨ ਕਿਸ਼ਤਾਂ ਵਿਚ ਸਾਰੀ ਰਕਮ ਦਾ ਭੁਗਤਾਨ ਕਰਨਾ ਸੀ। ਪਹਿਲੀ ਕਿਸ਼ਤ ਖੈਰਾਂ ਦੇ ਸ਼ੁਮਾਰ ਹੋਣ 'ਤੇ। ਦੂਸਰੀ ਸਾਰਾ ਕਟਾਨ ਹੋਣ ਤੇ ਅਤੇ ਤੀਸਰੀ ਮਾਲ ਲਿਜਾਣ ਸਮੇਂ। ਠੇਕੇਦਾਰ ਨੇ ਉਸੇ ਸਮੇਂ ਡੀ. ਐਫ. ਓ. ਤੋਂ ਕਟਾਨ ਦੀ ਮਨਜ਼ੂਰੀ ਲਈ ਅਰਜੀ ਲਿਖੀ ਤੇ ਫੌਜੀ ਅੱਗੇ ਕਰਦਿਆਂ ਕਿਹਾ, "ਭਾਪਾ ਜੀ, ਦਫ਼ਾ ਦੋ ਮਹੀਨਿਆਂ ਲਈ ਖੁਲ੍ਹੀ ਹੈ। ਇਕ ਮਹੀਨਾ ਤਾਂ ਪਹਿਲੋਂ ਹੀ ਲੰਘ ਗਿਆ ਹੈ। ਸਮਾਂ ਬਹੁਤ ਘੱਟ ਏ। ਇਸੇ ਸਮੇਂ 'ਚ ਮਹਿਕਮੇ ਤੋਂ ਕਟਾਨ ਦੀ ਮਨਜ਼ੂਰੀ ਲੈਣੀ ਏ। ਦਰਖ਼ਤਾਂ ਦਾ ਸ਼ੁਮਾਰ ਕਰਨਾ ਏ। ਜੰਗਲ 'ਚੋਂ ਮਾਲ ਵੀ ਕੱਢਣਾ ਏ। ਬੜਾ ਤਕੜਾ ਰਿਸਕ ਏ। ਭਾਪਾ ਜੀ ਦਫਾ ਬੰਦ ਹੋਣ ਤੋਂ ਪਹਿਲਾਂ-ਪਹਿਲਾਂ ਜਿਹੜਾ ਮਾਲ ਨਿਕਲ ਗਿਆ ਸੋ ਨਿਕਲ ਗਿਆ, ਮਗਰੋਂ ਤਾਂ ਮਹਿਕਮੇ ਨੇ ਜੰਗਲ 'ਚੋਂ ਪੱਤਾ ਵੀ ਨਹੀਂ ਹਿਲਾਉਣ ਦੇਣਾ। ਇਸ ਲਈ ਤੁਸੀਂ ਕਟਾਨ ਦੀ ਮਨਜ਼ੂਰੀ ਲਈ ਲਿਖੀ ਅਰਜੀ 'ਤੇ ਵੀ ਘੁੱਗੀ ਮਾਰ ਦਿਉ। ਬਾਕੀ ਮੇਰੇ ਤੇ ਛੱਡ ਦੇਵੋ। ਮੈਂ ਆਪ ਡੀ. ਐਫ. ਓ. ਦਫਤਰੋਂ ਮਨਜ਼ੂਰੀ ਲੈ ਆਵਾਂਗਾ। ਤੁਸੀਂ ਕਾਹਦੇ ਲਈ ਦਿਹਾੜੀ ਭੰਨਣੀ ਏ। ਸ਼ੁਮਾਰ ਤੁਹਾਡੇ ਸਾਹਮਣੇ ਹੋਵੇਗਾ। ਆਪਾਂ ਉਲ੍ਹਾਮੇ ਵਾਲਾ ਕੋਈ ਕੰਮ ਹੀ ਨਹੀਂ ਕਰਦੇ।" ਠੇਕੇਦਾਰ ਨੇ ਭੂਮਿਕਾ ਬੰਨ ਕੇ ਕਿਹਾ ਸੀ।

"ਠੀਕ ਹੈ, ਠੇਕੇਦਾਰ ਜੀ, ਜੈਸੇ ਆਪਕੋ ਚੰਗਾ ਲਗਤਾ ਹੈ।" ਕਹਿ ਕੇ ਫੌਜੀ ਨੇ ਦਸਤਖਤ ਕਰ ਦਿੱਤੇ ਸਨ।

ਠੇਕੇਦਾਰ ਦੇ ਜਾਣ ਮਗਰੋਂ ਫੌਜੀ ਨੇ ਆਪਣੀ ਪਤਨੀ ਚਰਨੀਂ ਦੇ ਹੱਥਾਂ 'ਚ ਪੰਜ ਹਜ਼ਾਰ ਰੁਪਏ ਧਰਦਿਆਂ ਕਿਹਾ, "ਲੈ ਬੋਹਨੀ ਤੋਂ ਹੋ ਗਈ ਬਾਊ ਦੀ ਮਾਂ। ਆਪ ਤੋਂ ਖੁਸ਼ ਹੈ ਨਾ?" ਆਮ ਘਰੇਲੂ ਔਰਤਾਂ ਵਾਂਗ ਚਰਨੀ ਨੇ ਵੀ ਪਤੀ ਹੱਥੋਂ ਪੈਸੇ ਫੜ ਕੇ ਪ੍ਰਸੰਸਾ ਭਰੀਆ ਨਜ਼ਰਾਂ ਨਾਲ ਫੌਜੀ ਵਲ ਵੇਖਿਆ ਤਾਂ ਫੌਜੀ ਨੇ ਸ਼ਰਾਰਤ ਨਾਲ ਚਰਨੀ ਦੀ ਗਲ੍ਹ ਤੇ ਚੂੰਢੀ ਵੱਢੀ। ਚਰਨੀ ਨੇ ਵੀ



ਬੜੇ ਨਖਰੇ ਨਾਲ ਇਕ ਪਾਸੇ ਹਟਦਿਆਂ ਕਿਹਾ, "ਮਿੰਜੋ ਨੀ ਚੰਗੀਆਂ ਲਗਦੀਆ ਬੁੱਢੇ ਵਾਰੇ ਇਹ ਮਸਕਰੀਆਂ।"

ਤੀਸਰੇ ਦਿਨ ਠੇਕੇਦਾਰ ਡੀ. ਐਫ. ਓ, ਤੋਂ ਕਟਾਨ ਦੀ ਮਨਜ਼ੂਰੀ ਲੈ ਕੇ ਖੈਰਾਂ ਦਾ ਸ਼ੁਮਾਰ ਕਰਨ ਲਈ ਆ ਗਿਆ ਸੀ। ਉਸ ਦੇ ਨਾਲ ਮਜ਼ਦੂਰ ਵੀ ਸਨ। ਫੌਜੀ ਨੇ ਉਨ੍ਹਾਂ ਨਾਲ ਜੰਗਲ ਦਾ ਚੱਪਾ-ਚੱਪਾ ਘੁੰਮ ਕੇ ਖੈਰਾਂ ਦਾ ਸ਼ੁਮਾਰ ਕਰਾਇਆ। ਪਹਾੜੀ ਧਰਤ ਉੱਚੀ ਨੀਵੀਂ ਸੀ। ਲੰਮੇ ਸਮੇਂ ਤੋਂ ਕਟਾਣ ਨਾ ਹੋਣ ਕਾਰਨ ਜੰਗਲ ਇੰਨਾ ਸੰਘਣਾ ਹੋ ਗਿਆ ਸੀ ਕਿ ਦਿਨ ਸਮੇਂ ਵੀ ਧਰਤੀ ਤੇ ਸੂਰਜ ਦੀਆਂ ਕਿਰਨਾਂ ਨਹੀਂ ਸਨ ਪੁੱਜਦੀਆਂ। ਪਹਿਲੋਂ ਖੈਰਾਂ ਦੁਆਲੇ ਉੱਗ ਗਰੁਨੇ, ਕਾਂਗੂਰਮਾਂ, ਮਲ੍ਹਿਆਂ ਤੇ ਬਸੂਟੀਆਂ ਆਦਿ ਦੀਆਂ ਝਾੜੀਆਂ ਡਾਟ ਨਾਲ ਸਾਫ ਕਰਕੇ ਖੜੇ ਹੋਣ ਜੋਗੀ ਥਾਂ ਬਣਾਉਣੀ ਪੈਂਦੀ। ਫਿਰ ਦਰਖਤ ਨੂੰ ਫੀਤਾ ਪਾ ਹੁੰਦਾ। ਘੱਟੋ-ਘੱਟ ਦੋ ਫੁੱਟ ਗੁਲਾਈ ਵਾਲਾ ਖੈਰ ਹੀ ਕਟਾਣ ਦੇ ਯੋਗ ਹੁੰਦਾ। ਖੈਰ ਦੇ ਮੁੱਢ ਤੋਂ ਥੋੜਾ ਉਪਰੋਂ ਛਿੱਲੜ ਲਾਹ ਕੇ ਸਿਆਹੀ ਨਾਲ ਨੰਬਰ ਪਾ ਦਿਤਾ ਜਾਂਦਾ। ਫਿਰ ਠੇਕੇਦਾਰ ਤੇ ਫੌਜੀ ਆਪਣੀ-ਆਪਣੀ ਡਾਇਰੀ 'ਤੇ ਨੰਬਰ ਪਾ ਕੇ ਪੈਮਾਇਸ਼ ਨੋਟ ਕਰ ਲੈਂਦੇ।

ਲਗਾਤਾਰ ਤਿੰਨ ਦਿਨ ਲਾ ਕੇ ਖੈਰਾਂ ਦਾ ਸ਼ੁਮਾਰ ਮੁਕੰਮਲ ਹੋਇਆ ਸੀ। ਤੀਸਰੇ ਦਿਨ ਕੰਮ ਮੁੱਕਣ 'ਤੇ ਠੇਕੇਦਾਰ ਇਕਰਾਰਨਾਮੇ ਮੁਤਾਬਕ ਪਹਿਲੀ ਕਿਸ਼ਤ ਦੇਣ ਲਈ ਫੌਜੀ ਘਰ ਪੁੱਜਾ। ਚਾਹ ਰੱਖਣ ਆਈ ਫੌਜੀ ਦੀ ਜਵਾਨ ਧੀ ਬਾਲ੍ਹ ਨੂੰ ਠੇਕੇਦਾਰ ਨੇ ਸਿਰ ਤੋਂ ਪੈਰਾਂ ਤਾਈਂ ਘੋਖਵੀਂ ਨਜ਼ਰ ਨਾਲ ਵੇਖਿਆ। ਫਿਰ ਫੌਜੀ ਨਾਲ ਮਿਣਤੀ ਦਾ ਮਿਲਾਣ ਕੀਤਾ। ਮਿਣਤੀ ਮੁਤਾਬਕ ਸਾਰਾ ਮਾਲ ਇਕ ਲੱਖ ਰੁਪਏ ਤੋਂ ਉਪਰ ਦਾ ਬਣਦਾ ਸੀ। ਠੇਕੇਦਾਰ ਨੇ ਦਸ ਹਜ਼ਾਰ ਰੁਪਏ ਦੀ ਪਹਿਲੀ ਕਿਸ਼ਤ ਫੌਜੀ ਨੂੰ ਫੜਾਉਂਦਿਆਂ ਬੜੀ ਨਿਮਰਤਾ ਨਾਲ ਕਿਹਾ, "ਭਾਪਾ ਜੀ, ਇਕ ਅਰਜ਼ ਕਰਨੀ ਏ, ਜੇ ਬੁਰਾ ਨਾ ਮੰਨੋ।"

"ਹਮ ਕਹਿਤੇ ਹੈਂ, ਬੁਰਾ ਕਿਸ ਗੱਲ ਦਾ ਠੇਕੇਦਾਰ ਜੀ।" ਫੌਜੀ ਨੇ ਦਸ ਹਜ਼ਾਰ ਰੁਪਏ ਮਿਲਣ ਦੀ ਖੁਸ਼ੀ ਵਿਚ ਕਿਹਾ।

"ਭਾਪਾ ਜੀ, ਤੁਸੀਂ ਵੀ ਪੰਡਤ ਹੋ ਤੇ ਅਸੀਂ ਵੀ।"

"ਹਾਂ ਜੀ।"

"ਤੁਹਾਡੀ ਧੀ ਦੀਆਂ ਆਦਤਾਂ ਮੈਨੂੰ ਬਹੁਤ ਪਸੰਦ ਨੇ। ਮੇਰਾ ਨਿਕਾ ਸਾਲਾ ਮਾਸਟਰ ਹੈ। ਤੁਹਾਡੇ ਵਰਗੇ ਹੀ ਸ਼ਰੀਫ ਖਾਨਦਾਨ ਦੀ ਕੁੜੀ ਦੀ ਤਲਾਸ਼ ਹੈ ਸਾਨੂੰ। ਤੁਸੀਂ ਸ਼ਾਹਣੀ ਨਾਲ ਸਲਾਹ ਕਰ ਲਉ।"

"ਮੇਰੀ ਲੜਕੀ ਤੋਂ ਸਿਰਫ ਦਸਵੀਂ ਪਾਸ ਹੈ ਜੀ, ਹਮ ਲੋਗ ਬਹੁਤ ਗਰੀਬ ਹੈ ਜੀ। ਹਮ ਕਹਿਤੇ ਹੈਂ ਜੀ, ਆਪ ਲੋਗ ਬਾਲ੍ਹ ਕੋ ਕੈਸੇ ਪਸੰਦ ਕਰੇਂਗੇ ਜੀ।" ਫੌਜੀ ਨੇ ਜਵਾਬ ਦਿੱਤਾ ਪਰ ਅੰਦਰੋ-ਅੰਦਰੀ ਫੌਜੀ ਇਸ ਰਿਸ਼ਤੇ ਲਈ ਰਾਜ਼ੀ ਸੀ।

"ਭਾਪਾ ਜੀ, ਹੁਣ ਤਾਂ ਤੁਸੀਂ ਵੀ ਲੱਖਪਤੀ ਹੀ ਸਮਝੋ ਆਪਣੇ ਆਪ ਨੂੰ। ਤੁਸੀਂ ਇਕ ਵਾਰੀ ਹਾਂ ਤਾਂ ਕਰ ਦਿਉ। ਬਾਕੀ ਸਾਰਾ ਕੁਝ ਮੇਰੇ 'ਤੇ ਛੱਡ ਦਿਉ। ਉਂਜ ਤੁਸੀਂ ਇਕ ਵਾਰੀ ਮਾਂ-ਧੀ ਨਾਲ ਵੀ ਗੱਲ ਕਰ ਲਉ।" ਫੌਜੀ ਨੂੰ ਹੱਥ 'ਤੇ ਸਰੋਂ ਉਗਦੀ ਜਾਪੀ। ਇਕੋ-ਇਕ ਧੀ।

ਉਹ ਵੀ ਚੰਗੇ ਘਰ ਚਲੀ ਜਾਵੇ ਤਾਂ ਹੋਰ ਕੀ ਚਾਹੀਦਾ। ਉਂਜ ਫ਼ੌਜੀ ਠੇਕੇਦਾਰ ਦੀਆਂ ਲੱਛੇਦਾਰ ਗੱਲਾਂ ਦਾ ਪਹਿਲੋਂ ਹੀ ਕਾਇਲ ਹੋ ਚੁੱਕਿਆ ਸੀ। ਉਹ ਕਾਹਲਾ ਜਿਹਾ ਪੈ ਗਿਆ ਅਤੇ ਗੱਲ ਨੂੰ ਛੇਤੀ ਹੀ ਸਿਰੇ ਚੜ੍ਹਾਉਣ ਦੇ ਅੰਦਾਜ਼ ਵਿਚ ਬੋਲਿਆ, "ਹਮ ਤੋਂ ਕਹਿਤੇ ਹੈਂ ਠੇਕੇਦਾਰ ਜੀ, ਹਮਾਰੇ ਘਰ ਮੇਂ ਹਮਾਰੀ ਗੱਲ ਕੋਈ ਨਹੀਂ ਮੋੜਤਾ। ਲੜਕੀਉਂ ਕੋ ਪੂਛਨੇ ਦਾ ਹਮਾਰੇ ਯਹਾਂ ਰਿਵਾਜ ਹੈਨੀ ਜੀ, ਚਰਨੀ ਭੀ ਮੁਝਸੇ ਬਾਹਰ ਨਹੀਂ, ਮੁਝੇ ਮਨਜ਼ੂਰ ਹੈ ਤੋਂ ਸਭ ਕੋ ਮਨਜ਼ੂਰ ਹੈ ਜੀ, ਪਰ ਜਨਮ ਕੁੰਡਲੀਆਂ ਜ਼ਰੂਰ ਮਿਲਾ ਕੇ ਦੇਖ ਲੋ।"

"ਧੰਨ ਏ ਭਾਪਾ ਜੀ, ਐਜ਼ ਯੂ ਲਾਈਕ, ਉਂਜ ਹੀ ਹੋਵੇਗਾ।" ਕਹਿ ਕੇ ਠੇਕੇਦਾਰ ਜਾਂਦਾ ਹੋਇਆ ਬਾਲੂ ਦੀ ਜਨਮ ਕੁੰਡਲੀ ਆਪਣੇ ਨਾਲ ਲੈ ਗਿਆ ਸੀ।

ਮਗਰੋਂ ਫੌਜੀ ਰੱਬ ਦਾ ਲੱਖ-ਲੱਖ ਸ਼ੁਕਰ ਕਰ ਰਿਹਾ ਸੀ ਕਿ ਘਰ ਬੈਠਿਆਂ ਹੀ ਰਿਸ਼ਤਾ ਮਿਲ ਗਿਆ ਸੀ। ਗੋਰੀ-ਚਿੱਟੀ ਭਰ ਜਵਾਨ ਬਾਲੂ ਨੇ ਵੀ ਚੋਰੀ-ਚੋਰੀ ਮਾਂ-ਪਿਉ ਨੂੰ ਆਪਣੇ ਰਿਸ਼ਤੇ ਦੀ ਗੱਲ ਕਰਦਿਆਂ ਸੁਣ ਲਿਆ ਸੀ। ਉਸ ਦੇ ਦਿਲ ਵਿਚ ਵੀ ਲੱਡੂ ਭੁਰਦੇ ਸਨ। ਚਿਹਰੇ 'ਤੇ ਗਿੱਠ-ਗਿੱਠ ਲਾਲੀ ਚੜ੍ਹ ਗਈ ਸੀ। ਕੰਨਾਂ 'ਚ ਸ਼ਹਿਨਾਈਆਂ ਗੂੰਜਦੀਆਂ ਸਨ। ਉਧਰ ਚਰਨੀ ਫੌਜੀ ਨੂੰ ਕਹਿੰਦੀ, "ਤੁਸਾਂ ਜੋ ਕਰਨਾ ਉਹ ਠੀਕ ਹੀ ਹੋਗਾ। ਸੰਜੋਗ ਤਾਂ ਰੱਬੇ ਕੰਨੀ ਜੁੜੀ ਦੇ ਔਂਦੇ। ਫਿਰੀ ਵੀ ਮੈਂ ਗਲਾਨੀ ਹਾਂ, ਤੁਸਾਂ ਜੋ ਮਾੜੀ ਮੋਟੀ ਘੋਖ ਜ਼ਰੂਰੀ ਕਰੀ ਲੈਣੀ, ਮਗਰੋਂ ਜੇ ਪਛਤਾਣਾ ਪੈਂਗਾ। ਫਿਰੀ ਕੇ ਫੈਦਾ ਹੂੰਗਾ।"

"ਹਮ ਕਹਿਤੇ ਹੈ ਬਾਲੂ ਦੀ ਮਾਂ, ਇਕ ਦਮ ਖਾਨਦਾਨੀ ਲੋਗ ਹੈਂ। ਦੇਖਾ ਨਹੀਂ ਕੈਸੇ ਭਾਪਾ ਜੀ—ਭਾਪਾ ਜੀ ਗਲਾਂਦੇ ਦਾ ਮੂੰਹ ਨਹੀਂ ਥਕਦਾ। ਤੂਨੇ ਕੌਣ ਸੀ ਦੁਨੀਆਂ ਦੇਖੀ ਹੈ। ਪੜ੍ਹੇ-ਲਿਖੇ ਔਰ ਖਾਨਦਾਨੀ ਲੋਗ ਐਸੇ ਹੀ ਹੋਤੇ ਹੈਂ।"

"ਮੈਂ ਕਦੋਂ ਗਲਾਨੀ ਆਂ, ਤੁਸਾਂ ਜੋ ਦੁਨੀਆਂ ਨਹੀਂ ਵੇਖੀ। ਪਰ ਸਿਆਣੇ ਗਲਾਂਦੇ ਨੇ ਸੌ ਠੱਗਾਂ ਦਾ ਇਕ ਠੇਕੇਦਾਰ ਹੁੰਦਾ ਏ। ਅਸਾਂ ਜੋ ਹੋਏ ਸਿੱਧੇ-ਸਾਦੇ। ਇਨ੍ਹਾਂ ਦੀਆਂ ਗੱਲਾਂ 'ਚ ਆਈ ਕੇ ਅਸੀਂ ਫਸੀ ਨਾ ਜਾਈਏ। ਅੱਜਕਲ੍ਹ ਲੋਕੀ ਗਲਾਂਦੇ ਕੁਝ ਨੇ, ਮਗਰੋਂ ਨਿਕਲਦੇ ਕੁਝ ਹੋਰ ਨੇ।' ਚਰਨੀ ਵੱਲੋਂ ਕੀਤੇ ਸ਼ੰਕਿਆ ਤੇ ਸੁਝਾਵਾਂ ਨੂੰ ਫੌਜੀ ਨੇ ਇਕ ਕੰਨੋ ਸੁਣਿਆ ਤੇ ਦੂਜੇ ਤੋਂ ਕੱਢ ਦਿੱਤਾ ਸੀ। ਉਸ ਦੀਆਂ ਅੱਖਾਂ ਤੇ ਤਾਂ ਖੈਰਾਂ ਤੋਂ ਮਿਲਣ ਵਾਲੀ ਮਾਇਆ ਦੀ ਪੱਟੀ ਬੱਝੀ ਹੋਈ ਸੀ। ਉਸ ਨੂੰ ਤਾਂ ਸੌਣ ਦੇ ਅੰਨ੍ਹੇ ਵਾਂਗ ਹਰ ਪਾਸੇ ਹਰਾ ਹੀ ਹਰਾ ਨਜ਼ਰ ਆਉਂਦੀ ਸੀ।

ਫ਼ਿਰ ਠੇਕੇਦਾਰ ਆਪਣੇ ਨਾਲ ਹਾਤੋਆਂ ਦੀ ਫੌਜ ਲੈ ਆਇਆ ਸੀ। ਲੰਮੇ-ਲੰਮੇ ਫਿਰਨ ਪਾਏ। ਮੋਢੇ 'ਤੇ ਕੁਹਾੜੀਆਂ ਤੇ ਆਰੇ ਚੁੱਕੇ। ਦਿਨ ਰਾਤ ਜੰਗੀ ਪੱਧਰ 'ਤੇ ਕਟਾਣ ਹੋਇਆ। ਮੁੜ ਦਫ਼ਾ ਲੱਗਣ ਤੋਂ ਪਹਿਲੋਂ ਹੀ ਠੇਕੇਦਾਰ ਨੇ ਸਾਰਾ ਮਾਲ ਜੰਗਲ 'ਚੋਂ ਕੱਢ ਲੈ ਗਿਆ ਸੀ। ਤੀਸਰੀ ਕਿਸ਼ਤ ਦੇ ਰੂਪ ਵਿਚ ਫੌਜੀ ਨੂੰ ਹੋਰ ਦਸ ਹਜ਼ਾਰ ਰੁਪਏ ਦਿੰਦਿਆਂ ਠੇਕੇਦਾਰ ਨੇ ਕਿਹਾ ਸੀ, "ਭਾਪਾ ਜੀ, ਕੁੰਡਲੀਆਂ ਦਾ ਮਿਲਾਨ ਬਹੁਤ ਵਧੀਆ ਹੋਇਆ ਏ। ਬਸ ਹੁਣ ਤੁਸੀਂ ਮੈਰਿਜ ਦੀ ਡੇਟ ਫਿਕਸ ਕਰੋ ਤੇ ਵਿਆਹ ਦੀਆਂ ਤਿਆਰੀਆ ਕਰੋ।" "ਹਮ ਕਹਿਤੇ ਹੈਂ ਠੇਕੇਦਾਰ ਜੀ, ਆਪਦੇ ਮੂੰਹ ਮੇਂ ਘਿਓ-ਸ਼ੱਕਰ।" ਧੀ ਦਾ ਰਿਸ਼ਤਾ ਪੱਕਾ ਹੋਣ ਦੇ ਲਾਲਚ ਵਸ ਫੌਜੀ ਬਾਕੀ ਦੀ ਰਕਮ ਬਾਰੇ ਕਹਿੰਦਾ-ਕਹਿੰਦਾ ਝਿਜਕ ਗਿਆ ਸੀ। ਨਵੀਂ ਨਵੀਂ ਰਿਸ਼ਤੇਦਾਰੀ ਬਣਨ ਲੱਗੀ ਸੀ।



ਫ਼ਿਰ ਵੀ ਠੇਕੇਦਾਰ ਨੇ ਫੌਜੀ ਦੇ ਦਿਲ ਦੀ ਗੱਲ ਨੂੰ ਭਾਂਪਦਿਆਂ ਕਿਹਾ ਸੀ, "ਭਾਪਾ ਜੀ, ਹੁਣ ਸਾਡੇ ਵਿਚਕਾਰ ਠੇਕੇਦਾਰ ਤੇ ਮਾਲਿਕ ਵਾਲਾ ਰਿਸ਼ਤਾ ਨਹੀਂ ਰਿਹਾ। ਮੈਂ ਤੁਹਾਡੇ ਤੇ ਮਾਣ ਕਰਕੇ, ਦੂਸਰੇ ਮਾਲਕਾਂ ਦੀ ਪੇਮੈਂਟ ਪਹਿਲੋਂ ਕਰ ਦਿਤੀ ਹੈ। ਮਾਲ ਮੰਡੀ 'ਚ ਪੁਜਦਿਆਂ ਹੀ ਤੁਹਾਨੂੰ ਬਾਕੀ ਰਹਿੰਦੀ ਪੇਮੈਂਟ ਵੀ ਕਰ ਦਿਆਂਗਾ। ਇਸ ਬਾਰੇ ਬਿਲਕੁਲ ਵਰੀ ਨਹੀਂ ਕਰਨੀ। ਬਸ ਤੁਸੀਂ ਵਿਆਹ ਦੀਆਂ ਤਿਆਰੀਆਂ ਕਰੋ—।"

"ਹਮ ਕਹਿਤੇ ਹੈਂ ਜੀ, ਕੋਈ ਬਾਤ ਨਹੀਂ ਠੇਕੇਦਾਰ ਜੀ, ਪੈਸੇ ਕਹੀਂ ਭਾਗੇ ਨਹੀਂ ਜਾਤੇ।" ਫੌਜੀ ਨੇ ਵੀ ਠੇਕੇਦਾਰ ਦੀ ਹਾਂ 'ਚ ਹਾਂ ਮਿਲਾ ਦਿੱਤੀ ਸੀ।

ਫੌਜੀ ਤੇ ਚਰਨੀ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਰਾਤੀਂ ਦੇਰ ਤਾਈਂ ਜਾਗ-ਜਾਗ ਕੇ ਉਹ ਵਿਆਹ ਦੀਆਂ ਵਿਉਂਤਾ ਘੜਦੇ। ਇਕੋ ਇਕ ਕੁੜੀ ਵਿਆਹਣੀ ਸੀ ਉਨ੍ਹਾਂ ਨੇ। ਫੌਜੀ ਚਾਹੁੰਦਾ ਸੀ, ਵਿਆਹ ਅਜਿਹਾ ਹੋਵੇ ਕਿ ਸਾਰੀ ਬਿਰਾਦਰੀ ਵੇਖੇ। ਸ਼ਹਿਰੋਂ ਬਾਰਾਤ ਆਉਣੀ ਸੀ। ਪੱਤਲਾਂ-ਡੂਨਿਆਂ ਤੇ ਰੋਟੀ ਨਹੀਂ ਸੀ ਖੁਆਉਣੀ। ਹਲਵਾਈ ਤੇ ਬੈਰ੍ਹੇ ਵੀ ਸ਼ਹਿਰੋਂ ਬੁਲਾਉਣੇ ਸਨ। ਦਾਜ ਵਰੀ ਵੀ ਅੰਮ੍ਰਿਤਸਰੋਂ ਜਾ ਕੇ ਲਿਆਉਣੀ ਸੀ। ਸੋਨੇ-ਚਾਂਦੀ ਦੇ ਗਹਿਣਿਆਂ ਦੇ ਸੈਟ ਵੀ ਅਲੱਗ-ਅਲੱਗ ਬਣਾਉਣੇ ਸਨ। ਇਹੋ ਸਲਾਹਾਂ ਕਰਦਿਆਂ ਰਾਤ ਅੱਖਾਂ 'ਚ ਲੰਘ ਜਾਂਦੀ।

ਵਿਆਹ ਦੀਆਂ ਸਕੀਮਾਂ ਘੜਦਿਆਂ ਦੋ ਮਹੀਨੇ ਤੋਂ ਉਪਰ ਹੋ ਚਲੇ ਸਨ, ਪਰ ਠੇਕੇਦਾਰ ਨਹੀ ਸੀ ਬਹੁੜਿਆ। ਉਹ ਠੇਕੇਦਾਰ ਦੀ ਰੋਜ਼ ਬੇਸਬਰੀ ਨਾਲ ਉਡੀਕ ਕਰਦੇ। ਨਾ ਰਿਸ਼ਤੇ ਦੀ ਗੱਲ ਹੀ ਅੱਗੇ ਵੱਧ ਰਹੀ ਸੀ ਤੇ ਨਾ ਬਾਕੀ ਰਹਿੰਦੀ ਰਕਮ ਦੀ। ਚਰਨੀ ਫੌਜੀ ਨੂੰ ਸ਼ਹਿਰ ਜਾ ਕੇ ਠੇਕੇਦਾਰ ਨੂੰ ਮਿਲਣ ਲਈ ਮਜਬੂਰ ਕਰਦੀ। ਪਰ ਮੂਹਰਿਉਂ ਫੌਜੀ ਔਖਾ ਹੋ ਕੇ ਕਹਿੰਦਾ, 'ਹਮ ਕਹਿਤੇ ਹੈਂ ਬਾਲੂ ਦੀ ਮਾਂ, ਥੋੜਾ ਸਬਰ ਸੇ ਕੰਮ ਲੇ। ਨਵਾਂ-ਨਵਾਂ ਰਿਸ਼ਤਾ ਜੁੜ ਰਿਹਾ ਹੈ, ਵੋ ਲੋਗ ਕਿਆ ਸੋਚੇਂਗੇ ਕਿ ਹਮ ਕਿਤਨੇ ਲਾਲਚੀ ਹੈਂ। ਠੇਕੇਦਾਰ ਨੇ ਜੁਬਾਨ ਕੀ ਹੈ। ਬੰਦੇ ਕੋ ਕੋਈ ਮਜਬੂਰੀ ਭੀ ਪੜ ਸਕਤੀ ਹੈ। ਵੋ ਜ਼ਰੂਰ ਆਏਗਾ।" ਫੌਜੀ ਨੂੰ ਠੇਕੇਦਾਰ 'ਤੇ ਜਿੰਨਾ ਯਕੀਨ ਸੀ, ਚਰਨੀ ਨੂੰ ਉਨੀ ਹੀ ਬੇਵਸਾਹੀ। ਉਹ ਕਹਿੰਦੀ "ਮਿੰਜੋ ਠੇਕੇਦਾਰ ਦੀ ਨੀਤ ਭਲੀ ਨਹੀਂ ਲਗਦੀ। ਮਿੰਜੋ ਨਾਂ ਉਸ ਦੀਆਂ ਗੱਲਾਂ ਤੇ ਪਹਿਲਾਂ ਹੀ ਯਕੀਨ ਨਹੀਂ ਸੀ ਔਂਦਾ। ਪਖਲਾ ਬੰਦਾ ਮਿੱਠਾ ਬਣੀ-ਬਣੀ ਕੇ ਤੁਸਾਂ ਜੋ ਠੱਗੀ ਗਿਆ।"

ਆਖਰ ਫੌਜੀ ਦੇ ਸਬਰ ਦਾ ਬੰਨ੍ਹ ਵੀ ਟੁੱਟ ਗਿਆ। ਉਹ ਸ਼ਹਿਰ ਪੁੱਜਾ। ਉਸ ਨੇ ਠੇਕੇਦਾਰ ਦੀ ਆਲੀਸ਼ਾਨ ਕੋਠੀ ਦੀ ਬੈਲ ਬਜਾਈ। ਨੌਕਰ ਨੇ ਗੇਟ ਖੋਲ੍ਹਿਆ।

"ਹਮ ਕਹਿਤੇ ਹੈਂ ਠੇਕੇਦਾਰ ਜੀ ਘਰ ਮੇਂ ਹੈਂਗੇ?"

"ਆਹੋ ਹੈਨ।"

"ਉਨਕੋ ਗਲਾਉ ਕਿ ਪਿੰਡ ਸੇ ਫੌਜੀ ਹੰਸਰਾਜ ਆਇਆ ਹੈ।" ਨੌਕਰ ਅੰਦਰ ਗਿਆ ਤੇ ਉਲਟੇ ਪੈਰੀਂ ਪਰਤ ਆਇਆ, "ਸਾਂਬ੍ਹ ਕਹਿੰਦੇ ਨੇ ਅੰਦਰ ਆ ਜਾਵੋ।"

ਫੌਜੀ ਗੇਟ ਲਾਗੇ ਖੜ੍ਹੋਤੀ ਕਾਰ ਕੋਲੋਂ ਲੰਘ ਕੇ ਅੰਦਰ ਚਲਿਆ ਗਿਆ। ਨੌਕਰ ਨੇ ਫੌਜੀ ਨੂੰ ਬੈਠਕ 'ਚ ਬਿਠਾਇਆ। ਕੱਚ ਦਾ ਮੇਜ਼। ਇਕ ਖੂੰਜੇ 'ਚ ਟੈਲੀਫੋਨ ਤੇ ਰੰਗੀਨ ਟੀ. ਵੀ.।

ਸਿਲਕ ਦੀ ਚਾਂਦਰ ਨਾਲ ਢੱਕਿਆ ਦੀਵਾਨ। ਫੌਜੀ ਡੌਂਬੂਰਿਆਂ ਵਾਂਗ ਇਸ ਬੈਠਕ ਦੀ ਸੁੰਦਰਤਾ ਵੇਖ ਰਿਹਾ ਸੀ। ਸੋਫੇ 'ਤੇ ਬੈਠਾ ਤਾਂ ਨਰਮ-ਨਰਮ ਗੱਦੇ 'ਚ ਉਹ ਅੱਧਾ ਤਾਂ ਵਿਚਾਲੇ ਧੱਸ ਗਿਆ। ਕੁਝ ਦੇਰ ਮਗਰੋਂ ਠੇਕੇਦਾਰ ਅੰਦਰ ਆਇਆ ਤੇ ਦੀਵਾਨ 'ਤੇ ਪਏ ਕੁਸ਼ਨ ਦਾ ਢਾਹਸਣਾ ਲਾਉਂਦਿਆਂ ਉਸ ਨੇ ਕਿਹਾ, "ਆਓ ਫੌਜੀ ਸਾਬ੍ਹ, ਕਿਵੇਂ ਆਉਣੇ ਹੋਏ?" ਠੇਕੇਦਾਰ ਦਾ ਬਦਲਿਆ ਹੋਇਆ ਸੰਬੋਧਨ ਤੇ ਰੁੱਖੇ ਜਿਹੇ ਲਹਿਜੇ ਤੋਂ ਫੌਜੀ ਬਹੁਤ ਹੈਰਾਨ ਹੋਇਆ। ਉਸ ਨੇ ਵੀ ਸਿੱਧੇ ਮਤਲਬ ਦੀ ਗੱਲ 'ਤੇ ਆਉਂਦਿਆਂ ਕਿਹਾ, "ਠੇਕੇਦਾਰ ਜੀ, ਮੈਂ ਖੈਰੋਂ ਕੀ ਬਕਾਇਆ ਰਕਮ ਲੈਣੇ ਆਇਆ ਹੂੰ। ਆਪ ਵਾਇਦਾ ਕਰਕੇ ਭੀ ਪਿੰਡ ਨਹੀਂ ਆਏ।"

"ਬਈ ਫੌਜੀਆ, ਦਿੱਲੀ ਵਿਚ ਦੰਗੇ ਹੋ ਗਏ। ਮਾਲ ਫਸ ਗਿਆ। ਰੇਟ ਡਾਊਨ ਹੋ ਗਿਆ। ਬਸ ਮਿੱਟੀ ਦੇ ਭਾਅ ਮਾਲ ਮੰਡੀ 'ਚ ਸੁੱਟ ਕੇ ਜਾਨ ਬਚਾ ਕੇ ਆਏ ਹਾਂ। ਇਸ ਸੌਦੇ 'ਚ ਬਹੁਤ ਲੌਸ ਹੋਇਆ ਹੈ, ਲਾਗਤ ਵੀ ਨਹੀਂ ਮੁੜੀ।"

"ਹਮ ਕਹਿਤੇ ਹੈਂ ਠੇਕੇਦਾਰ ਜੀ, ਯੇ ਮੇਰਾ ਕਸੂਰ ਨਹੀਂ। ਆਪਨੇ ਹਮਾਰੇ ਸਾਥ ਜੋ ਰੇਟ ਮੁਕਾਇਆ ਥਾ, ਮੁਝੇ ਉਸੀ ਕੇ ਹਿਸਾਬ ਸੇ ਬਾਕੀ ਕਾ ਭੁਗਤਾਨ ਕਰੋ।"

"ਚਲੋ ਆਪਣੇ ਪੰਡਤ ਭਾਈ ਹੋ, ਪੰਜ ਕੁ ਹਜ਼ਾਰ ਹੋਰ ਲੈ ਜਾ।" ਠੇਕੇਦਾਰ ਨੇ ਪੰਜ ਹਜ਼ਾਰ ਦੀ ਥੱਬੀ ਫੌਜੀ ਨੂੰ ਫੜਾਉਂਦਿਆਂ ਕਿਹਾ।

"ਹਮ ਕਹਿਤੇ ਹੈਂ ਕਿ ਇਕ ਲੱਖ ਦਾ ਸੌਦਾ ਔਰ ਮੁਝੇ ਤੀਸ ਹਜ਼ਾਰ ਮੇਂ ਟਰਕਾਤੇ ਹੋ।"

ਫੌਜੀ ਔਖਾ ਹੋ ਕੇ ਬੋਲਿਆ। ਇੰਨੇ ਨੂੰ ਟੈਲੀਫੋਨ ਦੀ ਘੰਟੀ ਵੱਜੀ। ਫੌਜੀ ਚੁੱਪ ਹੋ ਗਿਆ। ਨੌਕਰ ਨੇ ਰਸੀਵਰ ਚੁੱਕਿਆ," ਹੈਲੋ...ਕੌਣ ਸਾਬ੍ਹ ..ਜੀ ਹੈਂਗੇ...ਇਕ ਮਿੰਟ...ਲਉ ਗੱਲ ਕਰੋ...।" ਨੌਕਰ ਨੇ ਰਸੀਵਰ ਠੇਕੇਦਾਰ ਵੱਲ ਵਧਾਉਂਦਿਆ ਕਿਹਾ, "ਸਾਬ੍ਹ-ਤੁਹਾਡੇ ਗੱਲ ਕਰਨੀ ਚਾਹੁੰਦੇ ਨੇ।"

"ਸਾਬ੍ਹ ਜੀ, ਮਨੀਸਟਰ ਸਾਬ੍ਹ ਦੇ ਪੀ.ਏ.।"

"ਅੱਛਾ-ਅੱਛਾ।" ਠੇਕੇਦਾਰ ਨੇ ਕਾਹਲੀ ਨਾਲ ਨੌਕਰ ਹੱਥੋਂ ਰਸੀਵਰ ਲੈ ਕੇ ਕੰਨ ਨਾਲ ਲਾਇਆ ਤੇ ਉੱਚੀ-ਉੱਚੀ ਬੋਲਣ ਲੱਗਾ। ਜਿਵੇਂ ਉਹ ਫੌਜੀ ਨੂੰ ਆਪਣੀ ਪਹੁੰਚ ਦਾ ਅਹਿਸਾਸ ਕਰਾਉਣਾ ਚਾਹੁੰਦਾ ਹੋਵੇ,"...ਹੋਰ ਕੀ ਹਾਲ-ਚਾਲ ਹੈ ਜੀ—ਆਪ ਹੈਗੇ...ਜਰਾ ਕਰਾਉ ਗੱਲ... ਜੀ ਸਰ ਜੀ ਪਰਣਾਮ ਜਨਾਬ ਕਦੋਂ ਪਧਾਰ ਰਹੇ ਨੇ...ਅੱਜ ਹੀ ਜਾਂ ਕਲ੍ਹ...ਹਾਂ ਜੀ ਕੱਲ੍ਹ ਹੀ ਠੀਕ ਰਹੇਗਾ...ਸਿਕਿਉਰਟੀ ਪਾਇੰਟ ਆਫ ਵਿਊ ਨਾਲ . ਬਸ ਮੂਰਤੀ ਪ੍ਰਤੀਸ਼ਤਾ ਮਗਰੋਂ ਤੁਸੀਂ ਸੰਗਤ ਨੂੰ ਐਡਰੈਸ ਕਰਨਾ ਏ ਖਰਚ ਦਾ ਫਿਕਰ ਨਾ ਕਰੋ ਜੀ.. ਦਾਸ ਹਾਜ਼ਰ ਹੈ ਜੀ...ਜੋ ਮਰਜ਼ੀ ਹੁਕਮ ਕਰੋ ਜੀ ਗੁਲਾਮ ਦਾ ਇੰਨਾ ਕੁ ਰਸੂਖ ਤਾਂ ਹੈ ਜੀ...।" ਠੇਕੇਦਾਰ ਮਨਿਸਟਰ ਨਾਲ ਗੱਲਾਂ ਕਰਦਾ ਕਦ ਚੋਰ ਅੱਖ ਨਾਲ ਫੌਜੀ ਵੱਲ ਵੇਖ ਲੈਂਦਾ। ਕਦੇ ਖਚਰਾ ਹਾਸਾ ਹੱਸਦਾ! ਕਦ ਨਿਮਰਤਾ ਦੀ ਮੂਰਤ ਬਣ ਜਾਂਦਾ, ਜਿਵੇਂ ਮਨੀਸਟਰ ਸਾਖਸ਼ਾਤ ਉਸ ਦੇ ਸਾਮ੍ਹਣੇ ਖੜੋਤਾ ਹੋਵੇ। ਰਸੀਵਰ ਫੋਨ 'ਤੇ ਰਖਦਿਆਂ ਸਾਰ ਹੀ ਠੇਕੇਦਾਰ ਦੇ ਚੇਹਰੇ ਤੋਂ ਨਿਮਰਤਾ ਜਿਵੇਂ ਖੰਭ ਲਾ ਕੇ ਉਡ ਗਈ। ਉਹ ਮੁੜ ਰੋਹਬ ਨਾਲ ਬੋਲਿਆ, "ਫੌਜੀਆ, ਮੈਂ ਕਿਹਾ ਨਾ ਇਸ ਠੇਕੇ 'ਚ ਮੈਨੂੰ ਲੌਸ ਹੀ ਲੌਸ ਹੋਇਆ ਏ। ਮੈਂ ਬਸ ਇੰਨੇ ਹੀ ਦੇ ਸਕਦਾ ਹਾਂ। ਨੋਟ ਏ ਸਿੰਗਲ ਪਾਈ



ਮੋਰ।" ਫੌਜੀ ਠੇਕੇਦਾਰ ਦਾ ਗਿਰਗਿਟ ਵਾਂਗ ਬਦਲਿਆ ਰੰਗ ਵੇਖਦਾ ਰਹਿ ਗਿਆ। ਟੱਡੀਆਂ ਅੱਖਾ ਨਾਲ। ਉਸ ਨੂੰ ਆਪਣੇ ਸੁਪਨੇ ਚੂਰ-ਚੂਰ ਹੁੰਦੇ ਜਾਪੇ। ਉਸ ਨੂੰ ਵਿਸ਼ਵਾਸ ਨਹੀਂ ਸੀ ਹੁੰਦਾ ਕਿ ਇਹ ਉਹ ਠੇਕੇਦਾਰ ਹੈ ਜਿਹੜਾ ਕੁਝ ਦਿਨ ਪਹਿਲੋਂ "ਭਾਪਾ ਜੀ-ਭਾਪਾ ਜੀ" ਕਹਿ ਕੇ ਉਸਦੇ ਕਦਮ ਚੁੰਮਦਾ ਸੀ। ਠੇਕੇਦਾਰ ਮੁੜ ਬੋਲਿਆ। "ਹਾ, ਨਾਲੇ ਮੇਰਾ ਤੇ ਸਾਲਾ ਉਸ ਬੈਕਵਰਡ ਇਲਾਕੇ 'ਚ ਵਿਆਹ ਕਰਵਾਉਣ ਲਈ ਰਾਜ਼ੀ ਨਹੀਂ ਹੁੰਦਾ, ਉਹ ਨੌਕਰੀ ਲੱਗੀ ਕੁੜੀ ਲੱਭਦਾ ਏ।"

ਫੌਜ ਦਾ ਕਰੜਾ ਅਨੁਸ਼ਾਸਨ ਤੇ ਈਮਾਂਨਦਾਰੀ ਫੌਜੀ ਹੰਸਰਾਜ ਦੇ ਰੋਮ-ਰੋਮ ਵਿਚ ਵਸੀ ਹੋਈ ਸੀ, ਉਹ ਸਾਰਿਆਂ ਨੂੰ ਆਪਣੇ ਵਰਗਾ ਹੀ ਈਮਾਨਦਾਰ ਤੇ ਸਾਫ ਦਿਲ ਸਮਝਦਾ ਸੀ। ਉਸ ਨੇ ਜ਼ਿੰਦਗੀ 'ਚ ਕਿਸੇ ਨੂੰ ਪਹਿਲੀ ਵਾਰੀ ਇਸ ਤਰ੍ਹਾਂ ਆਪਣੀ ਜ਼ੁਬਾਨ ਤੋਂ ਫਿਰਦਿਆਂ ਵੇਖਿਆ ਸੀ। ਸ਼ਰੇਆਮ ਬੇਈਮਾਨ ਹੁੰਦੇ ਵੇਖਿਆ ਸੀ। ਉਸ ਨੇ ਗੁੱਸੇ ਨਾਲ ਭਰੇ ਸ਼ਬਦਾਂ 'ਚ ਕਿਹਾ, "ਹਮ ਕਹਿਤੇ ਹੈਂ ਠੇਕੇਦਾਰ ਜੀ, ਆਪਣੀ ਜ਼ੁਬਾਨ ਪੁਗਾਉ।"

"ਉਹ ਬਈ ਮੈਂ ਜ਼ੁਬਾਨ ਹੀ ਤਾ ਪੁਗਾਈ ਹੈ। ਇਕਰਾਰ ਨਾਮੇ ਮੁਤਾਬਕ ਮੈਂ ਵੇਲੇ ਸਿਰ ਸਾਰੀ ਪੇਮੈਂਟ ਕਰ ਦਿੱਤੀ ਏ। ਇਹ ਪੰਜ ਹਜਾਰ ਤਾਂ ਮੈਂ ਤੈਨੂੰ ਝੂੰਗੇ ਵਿਚ ਦੇ ਰਿਹਾ ਹਾਂ।।"

"ਹਮਨੇ ਨਹੀਂ ਲੇਨਾ ਯੇ ਝੂੰਗਾ। ਮੈਂ ਕੋਈ ਮੰਗਤਾ ਨਹੀਂ ਹੂੰ। ਅਪਣਾ ਹੱਕ ਮਾਂਗ ਰਹਾ ਹੂੰ। ਇਸੇ ਭੀ ਰੱਖ ਲੇ ਬੇਈਮਾਨ...ਧੋਖੇਬਾਜ਼...।" ਫੌਜੀ ਗੁੱਸੇ ਨਾਲ ਕੰਬਦਾ ਹੋਇਆ ਕੱਪੜਿਆਂ ਤੋਂ ਬਾਹਰ ਹੋ ਗਿਆ।

"ਫੌਜੀਆ—ਜ਼ੁਬਾਨ ਸੰਭਾਲ ਕੇ ਗੱਲ ਕਰ ਨਹੀਂ ਤਾਂ...।" ਠੇਕੇਦਾਰ ਨੇ ਵੀ ਗਰਜ ਕੇ ਧਮਕੀ ਦਿੱਤੀ।

"ਨਹੀਂ ਤੋਂ ਤੂੰ ਕਿਆ ਕਰ ਲੇਗਾ।"

"ਮੈਂ ਕਹਿਨਾਂ ਜੇ ਆਪਣੀ ਭਲੀ ਚਾਹੁੰਨਾ ਏਂ ਤਾਂ ਇੱਥੋਂ ਚੁਪਚਾਪ ਚਲਿਆ ਜਾ।"

"ਨਹੀਂ ਜਾਤਾ! ਮੈਂ ਆਪਣੀ ਬਾਕੀ ਰਕਮ ਲੇ ਕਰ ਜਾਊਂਗਾ ਯਹਾਂ ਮੇਂ...।" ਫੌਜੀ ਨੇ ਅੰਗਦ ਵਾਂਗ ਪੈਰ ਜਮਾਏ।

"ਇੰਜ ਨਹੀਂ ਜਾਏਂਗਾ ਤੂੰ.. ਮੇਰੇ ਘਰ 'ਚ ਮੇਰੇ ਨਾਲ ਹੀ ਆਕੜਦਾ ਹੈ...।" ਕਹਿੰਦਿਆਂ ਨੌਕਰ ਤੇ ਠੇਕੇਦਾਰ ਨੇ ਮਿਲ ਕੇ ਧੱਕੇ ਮਾਰ ਕੇ ਫੌਜੀ ਨੂੰ ਕੋਠੀ ਤੋਂ ਬਾਹਰ ਕੱਢ ਦਿੱਤਾ। ਫੌਜੀ ਨੇ ਜ਼ਿੰਦਗੀ ਵਿਚ ਇੰਨੀ ਬੇਇੱਜ਼ਤੀ ਪਹਿਲੀ ਵਾਰੀ ਸਹਾਰੀ ਸੀ। ਉਹ ਜ਼ਖਮੀਂ ਸ਼ੇਰ ਵਾਂਗੂ ਗਰਜਿਆ।" ਧੋਖੇਬਾਜ਼, ਮੈਂ ਤੇਰੇ ਪਰ ਚਾਰ ਸੌ ਬੀਸ ਦਾ ਕੇਸ ਕਰੂੰਗਾ। ਤੇਰੇ ਕੋ ਜੇਲ੍ਹ ਭਿਜਵਾਊਂਗਾ...।"

"ਜਾ...ਜਾ...ਤੇਥੋਂ ਜੋ ਹੁੰਦਾ ਕਰ ਲਈਂ। ਬੜੇ ਵੇਖੇ ਨੇ ਤੇਰੇ ਵਰਗੇ ਜੇਲ੍ਹ ਭੇਜਣ ਵਾਲੇ।" ਠੇਕੇਦਾਰ ਨੇ ਲਾਪਰਵਾਹੀ ਨਾਲ ਕਿਹਾ ਤੇ ਗੇਟ ਬੰਦ ਕਰਕੇ ਅੰਦਰ ਆ ਗਿਆ। ਬਾਹਰ ਖੜੋਤੇ ਫੌਜੀ ਦਾ ਦਿਲ ਕਰਦਾ ਸੀ ਉਸ ਪਾਸ ਬੰਦੂਕ ਹੁੰਦੀ ਤਾਂ ਉਹ ਠੇਕੇਦਾਰ ਨੂੰ ਗੋਲੀ ਨਾਲ ਉੜਾ ਦਿੰਦਾ। ਉਸਦਾ ਜੀ ਕੀਤਾ ਕਿ ਉਹ ਇਸ ਕੋਠੀ ਨੂੰ ਸਮੇਤ ਠੇਕੇਦਾਰ ਬੰਬ ਨਾਲ ਉੜਾ ਦੇਵੇ।

ਪਰ ਉਹ ਕੁਝ ਨਹੀਂ ਕਰ ਸਕਿਆ। ਉਸ ਨੇ ਗਾਲ੍ਹਾਂ ਕੱਢੀਆ ਠੇਕੇਦਾਰ ਨੂੰ ਪਰ ਮਨ ਹੀ ਮਨ। ਤੇ ਫਿਰ ਕੁਝ ਸੋਚ ਕੇ ਉਸ ਨੇ ਬਸ ਅੱਡੇ ਵੱਲ ਮੂੰਹ ਕਰ ਲਿਆ ਸੀ।

ਸਵਾਰੀਆਂ ਉਤਰਨ ਦੀ ਰੌਲੀ ਪਈ ਤਾਂ ਫੌਜੀ ਜਿਵੇਂ ਹੋਸ਼ ਵਿਚ ਆਇਆ। ਉਹ ਖਿਆਲਾਂ ਦੇ ਜੰਗਲ 'ਚੋਂ ਪਰਤਿਆ। ਬਸੋਂ ਉਤਰ ਕੇ ਉਹ ਸਿੱਧਾ ਡੀ. ਐਫ. ਓ. ਦਫਤਰ ਪੁੱਜਾ। ਉਸਨੇ ਸਬੰਧਤ ਕਲਰਕ ਨਾਲ ਠੇਕੇਦਾਰ ਵਲੋਂ ਕੀਤੇ ਗਏ ਧੋਖੇ ਦੀ ਸ਼ਿਕਾਇਤ ਕੀਤੀ ਅਤੇ ਉਸ ਵਲੋਂ ਜਮਾਂ ਕਰਵਾਈ ਸਿਕਿਉਰਟੀ ਦੀ ਰਕਮ ਰੁਕਵਾਉਣ ਲਈ ਬੇਨਤੀ ਕੀਤੀ। ਪਰ ਕਲਰਕ ਨੇ ਉਸ ਨੂੰ ਮਾਲਿਕ ਵਲੋਂ ਦਿੱਤਾ ਪੇਮੈਂਟ ਦਾ ਕਲੀਰੈਂਸ ਸਰਟੀਫਿਕੇਟ ਵਿਖਾਲਦਿਆਂ ਕਿਹਾ," ਤੁਸੀਂ ਆਪ ਤਾਂ ਪੂਰੀ ਪੇਮੈਂਟ ਪ੍ਰਾਪਤ ਕਰਨ ਦਾ ਸਰਟੀਫਿਕੇਟ ਦਿੱਤਾ ਹੈ। ਹੁਣ ਤੁਸੀਂ ਆਪ ਹੀ ਠੇਕੇਦਾਰ ਦੀ ਸ਼ਿਕਾਇਤ ਕਰਦੇ ਹੋ।"

"ਨਹੀਂ ਜੀ, ਹਮ ਕਹਿਤੇ ਹੈਂ ਜੀ, ਹਮਨੇ ਐਸਾ ਕੋਈ ਸਰਟੀਫਿਕੇਟ ਨਹੀਂ ਦੀਆਂ ਠੇਕੇਦਾਰ ਕੋ। ਜਰਾ ਮੁਝੇ ਭੀ ਤੋ ਦਿਖਾਉ ਯੇ ਸਰਟੀਫਿਕੇਟ।" ਫੌਜੀ ਨੇ ਸਰਟੀਫਿਕੇਟ ਤੇ ਨਿਗਾਹ ਮਾਰੀ ਤਾਂ ਉਸ ਨੂੰ ਜਿਵੇਂ ਹਜ਼ਾਰਾਂ ਠੂਹੇ ਇਕੋ ਵਾਰੀ ਡੰਗ ਗਏ। ਉਹ ਤ੍ਰਭਕ ਕੇ ਬੋਲਿਆ ਯੇ ਸਰਟੀਫਿਕੇਟ ਏਕ ਦਮ ਝੂਠਾ ਹੈ। ਦਸਤਖ਼ਤ ਜਾਅਲੀ ਹੈ, ਯੇ ਮੇਰੇ ਦਸਤਖ਼ਤ ਨਹੀਂ ਹੈ।

— ਆਪਨੇ ਜਾਅਲੀ ਸਰਟੀਫਿਕੇਟ ਪਰ ਠੇਕੇਦਾਰ ਕੋ ਸਿਕਿਉਰਟੀ ਕੈਸੇ ਮੋੜ ਦੀ?"

"ਔਖਾ ਕਾਹਤੋਂ ਹੁੰਦਾ ਹੈ ਭਾਈ। ਸਾਡੇ ਕੋਲ ਕਿਹੜੇ ਤੇਰੇ ਤਸਦੀਕ ਸ਼ੁਦਾ ਸਿਗਨੇਚਰ ਹਨ।

— ਜਿਸ ਨਾਲ ਅਸੀਂ ਟੈਲੀ ਕਰ ਲੈਂਦੇ। ਸਾਨੂੰ ਤਾਂ ਠੇਕੇਦਾਰ ਨੇ ਮਾਲਿਕ ਵਲੋਂ ਕਲੀਰੈਂਸ ਚਿੱਟ ਦਿੱਤੀ। ਅਸੀਂ ਸਿਕਿਉਰਟੀ ਵਾਪਸ ਕਰ ਦਿੱਤੀ।"

"ਹਮ ਕਹਿਤੇ ਹੈਂ ਬਾਬੂ ਜੀ, ਠੇਕੇਦਾਰ ਨੇ ਹਮਾਰੀ ਪੂਰੀ ਪੇਮੈਂਟ ਕੀ ਹੀ ਨਹੀਂ।"

"ਭਾਈ ਆਹ ਵੇਖ, ਤੇਰੇ ਦਸਤਖ਼ਤਾਂ ਨੂੰ ਪਿੰਡ ਦੇ ਸਰਪੰਚ ਤੇ ਗਾਰਡ ਨੇ ਵੀ ਤਸਦੀਕ ਕੀਤਾ ਹੈ ਕਿ ਸਾਰੀ ਪੇਮੈਂਟ ਉਹਨਾਂ ਸਾਮ੍ਹਣੇ ਹੀ ਹੋਈ ਹੈ। ਜੇ ਬਾਕੀਆਂ ਦੇ ਦਸਤਖ਼ਤ ਸਮੇਤ ਮੋਹਰਾਂ ਅਸਲੀ ਨੇ ਤੇ ਤੇਰੇ ਕਿਵੇਂ ਜਾਲ੍ਹੀ ਹੋ ਗਏ।" ਉਸ ਕਲਰਕ ਨੇ ਫੌਜੀ ਦੇ ਪੈਰ ਨਹੀਂ ਲੱਗਣ ਦਿੱਤੇ। ਪਰੇਸ਼ਾਨ ਹੋਇਆ ਫੌਜੀ ਸਿੱਧਾ ਡੀ. ਐਫ. ਓ. ਅੱਗੇ ਪੇਸ਼ ਹੋ ਗਿਆ। ਪਤਾ ਨਹੀਂ ਡੀ. ਐਫ. ਓ. ਸੱਚ-ਮੁੱਚ ਈਮਾਨਦਾਰ ਸੀ ਜਾਂ ਠੇਕੇਦਾਰ ਨੇ ਉਸ ਨੂੰ ਵਿਸ਼ਵਾਸ਼ਵਿਚ ਨਹੀਂ ਸੀ ਲਿਆ ਉਸ ਨੇ ਫੌਜੀ ਦੀ ਗੱਲ ਬੜੇ ਗਹੁ ਨਾਲ ਸੁਣੀ ਅਤੇ ਕਲਰਕ ਤੋਂ ਸੰਬੰਧਤ ਫਾਈਲ ਮੰਗਵਾ ਲਈ। ਫਾਈਲ ਦੇ ਪੇਜ ਫਰੋਲਦਿਆਂ ਤੇ ਘੋਖਦਿਆਂ ਡੀ. ਐਫ. ਓ, ਨੇ ਕਿਹਾ," ਬਈ, ਠੇਕੇਦਾਰ ਨੇ ਜਿੰਨੇ ਸ਼ੁਮਾਰ ਦੀ ਮਨਜ਼ੂਰੀ ਲਈ ਸੀ, ਉਸ ਮੁਤਾਬਕ ਤਾਂ ਤੀਹ ਹਜ਼ਾਰ ਰੁਪਏ ਹੀ ਬਣਦੇ ਨੇ ਉਸ ਦੀ ਪੇਮੈਂਟ ਵੀ ਉਸ ਨੇ ਪੂਰੀ ਕਰ ਦਿੱਤੀ ਹੈ।"

"ਸਾਬ੍ਹ ਹਮ ਕਹਿਤੇ ਹੈ ਆਪ ਹਮਾਰੀ ਡਾਇਰੀ ਦੇਖੋ। ਹਮਾਰੇ ਸ਼ੁਮਾਰ ਔਰ ਦੋ ਸੌ ਰੁਪਏ ਫੁੱਟ ਕੇ ਰੇਟ ਮੁਤਾਬਕ ਹਮਾਰਾ ਏਕ ਲਾਖ ਸੇ ਊਪਰ ਬਣਦਾ ਹੈ।"

"ਫੌਜੀ ਭਾਈ ਮਹਿਕਮਾ ਤੇਰੀ ਡਾਇਰੀ ਨੂੰ ਨਹੀਂ ਮੰਨਦਾ ਉਹ ਤਾਂ ਵੇਖਦਾ ਏ ਕਿ ਸਰਕਾਰੀ



ਕਾਗਜ਼ ਕੀ ਬੋਲਦੇ ਨੇ, ਚੰਗਾ ਇਹ ਦੱਸ ਸ਼ੁਮਾਰ ਤੇ ਕਟਾਨ ਦੀ ਮਨਜ਼ੂਰੀ ਤੁਸੀਂ ਲੈਣ ਆਏ ਸੀ ਜਾਂ ਠੇਕੇਦਾਰ।"

"ਸਾਬ੍ਹ ਠੇਕੇਦਾਰ।"

"ਬਸ ਇੱਥੇ ਹੀ ਮਾਰ ਖਾ ਗਿਆ ਹੈ ਤੂੰ ਭਾਈ, ਇੱਥੇ ਉਹ ਤੇਰੇ ਨਾਲ ਹੇਰਾ-ਫੇਰੀ ਕਰ ਗਿਆ।

"ਸਾਬ੍ਹ, ਹਮ ਕਹਿਤੇ ਹੈਂ, ਆਪ ਜੰਗਲ ਚਲ ਕਰ ਕਟੇ ਹੂਏ ਖੈਰੋਂ ਕੀ ਮੁੱਢੀਆਂ ਗਿਣ ਸਕਤੇ ਹੈਂ ਕਿ ਕੁੱਲ ਕਿਤਨੇ ਖੈਰ ਕਾਟੇ ਗਏ ਹੈਂ।" ਫੌਜੀ ਤੜਫ ਕੇ ਬੋਲਿਆ ਤਾਂ ਡੀ. ਐਫ.ਓ. ਨੇ ਫੌਜੀ ਨੂੰ ਕਿਹਾ। "ਠੀਕ ਹੈ ਠੇਕੇਦਾਰ ਕੇ ਖਿਲਾਫ ਸਾਨੂੰ ਲਿਖਤੀ ਸ਼ਿਕਾਇਤ ਦੇ ਦਿਉ।"

ਫਿਰ ਫੌਜੀ ਤੋਂ ਲਿਖਤੀ ਸ਼ਿਕਾਇਤ ਲੈਕੇ ਡੀ. ਐਫ. ਓ. ਨੇ ਇਨਕੁਆਇਰੀ ਮਾਰਕ ਕਰ ਦਿੱਤੀ। ਫੌਜੀ ਨੂੰ ਨਿਆਂ ਦੁਆਉਣ ਦਾ ਭਰੋਸਾ ਦੁਆ ਕੇ ਭੇਜ ਦਿੱਤਾ।

ਪਰ ਜੰਗਲਾਤ ਮਹਿਕਮੇ ਦੇ ਮੁਲਾਜ਼ਮ ਜਿਨ੍ਹਾਂ ਦੀ ਮਿਲੀ ਭੁਗਤ ਨਾਲ ਠੇਕੇਦਾਰ ਨੇ ਫੌਜੀ ਤੇ ਮਹਿਕਮੇ ਦੀਆਂ ਅੱਖਾਂ 'ਚ ਘੱਟਾ ਪਾਇਆ ਸੀ ਇਨਕੁਆਰੀ ਦੀ ਸੂਹ ਮਿਲਦਿਆਂ ਸਾਰ ਹੀ ਉਹ ਹਰਕਤ ਵਿਚ ਆ ਗਏ। ਇਸ ਤੋਂ ਪਹਿਲੋਂ ਕਿ ਇਨਕੁਆਰੀ ਸ਼ੁਰੂ ਹੁੰਦੀ! ਇਕ ਸ਼ਾਮ ਪਿੰਡ ਵਾਲਿਆਂ ਨੇ ਪਹਾੜੀਆਂ ਦੇ ਬਿਸਤਰ 'ਚੋਂ ਧੂੰਆਂ ਉਠਦਾ ਵੇਖਿਆ। ਫੇਰ ਅੱਗ ਦਾ ਗੋਲਾ ਚਮਕਿਆ ਤੇ ਹੌਲੀ-ਹੌਲੀ ਅੱਗ ਦਾ ਇਹ ਗੋਲਾ ਫੈਲਦਾ ਗਿਆ। ਅਕਾਸ਼ ਧੂੰਏ ਨਾਲ ਭਰ ਗਿਆ। ਅੱਗ ਨੇ ਸਾਰੇ ਜੰਗਲ ਨੂੰ ਆਪਣੀ ਗਰਿਫਤ ਵਿਚ ਲੈ ਲਿਆ। ਹਵਾ ਲੂ ਹੋ ਗਈ। ਫੈਲਦੀ ਅੱਗ ਵੇਖ ਕੇ ਪਿੰਡ ਵਾਲਿਆਂ ਨੂੰ ਡੋਬੂ ਪੈਣ ਲੱਗੇ। ਜੰਗਲ ਦੀ ਅੱਗ ਨੂੰ ਬੁਝਾਉਣਾ ਉਹਨਾਂ ਦੇ ਬਸ ਦੀ ਗੱਲ ਨਹੀਂ ਸੀ। ਜੰਗਲ ਵਿਚ ਚੀਲ੍ਹਾਂ ਦੇ ਦਰੱਖ਼ਤ ਵੀ ਸਨ। ਜ਼ਮੀਨ 'ਤੇ ਪਈਆਂ ਚੀਲ੍ਹਾਂ ਦੀਆਂ ਸੁੱਕੀਆਂ ਪੱਤੀਆਂ ਤੇ ਚਿਲਾਣ੍ਹ ਅੱਗ ਦੇ ਫੈਲਣ ਵਿਚ ਘਿਉ ਦਾ ਕੰਮ ਕਰ ਰਹੇ ਸਨ। ਕੱਟੇ ਹੋਏ ਖੈਰਾਂ ਦੀਆਂ ਮੁੱਢੀਆਂ ਵੀ ਸੜ ਕੇ ਸੁਆਹ ਹੋ ਗਈਆਂ ਸਨ। ਲੋਕੀਂ ਅਕਾਸ਼ ਵੱਲ ਹੱਥ ਚੁੱਕ ਕੇ ਰੱਬ ਤੋਂ ਮੀਂਹ ਦੀ ਦੁਆ ਕਰ ਰਹੇ ਸਨ।

ਪਰ ਆਪਣੇ ਸੁਪਨਿਆਂ ਨੂੰ ਖ਼ਾਕ ਵਿਚ ਮਿਲਦਿਆਂ ਵੇਖ ਫੌਜ਼ੀ ਪਾਗਲਾਂ ਵਾਗ ਚੀਕਿਆ। "ਹਮ ਕਹਿਤੇ ਹੈ ਇਹ ਅੱਗ ਠੇਕੇਦਾਰ ਔਰ ਮਹਿਕਮੇ ਨੇ ਮਿਲ ਕਰ ਲੋਗਾਈ ਹੈ। ਇਨਕੁਆਰੀ ਸੇ ਬਚਨੇ ਕੇ ਲੀਏ। ਯੇ ਆਗ ਹਮਾਰੇ ਜੰਗਲ ਕੋ ਭਸਮ ਕਰ ਦੇਗੀ। ਹਮਾਰੀ ਬਸਤੀ ਕੋ ਨਿਗਲ ਜਾਏਗੀ। ਯੇ ਆਗ ਹਮਾਰਾ ਨਾਮੋਨਿਸ਼ਾਨ ਮਿਟਾ ਦੇਗੀ। ਇਸੇ ਰੋਕਨਾ ਹੋਗਾ। ਉਸ ਠੇਕੇਦਾਰ ਕੋ ਰੋਕਨਾ ਹੋਗਾ। ਉਸੇ ਸਬਕ ਸਿਖਾਨਾ, ਹੋਗਾ ਨਹੀਂ...ਤੋਂ...ਨਹੀਂ ਤੋਂ ਵੋਹ ਹਮ ਸਭ ਕੋ ਖਤਮ ਕਰਦੇਗਾ...ਭਸਮ ਕਰਦੇਗਾ।"

—1631-U-1+31 ਸੈਕਟਰ-3
ਤਲਵਾੜਾ ਟਾਊਨਸ਼ਿਪ-144216

## ਹਮ ਕਿ ਠਹਿਰੇ ਅਜਨਬੀ/ਡਾ: ਆਯੂਬ ਮਿਰਜ਼ਾ

ਗੱਲ ਕਰਦੇ ਕਰਦੇ ਫ਼ੈਜ਼ ਸਾਹਿਬ ਆਪਣੇ ਹੱਥ ਨੂੰ ਇਉਂ ਹਵਾ ਵਿਚ ਲਹਿਰਾਉਂਦੇ ਸਨ ਜਿਵੇਂ ਪ੍ਰੇਮਕਾ ਛੱਤ ਉਪਰ ਅਪਣੀਆਂ ਜ਼ੁਲਫਾਂ ਲਹਿਰਾ ਰਹੀ ਹੋਵੇ।

ਇਕ ਦਿਨ ਸਰੂਰ ਵਿਚ ਜਦੋਂ ਉਨ੍ਹਾਂ ਅਪਣਾ ਹੱਥ ਉਪਰ ਚੁੱਕਿਆ ਤਾਂ ਮੈਨੂੰ ਉਨ੍ਹਾਂ ਦੀ ਇਕ ਉਂਗਲੀ ਤੇ ਜ਼ਖ਼ਮ ਦਾ ਨਿਸ਼ਾਨ ਨਜ਼ਰੀਂ ਪਿਆ। ਮੈਂ ਕਾਫ਼ੀ ਦੇਰ ਤਕ ਜ਼ਖ਼ਮ ਨੂੰ ਨੀਝ ਨਾਲ ਵੇਖਦਾ ਰਿਹਾ ਤੇ ਸੋਚਦਾ ਰਿਹਾ ਕਿ ਰੱਬ ਜਾਣੇ ਇਹ ਉਂਗਲੀ ਕਦੋਂ ਤੇ ਕਿੱਥੇ ਜ਼ਖ਼ਮੀਂ ਹੋਈ ਹੋਵੇਗੀ। ਮੈਨੂੰ ਯਾਦ ਨਹੀਂ ਕਿ ਉਹ ਕੀ ਗੱਲਾਂ ਕਰ ਰਹ ਸਨ। ਕਹਿਣ ਲਗੇ : "ਹਾਂ ਭਾਈ, ਕਿੱਥੇ ਹੋ ? ਮੈਂ ਕਹਿ ਰਿਹਾ ਹਾਂ ਕਿ ਮੈਂ ਚੀਨ ਬਾਰੇ ਤਿੰਨ ਨਜ਼ਮਾਂ ਲਿਖੀਆਂ ਹਨ, ਪਰ ਰੂਸ ਬਾਰੇ ਇਕ ਵੀ ਨਹੀਂ।" ਰੱਬ ਦੀ ਮਿਹਰ ਸੀ ਕਿ ਮਿਸਟਰ ਝਕੀਆ (ਰੂਸੀ ਕਲਚਰਲ ਸਕੱਤਰ) ਉਨ੍ਹਾਂ ਦੀ ਗੱਲ ਨਹੀਂ ਸਨ ਸੁਣ ਰਹੇ, ਨਹੀਂ ਤਾਂ ਉਹ ਫ਼ੈਜ਼ ਸਾਹਿਬ ਤੋਂ ਰੂਸ ਬਾਰੇ ਛੇ ਨਜ਼ਮਾਂ ਲਿਖਵਾ ਲੈਂਦੇ। ਰੂਸੀਆਂ ਨੂੰ ਅਜੇ ਇਸ ਭੇਤ ਦਾ ਗਿਆਨ ਨਹੀਂ ਸੀ ਹੋਇਆ। ਮੈਂ ਪੁੱਛ ਹੀ ਲਿਆ ਕਿ ਉਨ੍ਹਾਂ ਦੀ ਉਂਗਲੀ ਨੂੰ ਕੀ ਹੋਇਆਂ ਸੀ। ਕਹਿਣ ਲੱਗੇ : ਕਿਹੜੀ ਉਂਗਲੀ ਨੂੰ ? ਫਿਰ ਮੁਸਕਰਾ ਕੇ ਬੋਲੇ ਕਿ ਉਨ੍ਹਾਂ ਨੇ ਵੀ ਇਕ ਮੁਹਿੰਮ ਮਾਰੀ ਸੀ। ਇਸ ਪਿਛੋਂ ਉਨ੍ਹਾਂ ਨੇ ਤੌਬਾ ਕਰ ਲਈ। ਇਉਂ ਹੋਇਆ ਕਿ ਉਹ ਆਬਣੇ ਵੱਡੇ ਭਾਈ ਹਾਜੀ ਤੁਫ਼ੈਲ ਅਹਿਮਦ ਦੇ ਨਾਲ ਪਹਿਲੀ ਵਾਰ ਇਕ ਅਮੀਰਜ਼ਾਦੇ ਵਜੋਂ ਇਕ ਪਿੰਡ ਗਏ। ਤੁਫ਼ੈਲ ਭਾਈ ਨੂੰ ਹਾਜੀ ਤਾਂ ਕਿਹਾ ਜਾਂਦਾ ਸੀ ਕਿ ਉਨ੍ਹਾਂ ਦੇ ਪਿਤਾ ਜੀ ਉਹਨੂੰ ਨਿੱਕੇ ਹੁੰਦੇ ਨੂੰ ਹੱਜ ਤੇ ਆਪਣੇ ਨਾਲ ਲੈ ਗਏ ਸਨ। ਪਿੰਡ ਦੇ ਰਿਸ਼ਤੇਦਾਰ ਗ਼ਰੀਬ ਸਨ ਤੇ ਉਹ ਖ਼ਾਨ ਬਹਾਦਰ ਦੇ ਬੱਚੇ। ਪੇਂਡੂ ਰਿਸ਼ਤੇਦਾਰਾਂ ਕੋਲ ਧੋਤੀ ਤੇ ਝੱਗੇ ਤੋਂ ਬਿਨਾਂ ਕੁਝ ਨਹੀਂ ਸੀ। ਨੰਗੇ ਪੈਰ, ਪਾਟੀ ਪੁਰਾਣੀ ਪਗੜੀ (ਜਾਂ ਦੁਪੱਟਾ)...ਤੇ ਉਨ੍ਹਾਂ ਦੇ ਸਰੀਰਾਂ ਤੋਂ ਬਦਬੂ ਆ ਰਹੀ ਸੀ। ਲਕਸ ਦਾ ਉਨ੍ਹਾਂ ਨਾਂ ਵੀ ਨਹੀਂ ਸੀ ਸੁਣਿਆ ਹੋਇਆ। ਚੁੱਲ੍ਹੇ ਦੀ ਸੁਆਹ ਨਾਲ ਉਹ ਕਿਵੇਂ ਪਾਂਜਦੇ ਸਨ ਤੇ ਆਪਣੇ ਹੱਥ ਵੀ ਸਾਫ਼ ਕਰਦੇ ਸਨ। ਵਿੰਮ ਜਾਂ ਸਰਫ਼ ਤੋਂ ਜਿਹੜੇ ਵਾਕਫ਼ [illegible] ਸਨ। 'ਇਹ ਲੋਕ ਡਰੇ, ਸਹਿਮੇ ਉਨ੍ਹਾਂ ਦੇ ਕੋਲ ਆ ਰਹੇ ਸਨ। ਉਨ੍ਹਾਂ ਦੀ ਉਮਰ ਦੇ ਮੁੰਡੇ ਕੁੜੀਆਂ ਪੀਲੇ ਭੂਕ, ਮੈਲੇ ਚੀਥੜਿਆਂ ਵਿਚ, ਪੈਰਾਂ ਤੋਂ ਨੰਗੇ ਉਨ੍ਹਾਂ ਨੂੰ ਦੂਰੋਂ ਘੂਰ ਰਹੇ ਸਨ ਤੇ ਆਪਸ ਵਿਚ ਹੱਸ ਰਹੇ ਸਨ। ਪਤਾ ਨਹੀਂ ਕਿਉਂ ? ਉਨ੍ਹਾਂ ਦੀ ਝਿੱਜਕ ਤੇ ਖ਼ੌਫ਼ ਨੇ ਪਿਆਰ ਦੇ ਠਾਠਾਂ ਮਾਰਦੇ ਸਮੁੰਦਰ ਦਾ ਰੂਪ ਧਾਰ ਲਿਆ। ਪਿਆਰ ਦੇ ਏਸੇ ਮਾਹੌਲ ਵਿਚ ਇਕ ਔਰਤ ਨੇ ਏਨੇ ਜ਼ੋਰ ਨਾਲ ਉਨ੍ਹਾਂ ਦਾ ਮੂੰਹ ਚੁੰਮਿਆ ਕਿ ਦੂਰ ਤੱਕ ਚੁੰਮਣ ਦੀ ਆਵਾਜ਼ ਸੁਣਾਈ ਦਿੱਤੀ ਤੇ ਉਨ੍ਹਾਂ ਨੂੰ ਵੀ ਪਤਾ ਲੱਗਾ ਕਿ ਕਿਸੇ ਨੇ ਚੁੰਮਿਆ ਹੈ। ਕਿਸੇ ਨੇ ਕਿਹਾ ਕਿ ਇਹ ਔਰਤ ਉਨ੍ਹਾਂ ਦੀ ਭੂਆ ਹੈ। ਫ਼ੈਜ਼ ਸਾਹਿਬ ਕਹਿਣ ਲਗੇ : "ਅਸੀਂ ਤਾਂ ਇਸ ਅਨੋਖੇ ਤਜਰਬੇ ਨਾਲ ਬੇਹੋਸ਼ ਹੀ ਹੋ ਗਏ। ਜ਼ਿੰਦਗੀ ਵਿਚ ਪਹਿਲੀ ਵਾਰ ਇਹ ਮਹਿਸੂਸ ਹੋਇਆ ਕਿ ਬਾਦਸ਼ਾਹ ਲੋਕ ਕਿਉਂ ਬਾਦਸ਼ਾਹ ਹੁੰਦੇ ਹਨ ਅਤੇ ਬਾਦਸ਼ਾਹ ਲੋਕ ਇਨ੍ਹਾਂ ਭੋਲੇ ਭਾਲੇ, ਗ਼ਰੀਬ, ਪਿਆਰ ਦੇ ਪੁਤਲੇ ਲੋਕਾਂ ਨੂੰ ਅਵਾਮ ਕਿਉਂ ਬਣਾ ਦਿੰਦੇ ਹਨ। ਮੈਨੂੰ ਇਸ ਬਚਪਨ ਵਿਚ ਹੀ ਇਹ ਅਹਿਸਾਸ



ਹੋਇਆ ਕਿ ਸ਼ਹਿਜ਼ਾਦਾ/ਸ਼ਹਿਜ਼ਾਦੀ ਬਣਨਾ ਕਿੰਨਾ ਸੌਖਾ ਹੈ। ਬਸ ਕਿਸੇ ਬਾਦਸ਼ਾਹ ਦੇ ਬੀਜ ਦੀ ਜ਼ਰੂਰਤ ਹੁੰਦੀ ਹੈ। ਪਰ ਇਹ ਪਿਆਰ ਤੇ ਕੁਰਬਾਨੀ ਦੇ ਪੁਤਲੇ ਬਣਨ ਲਈ ਕਿੰਨੀ ਮਿਹਨਤ ਤੇ ਕੁਰਬਾਨੀ ਦੀ ਲੋੜ ਹੈ। ਮੈਨੂੰ ਆਪਣੇ ਪਿਤਾ ਦੀ ਖ਼ਾਨ ਬਹਾਦਰੀ ਨਿਗੂਣੀ ਮਹਿਸੂਸ ਹੋਣ ਲੱਗੀ ਤੇ ਇਸ ਨਾਲ ਟੱਕਰ ਲੈਣ ਦਾ ਅਹਿਸਾਸ ਪੈਦਾ ਹੋਣ ਲਗਾ। ਅਵਾਮ ਮੈਨੂੰ ਚੰਗੇ ਲੱਗਣ ਲੱਗੇ।" ਮੈਂ ਕਿਹਾ : ਫ਼ੈਜ਼ ਸਾਹਿਬ, ਤੁਸੀਂ ਤਾਂ ਹੋਰ ਵਹਿਣ ਵਿਚ ਹੀ ਵਹਿ ਗਏ। ਮੈਂ ਤਾਂ ਉਂਗਲੀ ਦੀ ਗੱਲ ਕੀਤੀ ਸੀ। ਕਹਿਣ ਲੱਗੇ : ਹਾਂ ਭਾਈ ਦੱਸਦੇ ਹਾਂ ਇਹਦੇ ਬਾਰੇ ਵੀ। ਪਿੰਡ ਵਿਚ ਸਾਡੀਆਂ ਰਿਸ਼ਤੇਦਾਰ ਔਰਤਾਂ ਨੇ ਸਾਨੂੰ ਘੇਰ ਲਿਆ। ਸਾਨੂੰ ਵੀ ਉਹ ਚੰਗੀਆਂ ਲੱਗੀਆਂ। ਔਰਤਾਂ ਹਰ ਸ਼ਕਲ ਵਿਚ ਸਾਨੂੰ ਸਦਾ ਹੀ ਚੰਗੀਆਂ ਲਗਦੀਆਂ ਹਨ। ਔਰਤ ਬੜੀ ਵਧੀਆ ਸ਼ੈ ਹੈ। ਪਿੰਡ ਵਿਚ ਅਸਾਂ ਪਹਿਲੀ ਵਾਰ ਚੱਕੀ ਵੇਖੀ। ਅਜਬ ਸ਼ੈ ਸੀ ਇਹ ਚੱਕੀ ਜਿਸ ਵਿਚ ਬਾਜਰੇ ਤੇ ਕਣਕ ਦੇ ਦਾਣੇ ਪੀਸੇ ਜਾਂਦੇ ਸਨ, ਤੇ ਉਹ ਵੀ ਔਰਤ ਦੇ ਹੱਥਾਂ ਦੀ ਸ਼ਕਤੀ ਨਾਲ। ਤੂੰ ਅੰਦਾਜ਼ਾ ਨਹੀਂ ਲਾ ਸਕਦਾ ਕਿ ਇਹ ਵੇਖ ਕੇ ਤਾਂ ਅਸੀਂ ਦੋਵਾਂ ਭਰਾਵਾਂ ਨੇ ਮੂੰਹ ਵਿਚ ਉਂਗਲੀ ਪਾ ਲਈ। ਇਉਂ ਸਮਝ ਲਓ ਜਿਵੇਂ ਕੋਈ ਐਟਮ ਦੇ ਟੁਕੜੇ ਹੁੰਦੇ ਵੇਖ ਲਵੇ। ਉਨ੍ਹਾਂ ਬਿਆਨ ਜਾਰੀ ਰੱਖਿਆ :

"ਇਕ ਰਾਤ ਅਸੀਂ ਦੋਵਾਂ ਭਰਾਵਾਂ ਨੇ ਚੱਕੀ ਚਲਾਂਉਣ ਦਾ ਫੈਸਲਾ ਕੀਤਾ। ਸਾਨੂੰ ਇਹ ਨਹੀਂ ਸੀ ਪਤਾ ਕਿ ਦਾਣੇ ਕਿੱਥੇ ਪਾਏ ਜਾਂਦੇ ਹਨ। ਬਸ ਮੈਂ ਦਾਣੇ ਹੱਥ ਵਿਚ ਲਏ ਤੇ ਵੱਡੇ ਭਾਈ ਨੇ ਚੱਕੀ ਦਾ ਉਪਰਲਾ ਪੁੜ ਚੁੱਕਿਆ। ਮੈਂ ਦਾਣੇ ਪਾਏ। ਮੇਰੇ ਹੱਥ ਪਰੇ ਕਰਨ ਤੋਂ ਪਹਿਲੋਂ ਹੀ ਪੁੜ ਵੱਡੇ ਭਾਈ ਦੇ ਹੱਥੋਂ ਛੁਟ ਗਿਆ ਤੇ ਮੇਰੀ ਉਂਗਲੀ ਫਸ ਗਈ। ਪੁੜਾਂ ਵਿਚੋਂ ਆਟੇ ਦੀ ਬਜਾਏ ਮੇਰਾ ਲਹੂ ਵਹਿਣ ਲਗਾ। ਅਸੀਂ ਦੋਵੇਂ ਭਰਾ ਡਰ ਗਏ ਤੇ ਫੈਸਲਾ ਕੀਤਾ ਕਿ ਇਸ ਹਾਦਸੇ ਦੀ ਸੂਹ ਤਕ ਨਾ ਨਿਕਲੇ, ਖ਼ਾਸ ਤੌਰ ਤੇ ਖ਼ਾਨ ਬਹਾਦਰ (ਪਿਤਾ ਜੀ) ਨੂੰ ਉੱਕਾ ਪਤਾ ਨਾ ਲੱਗੇ। ਖ਼ਾਨ ਬਹਾਦਰ ਦੇ ਡਰ, ਮੀਟਿੰਗਾਂ ਕਰਨ ਤੇ ਸਾਂਝ ਫੈਸਲੇ ਕਰਨ ਦਾ ਇਹ ਮੁੱਢ ਸੀ। ਮੈਂ ਸੋਚਿਆ ਕਿ ਫ਼ੈਜ਼ ਦਾ ਇਹ ਫੈਸਲਾ ਗ਼ਲਤ ਸੀ, ਭਾਵੇਂ ਇਹ ਗੱਲ ਵੱਖਰੀ ਹੈ ਕਿ ਸਾਂਝੇ ਫੈਸਲੇ ਗ਼ਲਤ ਹੁੰਦਿਆਂ ਵੀ ਫ਼ੈਜ਼ ਦਾ ਕੀ ਰੋਲ ਹੋਣਾ ਚਾਹੀਦਾ ਸੀ। ਫ਼ੈਜ਼ ਸਾਹਿਬ ਕਹਿਣ ਲਗੇ; "ਅਸੀਂ ਦੋਵੇਂ ਚੁੱਪਚਾਪ ਸੌਂ ਗਏ। ਮੇਰਾ ਖਿਆਲ ਹੈ ਕਿ ਵੱਡੇ ਭਾਈ ਤਾਂ 'ਸਵੇਰੇ ਕੀ ਹੋਏਗਾ' ਦਾ ਹਿਸਾਬ ਕਰਦੇ ਰਹੇ ਹੋਣਗੇ। ਮੈਂ ਤਾਂ ਕੁਝ ਨਾ ਸੋਚ ਸਕਿਆ। ਉਂਗਲੀ ਦੇ ਜ਼ਖ਼ਮ ਦਾ ਦਰਦ ਸਾਰੇ ਸਰੀਰ ਵਿਚ ਫੈਲ ਚੁੱਕਾ ਸੀ। ਸਾਰੀ ਰਾਤ ਨੀਂਦ ਨਾ ਆਈ। ਸਵੇਰੇ ਉੱਠੇ ਤਾਂ ਚਾਚੀ ਵਲੋਂ ਵਿਛਾਈ ਗਈ ਚਿੱਟੀ ਚਾਦਰ ਲਹੂ ਨਾਲ ਭਿੱਜੀ ਪਈ ਸੀ। ਮੋਹ-ਮਾਰੀਆਂ ਚਾਚੀਆਂ ਤੇ ਫੁੱਫੀਆਂ ਜਦੋਂ ਮੈਨੂੰ ਜਗਾਉਣ ਆਈਆਂ ਤਾਂ ਮੈਂ ਜਾਗ ਰਿਹਾ ਸੀ। ਮੈਂ ਕੁਝ ਨਾ ਕਿਹਾ। ਖ਼ੂਨ ਨਾਲ ਭਿੱਜੀ ਚਾਦਰ ਵੇਖ ਕੇ ਉਨ੍ਹਾਂ ਨੂੰ ਚਿੰਤਾ ਹੋਈ। ਅਸੀਂ ਫੜ੍ਹੇ ਗਏ। ਉਨ੍ਹਾਂ ਦੇ ਪੁੱਛਣ ਤੇ ਮੈਂ ਨਾ ਚਾਹੁੰਦਿਆਂ ਵੀ ਸੱਚ ਦੱਸ ਦਿੱਤਾ।

ਮੈਂ ਫ਼ੈਜ਼ ਦੇ ਮਾਸੂਮ ਚਿਹਰੇ ਦਾ ਬੜੀ ਬੇਚੈਨੀ ਨਾਲ ਮੁਆਇਨਾ ਕਰ ਰਿਹਾ ਸੀ। ਮੈਂ ਡਾਕਟਰ ਹਾਂ ਤੇ ਮੇਰਾ ਪੇਸ਼ਾ ਲੋਕਾਂ ਦੀਆਂ ਗੱਲਾਂ ਸੁਣ, ਘੋਖ ਕੇ ਸਿੱਟੇ ਕੱਢਣਾ ਹੈ। ਫ਼ੈਜ਼ ਸਾਹਿਬ ਚੁੱਪ ਹੋ ਗਏ। ਉਹ ਸਿਗਰਟ ਪੀ ਰਹੇ ਸਨ। ਦੂਜੇ ਪਾਸੇ ਜ਼ੇਬਾ ਮੁਹੰਮਦ ਅਲੀ ਤੇ ਦੂਜੇ ਲੋਕ ਨੱਈਅਰਾ ਨੂਰ ਦੇ ਗਾਣਿਆਂ ਦਾ ਆਨੰਦ ਮਾਣ ਰਹੇ ਸਨ। ਮੈਂ ਸੋਚ ਰਿਹਾ ਸੀ ਕਿ ਉਪਰੋਕਤ

ਹਾਦਸੇ ਦੇ ਦੋ ਅਹਿਮ ਅਸਰ ਤੇ ਨਤੀਜੇ ਨਿਕਲੇ। ਪਹਿਲਾ ਇਹ ਕਿ ਬਚਪਨ ਵਿਚ ਹੀ ਫ਼ੈਜ਼ ਨੇ ਆਪਣੇ ਅੰਦਰ ਸਹਿਣ ਸ਼ਕਤੀ ਪੈਦਾ ਕਰ ਲਈ ਅਤੇ ਦੂਜਾ ਇਹ ਕਿ ਸੱਚ ਬੋਲਣ ਦੇ ਬੜੇ ਔਖੇ ਕਰਮ ਨਾਲ ਯਾਰੀ ਪਾ ਲਈ। ਮੈਂ ਪੁਛਿਆ ਉਹਨੇ ਮੁਆਹਦੇ ਦੇ ਉਲਟ ਸੱਚ ਕਿਉਂ ਬੋਲਿਆ। ਕਹਿਣ ਲਗੇ : ਪਤਾ ਨਹੀਂ, ਬਸ ਸਾਡੇ ਕੋਲੋਂ ਝੂਠ ਹੀ ਬੋਲਿਆ ਨਹੀਂ ਗਿਆ। ਮੈਂ ਪੁਛਿਆ ਕਿ ਕੀ ਉਨ੍ਹਾਂ ਨੇ ਇਸ ਛੋਟੀ ਉਮਰੇ ਸੁਕਰਾਤ ਅਤੇ ਗਲੇਲੀਓ ਦੇ ਨਾਂ ਸੁਣੇ ਹੋਏ ਸਨ। ਕਹਿਣ ਲੱਗੇ : ਸੁਕਰਾਤ ਦੀ ਗੱਲ ਤਾਂ ਮੈਨੂੰ ਸਮਝ ਆਉਂਦੀ ਸੀ। ਪਰ ਗਲੇਲੀਓ ਦੇ ਮਾਰੇ ਜਾਣ ਦਾ ਕਾਰਨ ਮੇਰੀ ਸਮਝ ਤੋਂ ਬਾਹਰ ਸੀ। ਬਸ ਉਸ ਵਕਤ ਮੇਰੇ ਕੋਲੋਂ ਝੂਠ ਨਾ ਬੋਲਿਆ ਗਿਆ।"

ਸੱਚ ਬੋਲਣਾ ਅਤੇ ਪੀੜ ਨੂੰ ਅਥਾਹ ਦਿਲ ਵਿਚ ਸਮੇਟ ਲੈਣਾ, ਉਹਦੀ ਜ਼ਿੰਦਗੀ ਦੇ ਦੋ ਅਹਿਮ ਅੰਸ਼ ਸਨ। ਜੀਵਨ ਭਰ ਉਹ ਸੱਚ ਬੋਲਦੇ ਰਹੇ ਅਤੇ ਹਰ ਪੀੜ ਨੂੰ ਬੜੇ ਸਹਿਜ ਤੇ ਕੋਮਲਤਾ ਨਾਲ ਆਪਣੇ ਦਿਲ ਵਿਚ ਸਮੋ ਲੈਂਦੇ ਰਹੇ। ਖ਼ਬਰੇ ਉਹਦਾ ਦਿਲ ਸੀ ਕਿ ਦਰਿਆ।

ਕਾਫ਼ੀ ਦੇਰ ਚੁੱਪ ਰਹਿਣ ਪਿਛੋਂ ਫ਼ੈਜ਼ ਸਾਹਿਬ ਬੋਲੇ : ਭਾਈ ਮੈਂ ਚੀਨ ਬਾਰੇ ਤਾਂ ਤਿੰਨ ਨਜ਼ਮਾਂ ਲਿਖੀਆਂ ਹਨ, ਪਰ ਰੂਸ ਬਾਰੇ ਇਕ ਵੀ ਨਹੀਂ। ਮੈਨੂੰ ਚੀਨ-ਰੂਸ ਦਾ ਝਗੜਾ ਪਸੰਦ ਨਹੀਂ। ਜੇ ਉਨ੍ਹਾਂ ਨੇ ਇਹ ਝਗੜਾ ਖੜਾ ਕਰ ਦਿੱਤਾ ਹੈ ਤਾਂ ਅਸੀਂ ਕੀ ਕਰ ਸਕਦੇ ਹਾਂ? ਸਾਡੇ ਸਮਝਾਉਣ ਨਾਲ ਕੌਣ ਮੰਨਦਾ ਹੈ? ਚੀਨੀਆਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਰੂਸੀਆਂ ਨੇ ਆਪਣੇ ਸਾਰੇ ਮਾਹਰ ਤੇ ਜ਼ਰੂਰੀ ਦਸਤਾਵੇਜ਼ ਵਾਪਸ ਲੈ ਲਏ ਹਨ। ਉਨ੍ਹਾਂ ਨੂੰ ਇਹ ਦੁੱਖ ਹੋਣਾ ਜ਼ਰੂਰੀ ਵੀ ਸੀ। ਰੂਸ ਨੂੰ ਇਸ ਤਰ੍ਹਾਂ ਬਿਲਕੁਲ ਨਹੀਂ ਸੀ ਕਰਨਾ ਚਾਹੀਦਾ। ਰੂਸ ਆਪਣੇ ਆਪ ਨੂੰ ਬੜਾ ਚੌਧਰੀ ਸਮਝਦਾ ਸੀ। ਚੀਨ ਨੇ ਉਹਦੀ ਚੌਧਰ ਮੰਨਣ ਤੋਂ ਇਨਕਾਰ ਕਰ ਦਿੱਤਾ। ਹੁਣ ਚੀਨ ਵੀ ਮਿਹਨਤ ਅਤੇ ਆਤਮ-ਨਿਰਭਰਤਾ ਅਧੀਨ ਵੱਡਾ ਚੌਧਰੀ ਹੋ ਗਿਆ ਹੈ। ਕਮਾਲ ਦੀ ਤਰੱਕੀ ਨੇ ਚੀਨ ਵਿਚ ਸ੍ਵੈ-ਵਿਸ਼ਵਾਸ਼ ਦਾ ਅਥਾਹ ਸਾਗਰ ਪੈਦਾ ਕਰ ਦਿੱਤਾ ਹੈ। ਰੂਸ ਅਤੇ ਚੀਨ ਇਕੋ ਹੀ ਖਾਨਦਾਨ ਦੇ ਦੋ ਵੱਡੇ ਪਹਿਲਵਾਨ ਹਨ। ਮਸਲਾ ਸਿਰਫ ਚੌਧਰ ਦਾ ਹੈ। ਮੈਂ ਪੁੱਛਿਆ ਕਿ ਉਹ ਏਡੇ ਵੱਡੇ ਮਸਲੇ ਨੂੰ ਏਨਾ ਸਾਦਾ ਕਿਉਂ ਸਮਝਦੇ ਹਨ। ਉਨ੍ਹਾਂ ਕਿਹਾ ਕਿ ਇਸ ਵਿਚ ਹੋਰ ਹੈ ਵੀ ਕੀ। ਮੈਂ ਕਿਹਾ : ਸੋਧਵਾਦ (revisionism)? ਕਹਿਣ ਲਗੇ : ਤੌਬਾ ਭਾਈ ਮਾਰਕਸਵਾਦ ਕੋਈ ਗੁਰਮੰਤਰ (dogma) ਨਹੀਂ ਹੈ, ਇਹ ਤਾਂ ਸਾਇੰਸ ਹੈ। ਇਸ ਵਿਚ ਵਾਧਾ ਹੁੰਦਾ ਰਹਿੰਦਾ ਹੈ। ਇਸ ਵਿਚ ਜਿਹੜੇ ਅਸੂਲ ਅਤੇ ਮਨੌਤਾਂ ਤਜਰਬੇ ਨੇ ਗ਼ਲਤ ਸਾਬਤ ਕਰ ਦਿੱਤੇ ਹੋਣ ਉਨ੍ਹਾਂ ਤੇ ਮੁੜ ਵਿਚਾਰ ਕਰਨੀ ਜ਼ਰੂਰੀ ਹੈ। ਇਹ ਐਸਾ ਅਮਲ ਹੈ ਜਿਹੜਾ ਚਾਲੂ ਰਹਿੰਦਾ ਹੈ, ਤੇ ਚਾਲੂ ਰਹਿਣਾ ਵੀ ਚਾਹੀਦਾ ਹੈ। ਇਉਂ ਨਾ ਹੁੰਦਾ ਤਾਂ ਤੁਹਾਡਾ ਲੈਨਿਨਿਜ਼ਮ ਤੇ ਮਾਓਵਾਦ ਕਿੱਥੋਂ ਆਉਂਦਾ? ਇਹ ਸੋਧਵਾਦ ਨਹੀਂ ਹੈ, ਇਹ ਤਾਂ ਇਤਿਹਾਸਕ ਪਿੱਠ-ਭੂਮੀ ਵਿਚ ਤਜਰਬਿਆਂ ਦੀ ਬੁਨਿਆਦ ਤੇ ਮਾਰਕਸਵਾਦ ਦਾ ਪ੍ਰਗਤੀਵਾਦ ਆਲੋਚਨਾਤਮਕ ਮੁਲਾਂਕਣ ਹੈ। ਮੈਂ ਨਹੀਂ ਮੰਨਦਾ ਕਿ ਰੂਸ ਵਿਚ ਸਰਮਾਏਦਾਰੀ ਮੁੜ ਪਰਤ ਆਈ ਹੈ ਜਾਂ ਪਰਤ ਆਏਗੀ। ਇਹ ਤਾਂ ਹੋ ਹੀ ਨਹੀਂ ਸਕਦਾ। ਜੇ ਇੰਜ ਹੋਇਆ ਤਾਂ ਦੁਨੀਆ ਭਰ ਦੀਆਂ ਮਜ਼ਦੂਰ-ਕਿਸਾਨ ਤਹਿਰੀਕਾਂ ਤੇ ਆਜ਼ਾਦੀ ਦੇ ਮਤਵਾਲਿਆਂ ਨੂੰ ਏਡਾ ਧੱਕਾ ਲੱਗੇਗਾ ਕਿ ਫਿਰ ਉਹ ਸ਼ਾਇਦ ਕਦੀ ਵੀ ਨਾ ਸੰਭਲ ਸਕਣ। ਫਿਰ ਤਾਂ ਮਨੁੱਖਤਾ ਦੀਆਂ ਵਧੀਆ ਕਦਰਾਂ-ਕੀਮਤਾਂ ਦੇ ਮੁਦੱਈਆਂ ਅਤੇ ਸੋਨ-ਸਵੇਰ ਦੇ ਆਸ਼ਕਾਂ



ਦਾ ਵਿਸ਼ਵਾਸ਼ ਟੁਕੜੇ-ਟੁਕੜੇ ਹੋ ਜਾਏਗਾ ਅਤੇ ਮੈਂ ਆਤਮ-ਹਤਿਆ ਨੂੰ ਹਰਾਮ ਸਮਝਦਾ ਹੋਇਆ ਵੀ ਆਤਮ-ਹਤਿਆ ਕਰ ਲਵਾਂਗਾ।"

ਮੈਂ ਫ਼ੈਜ਼ ਸਾਹਿਬ ਦੇ ਚਿਹਰੇ ਨੂੰ ਨੇਕ ਨੀਅਤ ਨਾਲ ਧਿਆਨ ਨਾਲ ਵੇਖ ਰਿਹਾ ਸਾਂ। ਮੈਂ ਸੋਚ ਰਿਹਾ ਸਾਂ ਕਿ ਇਹ ਵਿਅਕਤੀ ਕੇਡਾ ਸਾਫ਼ ਅਤੇ ਸਾਦਾ ਦਿਲ ਹੈ ਅਤੇ ਇਨਸਾਨੀਅਤ ਦੀਆਂ ਚੋਟੀਆਂ ਨੂੰ ਛੋਹ ਲੈਣ ਦੀ ਤੜਪ ਵਿਚ ਮਨੁੱਖਾਂ ਦੀਆਂ ਚਾਲਾਂ ਦੀ ਪਰਵਾਹ ਨਹੀਂ ਕਰਦਾ। ਮੈਨੂੰ ਉਹ ਇਕ ਮਾਸੂਮ ਬੱਚੇ ਵਾਂਗ ਲੱਗਾ।

ਫ਼ੈਜ਼ ਸਾਹਿਬ ਬੋਲੇ : ਜਦੋਂ ਦੇਸ਼ ਵਿਚ ਇਨਕਲਾਬ ਆਉਂਦਾ ਹੈ ਤਾਂ ਸਮਾਜ ਦੇ ਹਰ ਵਿਅਕਤੀ ਨੂੰ ਕੁਰਬਾਨੀ ਦੇਣੀ ਪੈਂਦੀ ਹੈ। ਇਸ ਵਿਚ ਮਜ਼ਦੂਰ, ਕਿਸਾਨ, ਬੁੱਧੀਜੀਵੀ ਤੇ ਪੇਸ਼ਾਵਰ ਲੋਕ ਵੀ ਸ਼ਾਮਲ ਹੁੰਦੇ ਹਨ। ਰੂਸੀ ਇਨਕਲਾਬ ਦੇ ਪਿਛੋਂ ਉਥੋਂ ਦੀ ਜੰਤਾ ਨੂੰ ਅਨੇਕ ਕੁਰਬਾਨੀਆਂ ਦੇਣੀਆਂ ਪਈਆਂ। ਜੰਗਾਂ ਲੜੀਆਂ, ਫਾਸ਼ੀਵਾਦ ਨੂੰ ਹਰਾਇਆ ਅਤੇ ਪੇਟ ਤੇ ਪੱਥਰ ਰੱਖਕੇ ਗੁਜ਼ਾਰਾ ਕੀਤਾ। ਮੈਂ ਕਿਹਾ ਕਿ ਉਹ ਸਮਾਂ ਸਟਾਲਿਨ ਦਾ ਸੀ। ਉਹ ਬੋਲੇ : ਹਾਂ ਬਿਲਕੁਲ ਠੀਕ, ਇਨਕਲਾਬ ਤੋਂ 40/50 ਵਰ੍ਹੇ ਪਿਛੋਂ ਰੂਸੀ ਲੋਕਾਂ ਨੂੰ ਕੁਝ ਜ਼ਿਆਦਾ ਸਹੂਲਤਾਂ ਮਿਲ ਗਈਆਂ ਹਨ। ਸਰਕਾਰ ਨੇ ਫੈਸਲਾ ਕੀਤਾ ਕਿ ਜੰਤਾ ਨੂੰ ਸਿਰਫ਼ ਖਾਣਾ ਹੀ ਨਹੀਂ, ਚੰਗੇਰਾ ਖਾਣਾ ਦਿਓ, ਚੰਗਾ ਕਪੜਾ, ਫਰਿੱਜ, ਰੇਡੀਓ, ਟ੍ਰਾਂਜ਼ਿਸਟਰ, ਟੀ.ਵੀ., ਘਰ, ਬੁਨੈਨ, ਅੰਡਰਵਿਅਰ ਤੇ ਪੈਂਟੀਆਂ ਆਦਿ। ਮੈਂ ਵਿਚੋਂ ਹੀ ਬੋਲ ਪਿਆ : Panties? ਜੇਹਦਾ ਜ਼ਿਕਰ ਖਰੋਸ਼ਚੋਵ ਨੇ ਅਮਰੀਕਾ ਵਿਚ ਕੀਤਾ ਸੀ, ਨਾਈਲੋਨ ਦੀਆਂ? ਕਹਿਣ ਲਗੇ : ਹਾਂ ਭਾਈ ਉਹੀ; ਇਸ ਵਿਚ ਹਰਜ ਵੀ ਕੀ ਹੈ? ਮੈਂ ਕਿਹਾ : ਰੂਸੀ ਇਨਕਲਾਬੀ ਔਰਤ ਤੇ ਅਮਰੀਕੀ ਨਾਈਲੋਨ ਦੀ ਪੈਂਟੀਜ਼। ਇਸ ਨੂੰ ਪਹਿਨਕੇ ਰੂਸੀ ਔਰਤ ਕਿਸ ਤਰ੍ਹਾਂ ਦੀ ਲਗਦੀ ਹੋਵੇਗੀ। ਕਹਿਣ ਲਗੇ : ਪਤਾ ਨਈਂ, ਪਰ ਠੀਕ ਹੀ ਲਗਦੀ ਹੋਵੇਗੀ। ਇਸ ਵਿਚ ਬੁਰਾ ਵੀ ਕੀ ਹੈ?

ਮੈਂ ਪੁਛਿਆ : ਤੁਸੀਂ ਅਕਸਰ ਰੂਸ ਜਾਂਦੇ ਰਹਿੰਦੇ ਹੋ। ਉਥੇ ਨਵੀਂ ਨਸਲ ਕਿਵੇਂ ਸੋਚਦੀ ਹੈ ਤੇ ਕਿਸ ਪਾਸੇ ਜਾ ਰਹੀ ਹੈ? ਕਹਿਣ ਲਗੇ : ਭਾਈ : ਹੁਣ ਇਹ ਲੋਕ ਰੀਲੈਕਸ ਹੋ ਗਏ ਹਨ ਤੇ ਇਹਦਾ ਅਸਰ ਨਵੀਂ ਨਸਲ ਤੇ ਵੀ ਪ੍ਰਤੱਖ ਹੈ। ਮੈਂ ਯੂਨੀਵਰਸਟੀ ਦੇ ਮੁੰਡੇ ਕੁੜੀਆਂ ਨੂੰ ਵੀ ਮਿਲਿਆ ਹਾਂ। ਬੜੇ ਤੇਜ਼ ਨੇ ਉਹ। ਜਾਜ਼ ਵਗ਼ੈਰਾ ਦਾ ਵੀ ਸ਼ੌਕ ਰਖਦੇ ਨੇ। ਹੁਣ ਸੋਸ਼ਲਿਸਟ ਇਨਕਲਾਬ ਜਾਂ ਮਾਰਕਸਵਾਦ ਉਨ੍ਹਾਂ ਲਈ ਅਨੋਖੀ ਚੀਜ਼ ਨਹੀਂ ਰਹੀ। ਹੁਣ ਉਹ ਇਸ ਬਾਰੇ ਵਾਲ ਦੀ ਖੱਲ ਲਾਹੁਣੋਂ ਗੁਰੇਜ਼ ਕਰਦੇ ਹਨ।

ਮੈਂ ਚੀਨੀ ਕਲਚਰਲ ਇਨਕਲਾਬ ਬਾਰੇ ਪੁੱਛਿਆ : ਕੀ ਇਹ ਐਸਾ ਤਜਰਬਾ ਹੈ ਜਿਸ ਦੁਆਰਾ ਸੋਸ਼ਲਿਸਟ ਨਿਜ਼ਾਮ ਨੂੰ ਠੀਕ ਦਿਸ਼ਾ ਵਿਚ ਕਾਇਮ ਰਖਿਆ ਜਾ ਸਕਦਾ ਹੈ? ਕਹਿਣ ਲੱਗੇ : ਹਾਂ ਇਹ ਅਨੋਖਾ ਤਜਰਬਾ ਹੈ। ਚੀਨੀਆਂ ਨੇ ਰੂਸੀਆਂ ਦੇ ਤਜਰਬਿਆਂ ਤੋਂ ਸਿਖਿਆ ਹੈ। ਪਰ ਇਸ ਤਜਰਬੇ ਦੇ ਬਾਰੇ ਕਈ ਵਿਰੋਧੀ ਗੱਲਾਂ ਸੁਣਨ ਵਿਚ ਆਉਂਦੀਆਂ ਹਨ। ਇਸ ਬਾਰੇ ਮੈਂ ਕੋਈ ਰਾਇ ਨਹੀਂ ਦੇਣਾ ਚਾਹੁੰਦਾ।"

## ਬਰਫ਼ ਦੇ ਰਹਿਬਰ/ਗੁਰਨਾਮ ਢਿੱਲੋਂ

ਪੂਰੇ ਭਰ ਜਲੌਅ ਵਿਚ ਆ ਕੇ
ਲਾਲ ਚੰਦ ਦੇ ਸੂਹੇ ਦਿਲ 'ਤੇ
ਚਿੱਟੇ ਰੂੰ ਦੀ ਹੋਈ ਵਰਖਾ—
ਸੜਕਾਂ ਚਿੱਟੀਆਂ, ਅੰਬਰ ਚਿੱਟਾ,
ਪਰਬਤ ਚਿੱਟੇ, ਸਾਗਰ ਚਿੱਟਾ
ਘਰਾਂ ਦੀਆਂ ਛੱਤਾਂ ਵੀ ਚਿੱਟੀਆਂ,
ਦਰ, ਦਰਵਾਜ਼ੇ, ਖਿੜਕੀਆਂ ਚਿੱਟੀਆਂ।

ਉਚ ਨੀਚ ਨਾ ਬਿਲਕੁਲ ਕੋਈ,
ਨਾ ਕੋਈ ਵਖਰੇਵਾਂ, ਨਾਗਾਂ ਜਾਂ ਚਿੜੀਆਂ ਦਾ,
ਨਾ ਕੋਈ ਵਖਰੇਵਾਂ ਭੇਡਾਂ ਜਾਂ ਊਠਾਂ ਦਾ
ਨਾ ਕੋਈ ਵਖਰੇਵਾਂ ਗਿਰਜੇ ਜਾਂ ਮਸਜਦ ਦਾ
ਚਿੱਟਾ ਚਿੱਟਾ ਸੱਭ ਕੁਝ ਚਿੱਟਾ—
ਸ਼ਾਸਤਰਾਂ ਦੇ, ਸੂਹੇ ਸੂਹੇ ਅੱਖਰ ਚਿੱਟੇ
ਮੱਥੇ ਧੁੱਖਦੀ ਸੋਚ ਵੀ ਚਿੱਟੀ
ਪੈਰਾਂ ਦੇ ਵਿਚ ਸਫ਼ਰ ਵੀ ਚਿੱਟਾ
ਨਾੜਾਂ ਦੇ ਵਿਚ ਲਹੂ ਵੀ ਚਿੱਟਾ।

ਭੋਲੇ ਲੋਕਾਂ ਵਾਹੋਦਾਹ
ਚਿੱਟੀਆਂ ਸੜਕਾਂ ਉੱਤੇ ਆ
ਸਿਰਜਣਹਾਰੇ ਹੱਥਾਂ ਦੇ ਸੰਗ
ਬਰਫ਼ ਦੇ ਰਹਿਬਰ ਲਏ ਬਣਾ
ਫਿਰ ਉਹਨਾਂ ਵਿਚ ਪਾਏ ਸਾਹ
ਭੋਲੇ ਲੋਕੀਂ ਸਮਝ ਸਕੇ ਨਾ
ਕਿ ਜਦ ਮੀਂਹ ਦਾ ਪਊ ਛਰਾਟਾ
ਜਾਂ ਲੱਗੇਗੀ ਧੁੱਪ ਕੜਾਕੀ
ਸਰਬ ਕਲਾਂ ਸੰਪੂਰਨ
ਸਿਰਜੇ, ਬਰਫ਼ ਦੇ ਰਹਿਬਰ
ਕਤਰਾ ਕਤਰਾ ਪਾਣੀ ਬਣ ਕੇ
ਪੱਛਮ ਦੇ ਡੂੰਘੇ ਗਟਰਾਂ ਵੱਲ
ਵਹਿ ਤੁਰਨੇ ਨੇ! ○





## ਆਬਦ ਨਿਬੇਲ ਸ਼ਾਦ ਦੀਆਂ ਗ਼ਜ਼ਲਾਂ

ਅਸਲ ਨਾਂ—ਆਬਦ ਹੁਸੈਨ। ਕਲਮੀ ਨਾਂ—ਆਬਾਦ ਨਿਬੇਲ ਸ਼ਾਦ। ਤਾਲੀਮ—ਐਮ.ਏ. (ਪੰਜਾਬੀ) ਐਮ.ਏ. ਐਜੂਕੇਸ਼ਨ, ਐਲ.ਐਲ.ਬੀ., ਜਨਮ-ਤਾਰੀਕ—2 ਅਗਸਤ, 1966, ਜੰਮਣ-ਸਥਾਨ—ਕੰਗਲਪੁਰ, ਜ਼ਿਲਾ ਕਸੂਰ। ਪੁਸਤਕਾਂ—ਸੂਲੀ ਟੰਗਿਆ ਸੂਰਜ (ਪੰਜਾਬੀ ਕਵਿਤਾ) ਪਤਾ—H-9, ਗਲੀ ਨੰ: 5, ਅਸ਼ਰਫ਼ ਪਾਰਕ, ਛਾਹ ਮੀਰਾਹ, ਲਾਹੌਰ (ਪਾਕਿਸਤਾਨ)

### ਗ਼ਜ਼ਲਾਂ/ਆਬਦ ਨਿਬੇਲ ਸ਼ਾਦ

(1)
ਠਾਹ ਠਾਹ ਕਰਦੀਆ ਵਾਜਾਂ ਚਾਰ-ਚੁਫੇਰੇ ਨੇ।
ਲਹੂ ਵਿਚ ਡੁੱਬੀਆਂ ਲਾਸ਼ਾਂ ਚਾਰ-ਚੁਫੇਰੇ ਨੇ।
ਰਾਹਕਾਂ ਘਰ ਤੇ ਫੱਕਾ ਦਾਣੇ ਪੁੱਜਦੇ ਨਹੀਂ,
ਹਰੀਆਂ ਭਰੀਆਂ ਫ਼ਸਲਾਂ ਚਾਰ-ਚੁਫੇਰੇ ਨੇ।
ਜੇਕਰ ਆਸ ਦਾ ਸੂਰਜ ਅੰਦਰੋਂ ਬੁਝਿਆ ਏ,
ਘੁੱਪ ਹਨੇਰੀਆਂ ਰਾਤਾਂ ਚਾਰ-ਚੁਫੇਰੇ ਨੇ।
ਤੇਰੇ ਘਰ ਦੀ ਕੋਈ ਨਿਸ਼ਾਨੀ ਚੇਤੇ ਨਹੀਂ,
ਉਹੋ ਬੂਹੇ ਗਲੀਆਂ ਚਾਰ-ਚੁਫੇਰੇ ਨੇ।
ਮੇਰੀ ਹਿੰਮਤ ਏ ਮੈਂ ਵਧਿਆ ਜਾਨਾਂ ਵਾਂ,
ਕਿੰਨੀਆਂ ਉੱਚੀਆਂ ਕੰਧਾਂ ਚਾਰ-ਚੁਫੇਰੇ ਨੇ।
ਫਿਰ ਵੀ ਥੋੜੇ ਔਖਾ ਸਾਹ ਕਿਉਂ ਆਉਂਦਾ ਏ,
ਖੁੱਲ੍ਹੀਆਂ 'ਸ਼ਾਦ' ਫ਼ਜ਼ਾਵਾਂ ਚਾਰ-ਚੁਫੇਰੇ ਨੇ।

(2)
ਅੱਧ-ਚਾਨਣੀ ਰਾਤ 'ਚ ਬੈਠੇ ਨਹਿਰ ਕਿਨਾਰੇ ਠਰੀਏ।
ਵਿਛੜੇ ਪਲ ਹਯਾਤੀ ਦੇ ਅੱਜ ਫਿਰ ਨਾ ਕੱਠਿਆਂ ਕਰੀਏ।
ਇਹ ਕੀ ਏਧਰ ਤੂੰ ਡੁੱਬੇਂ ਤੇ ਮੈਂ ਏਧਰ ਮਰ ਜਾਵਾਂ,
ਕੱਚੇ ਘੜੇ ਤੇ ਦੋਵੇਂ ਠਿੱਲ੍ਹੀਏ, ਦੋਵੇਂ ਰਲ ਕੇ ਮਰੀਏ।
ਇਸ ਕਲਮੂੰਹੇਂ ਬੀਤੇ ਕੱਲ੍ਹ ਨੇ ਚੰਗੀ ਕੈਦ ਸੁਣਾਈ,
ਪਲ ਪਲ ਤੈਨੂੰ ਚੇਤੇ ਕਰੀਏ, ਪਲ ਪਲ ਹਉਕੇ ਭਰੀਏ।
ਬੇਦਰਦਾਂ ਦੇ ਇਸ਼ਕ ਨੇ ਸਾਨੂੰ ਐਥੋਂ ਤੀਕ ਪੁਚਾਇਆ,
ਹੰਝੂਆਂ ਦੇ ਵਹਿਣਾਂ ਵਿਚ ਡੁੱਬੇ, ਅੰਦਰੋ ਅੰਦਰ ਖੁਰੀਏ।
ਆਪੂ ਟਾਪੂ ਖੇਡਣ ਵਾਲੇ, ਲੋਕ ਪਰਤ ਨਹੀਂ ਆਉਣੇ,
'ਸ਼ਾਦ' ਜੀ ਹੁਣ ਕਿਸ ਤੋਂ ਜਿੱਤੀਏ, ਕਿਸ ਤੋਂ ਬਾਜ਼ੀ ਹਰੀਏ।

(3)
ਛੱਲੇ ਤੇ ਜ਼ੰਜੀਰਾਂ ਸਾਂਭ ਕੇ ਰੱਖਾਂਗਾ।
ਖ਼ਤ ਸਣੇ ਤਸਵੀਰਾਂ ਸਾਂਭ ਕੇ ਰੱਖਾਂਗਾ।
ਤੇਰਾ ਰੁਮਾਲ, ਚਾਤੀ ਡਾਇਰੀ, ਸੁਕਿਆ ਫੁੱਲ,
ਆਪਣੀਆਂ ਕੁੱਲ ਜਾਗੀਰਾਂ ਸਾਂਭ ਕੇ ਰੱਖਾਂਗਾ।

ਭਾਵੇਂ ਅੱਜ ਅਹਿਮੀਅਤ ਕੋਈ ਨਹੀਂ ਜਿਹਨਾਂ ਦੀ,
ਫਿਰ ਵੀ ਉਹ ਤਹਿਰੀਰਾਂ ਸਾਂਭ ਕੇ ਰੱਖਾਂਗਾ।
ਜਦ ਤੀਕਰ ਨਾ ਮੇਰੇ ਲੇਖ ਲਖੀਜਾ ਤੂੰ,
ਤੇਰੀ ਸਹੁੰ ਤਕਦੀਰਾਂ ਸਾਂਭ ਕੇ ਰੱਖਾਂਗਾ।
ਤੇਰੇ ਨਾਂ ਦੀ ਖੌਰੇ ਕਿਹੜੀ ਲੀਕ ਹੋਵੇ,
ਹੱਥਾਂ ਵਿਚ ਲਕੀਰਾਂ ਸਾਂਭ ਕੇ ਰੱਖਾਂਗਾ।
ਆਪਣਾ ਮਾਜ਼ੀ 'ਸ਼ਾਦ' ਮੈਂ ਚੇਤੇ ਰੱਖਣ ਲਈ,
ਪਾਈਆਂ ਹੋਈਆਂ ਲੀਰਾਂ ਸਾਂਭ ਕੇ ਰੱਖਾਂਗਾ।

(4) ਦੁੱਖ ਸਹਿਣ ਦਾ ਮੌਸਮ ਅੱਜ ਫਿਰ ਆ ਗਿਆ ਏ।
ਸ਼ਿਅਰ ਕਹਿਣ ਦਾ ਮੌਸਮ ਅੱਜ ਫਿਰ ਆ ਗਿਆ ਏ।
ਅੱਜ ਫੇਰ ਚੜ੍ਹਦੀ ਧੁੱਪੇ ਬਾਰਸ਼ ਵੱਸੇ ਕਿੰਝ,
ਕੋਲ ਬਹਿਣ ਦਾ ਮੌਸਮ ਅੱਜ ਫਿਰ ਆ ਗਿਆ ਏ।
ਪਿਛਲੇ ਸਾਲ ਦਾ ਸਾਵਣ ਹੁਣ ਤੱਕ ਭੁਲਿਆ ਨਹੀਂ,
ਹੂੰਝ ਵਹਿਣ ਦਾ ਮੌਸਮ ਅੱਜ ਫਿਰ ਆ ਗਿਆ ਏ।
ਅੱਜ ਫੇਰ ਅੰਬ ਦੇ ਬੂਟੇ ਤੈਨੂੰ ਰੋਣ ਪਏ,
ਬੂਰ ਪੈਣ ਦਾ ਮੌਸਮ ਅੱਜ ਫਿਰ ਆ ਗਿਆ ਏ।
ਕੱਲ੍ਹ ਦੀ ਕਾਲੀ ਰਾਤ ਅਜੇ ਤੱਕ ਮੁੱਕੀ ਨਹੀਂ,
ਸੂਰਜ ਲਹਿਣ ਦਾ ਮੌਸਮ ਅੱਜ ਫਿਰ ਆ ਗਿਆ ਏ।

## ਤਿੰਨ ਨਜ਼ਮਾਂ/ਅਖ਼ਲਾਕ ਆਤਿਫ਼

### 1. ਮੰਜ਼ਿਲ ਨੂੰ

ਹੌਲੀ ਟੁਰ ਯਾ ਨੱਸਦਾ ਜਾ
ਐਪਰ ਹੱਸਦਾ ਹੱਸਦਾ ਜਾ
ਹੋਰਾਂ ਨੂੰ ਵੀ ਦੱਸਦਾ ਜਾ!

### 2. ਕੈਰਮ ਬੋਰਡ

ਹਰ ਬੰਦੇ ਨੂੰ
ਵੇਲੇ ਦੇ ਨਾਲ ਖੇਡਣੀ ਪੈਂਦੀ
ਕਦੇ ਕਦੇ ਬੰਦਾ ਵੀ ਜਿੱਤਿਆ
ਐਪਰ ਕੁਈਨ ਹਮੇਸ਼ਾਂ ਵੇਲੇ ਜਿੱਤੀ ਏ।

### 3. ਹਉਕਾ

ਨਾ ਕਰ ਭਾਵੇਂ ਕੋਈ ਚਾਰਾ
ਯਾਰਾ!
ਮੇਰੇ ਹਉਕਿਆਂ ਦੇ ਨਾਲ ਹਉਕਾ ਭਰਦਾ ਜਾ
ਸੱਜਣਤਾਈ ਦਾ ਕੋਈ ਕੰਮ ਤੇ ਕਰਦਾ ਜਾ

(ਆਤਿਫ਼ ਆਰਟਸ, ਈਦਗਾਹ ਰੋਡ, ਸਰਗੋਧਾ, ਪਾਕਿਸਤਾਨ)





## ਡੇਰੇ ਦਾ ਸਾਧ/ਹਰਭਜਨ ਸਿੰਘ ਹੁੰਦਲ

ਹਰਬਖ਼ਸ਼ ਮਕਸੂਦਪੁਰੀ ਆਪਣਾ ਯਾਰ ਹੈ। ਯਾਰ ਦੇ ਔਗੁਣਾਂ ਵੱਲ ਨਹੀਂ, ਗੁਣਾਂ ਵੱਲ ਜਾਈਦਾ ਹੈ। ਉਸ ਵਿਚ ਬਥੇਰੇ ਗੁਣ ਹਨ, ਜਿਸ ਕਾਰਨ, ਯੂ.ਕੇ. ਦੇ ਸਾਹਿਤਕ ਹਲਕਿਆਂ ਵਿਚ ਉਸ ਦੀ ਚੰਗੀ ਕਦਰ ਹੈ। ਉਹ ਆਲੋਚਨਾ ਕਰਦਾ ਹੈ ਤੇ ਸੌਖੀ ਭਾਸ਼ਾ ਵਿਚ ਕਰਦਾ ਹੈ। ਉਸ ਦੀ ਗੱਲ ਸਮਝ ਪੈ ਜਾਂਦੀ ਹੈ।

ਹਰਬਖ਼ਸ਼ ਨੇ ਕਾਤਲਾਂ, ਮੂਲਵਾਦੀਆਂ ਤੇ ਧਾਰਮਿਕ ਜਨੂੰਨੀਆਂ ਨੂੰ ਵਿਚਾਰਧਾਰਕ ਤੌਰ 'ਤੇ ਪੈਰੋਂ ਕੱਢਿਆ ਹੈ, ਮੂਲ ਮੁੱਦਿਆਂ ਤੇ ਚੁਣੌਤੀ ਦਿੱਤੀ ਹੈ ਤੇ ਸਾਫ਼ ਸਿੱਧੇ ਸ਼ਬਦਾਂ ਵਿਚ ਗਿਆਨ-ਗੋਸ਼ਟ ਲਈ ਵੰਗਾਰਿਆ ਹੈ। ਇਹ ਕੋਈ ਸੌਖਾ ਕਾਰਜ ਨਹੀਂ ਸੀ।

ਉਂਝ ਵੀ ਯੂ.ਕੇ. ਵਿਚ ਆਲੋਚਕ ਹੈਨ ਵੀ ਕਿੰਨੇ ਕੁ! ਹਰਬਖ਼ਸ਼ ਤੋਂ ਤੁਰ ਕੇ ਸੂਚੀ ਉਸ ਦੇ ਨਾਂ ਤੇ ਹੀ ਮੁੱਕ ਜਾਂਦੀ ਹੈ। ਇਹ ਸਵਰਨ 'ਚੰਦਨ' ਤਾਂ ਬਾਅਦ ਦੀਆਂ ਗੱਲਾਂ ਹਨ।

ਹਰ ਸਾਲ ਯੂ.ਕੇ. ਵਿਚ, ਗਰਮੀਆਂ ਦੇ ਦਿਨੀਂ ਕੋਈ ਨਾ ਕੋਈ ਕਾਨਫਰੰਸ ਹੁੰਦੀ ਰਹਿੰਦੀ। ਉੱਥੇ ਕਵੀ ਸਨ, ਕਹਾਣੀਕਾਰ ਸਨ, ਪਰ ਆਲੋਚਕ ਕਿੱਥੋਂ ਲੱਭੇ? ਲੇਖਕ ਡਰਬੀ ਨੂੰ ਭੱਜਦੇ, ਹਰਬਖ਼ਸ਼ ਦੇ ਗੇੜੇ ਕੱਢਦੇ, ਮਿੰਨਤਾਂ ਕਰਦੇ ਤੇ ਕਹਿੰਦੇ, "ਵੱਡੇ ਭਾਈ, ਜੇ ਚਾਰ ਅੱਖਰ ਲਿਖ ਦੇਵੇਂ, ਤਾਂ ਜੀਉਂਦਿਆਂ ਵਿਚ ਹੋ ਜਾਈਏ, ਨਹੀਂ ਤਾਂ ਮਰੇ ਤੇ ਪਏ ਹੀ ਆਂ। ਕੋਈ ਪੁੱਛ ਪਰਤੀਤ ਨਹੀਂ। ਤੇਰੇ ਲਿਖਣ ਨਾਲ, ਅਸੀਂ ਵੀ ਅਕਬਰ ਦੇ ਨੌਂ ਰਤਨਾਂ ਵਿਚ ਸ਼ਾਮਲ ਹੋ ਜਾਵਾਂਗੇ।"

'ਕੋਈ ਨਾ, ਕਰਦੇ ਆਂ ਕੋਈ ਬੰਨ੍ਹ-ਸੁੱਬ।'

'ਨਹੀਂ, ਪੱਕੀ ਗੱਲ ਕਰੋ, ਮਹਾਰਾਜ! ਕਾਨਫਰੰਸ ਦੀ ਤਾਰੀਖ ਰੱਖਣੀ ਈ ਤਾਂ ਹੈ, ਜੇ ਤੁਸੀਂ ਲੇਖ ਲਿਖਣ ਲਈ ਹਾਂ ਕਰੋ।'

ਹਰਬਖ਼ਸ਼ ਦਾ ਸਿੱਕਾ ਚੱਲ ਨਿਕਲਿਆ। ਉਹ ਯਾਰਾਂ ਦਾ ਯਾਰ ਹੈ, ਵੈਰੀਆਂ ਦਾ ਵੈਰੀ। ਤੁਸੀਂ ਅਵਤਾਰ ਦੀ ਗੱਲ ਕਰੋ, ਉਹ ਕਹੇਗਾ, 'ਪਹਿਲੀ ਕਤਾਰ ਦਾ ਕਵੀ ਹੈ। ਉਸ ਨੂੰ ਗੱਲ ਕਥਨੀ ਆਉਂਦੀ ਹੈ।'

"ਗੱਲ ਕਰਨੀ ਤਾਂ ਆਉਂਦੀ ਹੈ, ਪਰ ਚੁੱਪ ਰਹਿੰਦਾ ਹੈ। ਚੁੱਪ ਦੇ ਕੀ ਅਰਥ?"

ਫਿਰ ਤੁਸੀਂ ਭੁਪਿੰਦਰ 'ਪੁਰੇਵਾਲ' ਦੀ ਗੱਲ ਛੇੜਦੇ ਹੋ ਉਹ ਆਖੇਗਾ, 'ਮਹਾਨ ਪ੍ਰਗਤੀਵਾਦੀ ਕਵੀ ਹੈ—ਇੱਕੋ ਇੱਕ।

'ਪ੍ਰਗਤੀਵਾਦੀ ਕਿ ਆਧੁਨਿਕ?'

"ਦੋਵੇਂ ਹੀ" ਉਹ ਪ੍ਰਗਤੀਵਾਦੀ ਵੀ ਹੈ ਤੇ ਆਧੁਨਿਕਾਵਾਦੀ ਵੀ ਹੈ।

'ਪਰ ਬਾਬਿਓ, ਇਹ ਦੋਵੇਂ ਗੱਲਾਂ ਕੁਝ ਆਪਾ-ਵਿਰੋਧੀ ਨਹੀਂ?

'ਖ਼ੈਰ, ਚਲੋ ਛੱਡੋ, ਇਹ ਗੱਲ। "ਅਮਰਜੀਤ ਚੰਦਨ?"

"ਆਪਣਾ ਯਾਰ ਹੈ। ਜ਼ਰਾ ਇੱਲਤੀ ਹੈ।"

"ਤੇ ਬਾਬਿਓ, ਰਘਬੀਰ ਢੰਡ?" ਮੈਂ ਸ਼ਰਾਰਤ ਨਾਲ ਗੱਲ ਨੂੰ ਘੇਰ ਕੇ ਅਸਲ ਨੁਕਤੇ ਤੇ ਲੈ ਆਉਂਦਾ ਹਾਂ। ਢੰਡ ਹਰਬਖ਼ਸ਼ ਦੀ ਦੁਖਦੀ ਰਗ ਹੈ, ਪੀੜ ਕਰਦੀ ਨਾੜ। ਤੁਸੀਂ ਉਸ ਨੂੰ ਤੰਗ ਕਰਨਾ ਹੋਵੇ, ਤਾਂ ਰਘਬੀਰ ਢੰਡ ਦਾ ਨਾਂ ਲੈ ਲਵੋ। ਉਹ ਹਿੱਲ ਜਾਂਦਾ ਹੈ। ਉਸ ਦੀ ਸਾਰੀ

ਵਿਦਵਤਾ ਗ਼ਾਇਬ ਹੋ ਜਾਂਦੀ ਹੈ। ਉਸਨੂੰ ਏਨਾ ਪਤਾ ਵੀ ਨਹੀਂ ਲੱਗਦਾ ਕਿ ਬੋਲਣ ਵਾਲਾ ਬੰਦਾ ਸ਼ਰਾਰਤ ਕਰ ਰਿਹਾ ਹੈ, ਉਸ ਨੂੰ ਚਿੜਾ ਰਿਹਾ ਹੈ।

ਤੁਸੀਂ ਉਸਨੂੰ ਦੁੱਖੀ ਕਰਨਾ ਹੈ ਤਾਂ ਕਹਿ ਦਿਓ, "ਰਘਬੀਰ ਢੰਡ ਵਧੀਆ ਕਹਾਣੀਕਾਰ ਹੈ।"

ਫਿਰ ਉਸ ਦਾ ਸੰਤਾਂ ਵਾਂਗ ਲੰਮਾ ਪ੍ਰਵਚਨ ਆਰੰਭ ਹੋ ਜਾਂਦਾ ਹੈ। ਸਾਰੀ ਸ਼ਰਾਬ ਲਹਿ ਜਾਂਦੀ ਹੈ।

ਮੈਂ ਡਰਬੀ ਵਿਚ, ਸਾਹਿਤ ਦੇ ਇਸ ਸੰਤ ਦੇ ਡੇਰੇ ਤੇ ਆਉਂਦੇ ਜਾਂਦੇ, ਇਹ ਨੁਖਸਾ ਕਈ ਵਾਰ ਅਜ਼ਮਾਇਆ ਹੈ ਤੇ ਹਰ ਵਾਰ ਸਿੱਟਾ ਇਕੋ ਤਰ੍ਹਾਂ ਦੇ ਹੀ ਨਿਕਲੇ ਹਨ।

ਕਦੇ ਉਹ ਫਗਵਾੜੇ ਹੁੰਦਾ ਸੀ। ਰਾਮਗੜ੍ਹੀਆ ਹਾਈ ਸਕੂਲ ਵਿਚ। 1957-58 ਵਿਚ ਮੈਂ ਉੱਥੇ ਬੀ.ਟੀ ਕਰਨ ਆਇਆ। 'ਚੰਨ' ਹੋਰਾਂ ਨੇ ਗਿਆਨੀ ਕਾਲਜ ਦੇ ਨਾਲ ਸਾਹਿਤ ਸਭਾ ਵੀ ਬਣਾ ਦਿੱਤੀ। ਉਹ ਅਕਸਰ ਮਿਲਦਾ। ਕਦੇ ਕਦੇ, ਵਰ੍ਹੇ-ਛਿਮਾਹੀ ਉਹ ਕੋਈ ਕਹਾਣੀ ਵੀ ਲਿਖਦਾ। ਕਦੇ ਕਹਾਣੀ ਬਣ ਜਾਂਦੀ, ਕਦੇ ਰਹਿ ਜਾਂਦੀ। ਅਸੀਂ ਹੱਸਦੇ।

'ਕੋਈ ਹੋਰ ਕੰਮ ਕਿਉਂ ਨਹੀਂ ਕਰ ਲੈਂਦਾ, ਮਕਸੂਦਪੁਰੀ ?"

'ਕੀ ਮਤਲਬ ?'

'ਮਤਲਬ ਇਹ ਕਿ ਬਹੁਤੀ ਵਾਰ ਕਹਾਣੀ ਬਣਦੀ ਬਣਦੀ ਰਹਿ ਜਾਂਦੀ ਹੈ। ਇਸ ਨਾਲੋਂ ਤਾਂ ਚੰਗਾ ਹੈ, ਛੋਲੇ-ਭਟੂਰੇ ਹੀ ਵੇਚ ਲਿਆ ਕਰ। ਹਰ ਰੋਜ਼ ਚਾਰ ਪੈਸੇ ਘਰ ਤਾਂ ਆ ਜਾਇਆ ਕਰਨਗੇ।"

ਇਹ ਵਿਅੰਗ, ਉਸ ਦੇ ਨਾਲ ਯੂ.ਕੇ. ਵੀ ਪਹੁੰਚ ਗਿਆ। ਸਿੱਧਾ ਬੰਦਾ ਹੈ। ਹਾਸੇ ਹਾਸੇ ਵਿਚ ਕਿਤੇ ਇਹ ਚੁਟਕਲਾ ਆਪ ਹੀ ਯਾਰਾ ਨੂੰ ਸੁਣਾ ਬੈਠਾ ਹੋਣੈ। ਯਾਰਾਂ ਕੋਲੋਂ, ਤੁਰਦਾ ਤੁਰਦਾ, ਇਹ ਵਿਰੋਧੀਆਂ ਕੋਲ ਵੀ ਪਹੁੰਚ ਗਿਆ।

ਪਰ ਇੱਕ ਗੱਲ ਚੰਗੀ ਹੋਈ ਕਿ ਇੰਗਲੈਂਡ ਜਾ ਕੇ ਉਸ ਕਹਾਣੀ ਨਹੀਂ ਲਿਖੀ। ਜਲ-ਵਾਯੂ ਦਾ ਅਸਰ ਹੋ ਗਿਆ ਲੱਗਦਾ। ਜਾਂ ਕਹਿ ਲਵੋ ਕਿ ਅਕਲ ਆ ਗਈ ਹੋਣੀ ਹੈ। ਜੇ ਉਹ ਕਹਾਣੀ ਨਹੀਂ ਲਿਖ ਸਕਦਾ, ਤਾਂ ਕਹਾਣੀ ਬਾਰੇ ਆਲੋਚਨਾ ਤਾਂ ਕਰ ਹੀ ਸਕਦਾ ਹੈ। ਨਾਲੇ ਮੈਦਾਨ ਵੀ, ਯੂ.ਕੇ. ਵਿਚ ਵਿਹਲਾ ਹੀ ਪਿਆ। ਤੇ ਹਰ ਅਸਫਲ ਲੇਖਕ, ਆਲੋਚਨਾ ਤਾਂ ਲਿਖ ਹੀ ਸਕਦਾ।

ਤੇ ਇੰਝ ਉਹ ਕਹਾਣੀ ਲਿਖਦਾ ਲਿਖਦਾ ਕਹਾਣੀ ਦਾ ਆਲੋਚਕ ਬਣ ਗਿਆ ਹੈ। ਚਲੋ ਇਹ ਵੀ ਚੰਗਾ ਹੋਇਆ। ਨਹੀਂ ਤਾਂ ਯੂ.ਕੇ. ਦੇ ਕਹਾਣੀਕਾਰਾਂ ਨੇ ਯਤੀਮ ਹੀ ਰਹਿ ਜਾਣਾ ਸੀ। ਕੋਈ ਤਾਂ ਹੈ, ਸਾਰੇ ਇੰਗਲਿਸਤਾਨ ਵਿਚ, ਜਿਹੜਾ ਉਨ੍ਹਾਂ ਦੀ ਬਾਂਹ ਫੜਨ ਵਾਲਾ ਹੈ, ਨਹੀਂ ਤਾਂ ਬਹੁਤੇ ਤਾਂ ਬਾਹ ਮਰੋੜਨ ਵਾਲੇ ਹੀ ਟੱਕਰਦੇ ਹਨ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪਲਾਹੀ ਵਾਲੇ ਅਜਲਾਸ ਵਿਚ ਕਿਸੇ ਸੁਨੇਹਾ ਦਿੱਤਾ ਕਿ ਕੋਈ ਬੰਦਾ ਬਾਹਰੋਂ ਆਇਆ ਹੈ, ਤੁਹਾਨੂੰ ਮਿਲਣਾ ਚਾਹੁੰਦਾ ਹੈ। ਮੈਂ ਬਾਹਰ ਨਿਕਲਿਆ ਤਾਂ ਐਨਕਾਂ ਲਾਈ, ਕੋਟ ਪਾਈ, ਸਉਲੇ ਰੰਗ ਤੇ ਤਗੜੇ ਭਾਰੇ ਸਰੀਰ ਦਾ ਇਕ ਬੰਦਾ ਮਿਲਿਆ।

"ਮੈਂ ਹਰਬਖ਼ਸ਼ ਮਕਸੂਦਪੁਰੀ ਹਾਂ" ਉਸ ਆਖਿਆ। ਅਸੀਂ ਦੋਵੇਂ ਹੀ ਕਾਹਲ ਵਿਚ ਸੀ। ਉਹ ਪਿਛਾਂਹ ਮੁੜਨ ਲਈ ਤੇ ਮੈਂ ਸਭਾ ਦੀ ਕਾਰਵਾਈ ਵਿਚ ਹਿੱਸਾ ਲੈਣ ਲਈ।



ਕਦੇ ਵਿਹਲੇ ਟਾਈਮ ਵਿਚ ਮਿਲਦਾ, ਤਾਂ ਚਾਰ ਗੱਲਾਂ ਕਰਦੇ। ਉਸ ਨੇ ਆਪਣੀ ਆਲੋਚਨਾ ਦੀ ਪੁਸਤਕ "ਬਰਤਾਨਵੀ ਸਾਹਿਤ ਦੀਆਂ ਪ੍ਰਾਪਤੀਆਂ" ਭੇਂਟ ਕੀਤੀ ਤੇ ਚਲਾ ਗਿਆ। ਅਜੇਹੀ ਮਿਲਣੀ ਵੀ ਕਾਹਦੀ ਮਿਲਣੀ ਹੋਈ। ਅਫਸੋਸ ਹੋਇਆ ਕਿ ਇਕ ਮਿੱਤਰ ਤੀਹ ਸਾਲ ਬਾਅਦ ਮਿਲ ਰਿਹਾ ਸੀ ਤੇ ਚੱਜ ਨਾਲ ਚਾਰ ਗੱਲਾਂ ਵੀ ਨਾ ਹੋ ਸਕੀਆਂ।

ਘਰ ਆਣ ਕੇ, ਕਿਤਾਬ ਪੜ੍ਹੀ, ਫੋਲੀ ਤੇ ਰੱਖ ਦਿੱਤੀ। ਯੂ.ਕੇ. ਦੀ ਯਾਤਰਾ ਤੇ ਤੁਰਨ ਵੇਲੇ ਮੈਂ ਇਹ ਕਿਤਾਬ ਫਿਰ ਕੱਢੀ, ਸੋਚਿਆ, ਕਿਤੇ ਗੱਲ ਹੀ ਕਰਨੀ ਪੈ ਜਾਂਦੀ ਹੈ। ਕਿਤਾਬ ਦੀ ਭੂਮਿਕਾ ਡਾ: ਹਰਿਭਜਨ ਸਿੰਘ ਹੁਰਾਂ ਦੀ ਲਿਖੀ ਹੋਈ ਸੀ। ਰੂਹ ਨਾਲ ਲਿਖੀ ਹੋਈ। ਇਹ ਉਨ੍ਹਾਂ ਦਿਨਾਂ ਦੀਆਂ ਗੱਲਾਂ ਨੇ, ਜਦੋਂ ਡਾਕਟਰ ਸਾਹਿਬ ਯੂ.ਕੇ. ਦੀ ਯਾਤਰਾ ਤੇ ਗਏ ਸਨ। ਲੰਮੀ ਉਦਾਸੀ ਤੇ। ਜਿਸ ਘਰ ਵੀ ਰੁਕਦੇ, ਉਸ ਲੇਖਕ ਦੀ ਕਿਤਾਬ ਦੀ ਭੂਮਿਕਾ ਲਿਖ ਜਾਂਦੇ। ਪ੍ਰਵਾਸੀ ਸਾਹਿਤਕਾਰਾਂ ਦੀਆਂ ਸਭ ਭੂਮਿਕਾਵਾਂ ਉਹਨਾਂ ਹੀ ਦਿਨਾਂ ਦੀਆਂ ਪ੍ਰਾਪਤੀਆਂ ਹਨ।

ਨਹੀਂ ਤਾਂ ਕਿੱਥੇ ਮਕਸੂਦਪੁਰੀ ਦਾ 'ਮਾਰਕਸਵਾਦ' ਤੇ ਕਿੱਥੇ ਡਾਕਟਰ ਸਾਹਿਬ ਦੀ ਰੂਪਵਾਦੀ ਸੁਰੰਚਨਾਵਾਦੀ ਆਲੋਚਨਾ !

ਪਹਿਲੀ ਵਾਰ ਯੂ.ਕੇ. ਉਹ ਮੈਨੂੰ ਆਪਣੇ ਘਰ ਦੇ ਬਣੇ-ਬਣਾਏ ਦਫਤਰ ਵਿਚ ਮਿਲਿਆ। ਬੜੇ ਉਤਸ਼ਾਹ ਵਿਚ ਸੀ। ਕਹਿਣ ਲੱਗਾ, "ਅਸੀਂ ਵੀ ਰਿਸਾਲਾ ਕੱਢ ਰਹੇ ਹਾਂ। ਪੰਜ ਜਣੇ ਸੌ, ਸੌ ਪੌਂਡ ਪਾਕੇ 'ਲਕੀਰ' ਨੂੰ ਦੁਬਾਰਾ ਸ਼ੁਰੂ ਕਰਨ ਲੱਗੇ ਹਾਂ। ਮੈਂ ਉਸ ਦਾ 'ਬਦੇਸ਼ੀ ਸੰਪਾਦਕ' ਹੋਵਾਂਗਾ। ਪ੍ਰਵਾਸੀ ਲਿਖਤਾਂ ਦੀ ਸਮੁੱਚੀ ਚੋਣ ਮੈਂ ਕਰਿਆ ਕਰਾਂਗਾ ਤੇ ਦੇਸੀ ਲੇਖਕਾਂ ਦੀ ਖ਼ੁਦ ਐਡੀਟਰ।"

ਮੈਂ ਆਖਿਆ, 'ਇਹ ਜੁਗਤ ਅਥਵਾ ਤਜਵੀਜ਼ ਕਿਸ ਦੀ ਹੈ ?'

ਕਹਿਣ ਲੱਗਾ, 'ਅਮਰਜੀਤ ਚੰਦਨ ਦੀ।'

'ਬੱਸ ਫਿਰ ਚੜ੍ਹ ਗਈ ਸਿਰੇ' ਮੈਂ ਕਿੰਤੂ ਕੀਤਾ।

ਪਰਚਾ ਛਪਿਆ। ਇਕ ਅੰਕ ਵਿਚ ਹਰਬਖ਼ਸ਼ ਮਕਸੂਦਪੁਰੀ ਦਾ ਨਾਂ ਛਪਿਆ। ਉਹ ਖ਼ੁਸ਼ ਹੋਇਆ।

ਦੂਜੇ ਅੰਕ ਚੋਂ ਉਸ ਦਾ ਨਾਂ ਗ਼ਾਇਬ ਸੀ। ਮੈਨੂੰ ਮਿਲਿਆ। "ਕਿਵੇਂ ਐਂ। ਲਗਦਾ ਇਕੋ ਅੰਕ ਨਾਲ 'ਬਦੇਸ਼ੀ ਸੰਪਾਦਕ' ਥੱਕ ਗਿਆ। ਕੀ ਗੱਲ ਹੋਈ। ਕੁਝ ਜ਼ੋਰ ਜ਼ਿਆਦਾ ਤਾਂ ਨਹੀਂ ਲੱਗ ਗਿਆ ?"

ਉਹ ਚੁੱਪ ਰਿਹਾ, 'ਪੁੱਛਣਾ ਸੀ ਚੰਦਨ ਨੂੰ ?'

'ਬੁਰੀ ਤਰ੍ਹਾਂ ਵਰਤੇ ਗਏ ਆਂ ਅਸੀਂ ਸਾਰੇ।'

'ਤੇ ਉਹ ਪੰਜ ਸੌ ਪੌਂਡ ?'

'ਉਹ ਵੀ ਗਏ।'

'ਲਹਿ ਗਿਆ ਚਾਅ, ਪਰਚਾ ਕੱਢਣ ਦਾ ?'

'ਨਹੀਂ, ਹੁਣ ਅਸੀਂ ਆਪ ਪਰਚਾ ਕੱਢਾਗੇ। ਸਾਰਾ ਖਰਚਾ ਮੈਂ ਇਕੱਲਾ ਦਿਆਂਗਾ।'

'ਤੇ ਆਹ ਘਰ ਦਾ ਖਰਚਾ ਕੌਣ ਦੇਵੇਗਾ ?'

'ਜੀਉਂਦੀ ਰਹੇ, ਮੇਰੇ ਬੱਚਿਆਂ ਦੀ ਮਾਂ।"

'ਨਹੀਂ, ਉਂਝ ਮੈਨੂੰ ਤੰਗੀ ਕੀ ਐ ?' ਕਹਾਣੀ ਤੂੰ ਕੋਈ ਲਿਖਣੀ ਨਹੀਂ। ਸਾਲ 'ਚ ਇਕ ਅੱਧਾ ਲੇਖ ਹੀ ਲਿਖਣਾ ਹੁੰਦਾ। ਉਹ ਤੇਰਾ ਕਿਤੇ ਨਾ ਕਿਤੇ ਛਪ ਈ ਜਾਣਾ ਹੁੰਦਾ। ਜਾਂ ਜਿਸ ਲੇਖਕ ਬਾਰੇ ਤੂੰ ਲਿਖਿਆ ਹੁੰਦਾ, ਆਪੇ ਕਿਤੇ ਛਪਵਾ ਲਿਆ ਕਰੂ।"

ਉਸ ਦੇ ਤਿੰਨ ਲੜਕੇ ਨੇ ਤੇ ਇਕ ਲੜਕੀ। ਲੜਕੀ ਲਾਇਕ ਨਿਕਲੀ। ਉੱਚੀ ਵਿਦਿਆ ਪੜ੍ਹ, ਚੰਗ ਥਾਂ ਵਿਆਹੀ ਗਈ। ਲੜਕੇ ਹਾਲੀ ਵਿਹਲੇ ਹਨ। ਉਂਝ ਯੂ.ਕੇ. ਵਿਚ ਵਿਹਲੇ ਹੋਣਾ ਕੋਈ ਐਬ ਨਹੀਂ। ਅੱਧਾ ਇੰਗਲੈਂਡ ਵਿਹਲਾ ਬੈਠਾ ਹੀ ਖਾਂਦਾ। ਦੁਨੀਆਂ, ਤੇ ਰਾਜ ਕਰਨ ਵਾਲੀ ਅੰਗਰੇਜ਼ ਕੌਮ, ਹੁਣ ਵਿਹਲੀ ਹੈ। ਬੱਸ ਬੀਅਰ ਪੀ ਛੱਡਦੀ ਹੈ, ਸਿਗਰਟਾਂ ਫੂਕੀ ਜਾਂਦੀ ਹੈ ਤੇ ਹਫ਼ਤੇ ਪਿਛੋਂ ਗੁਜ਼ਾਰੇ-ਯੋਗ ਅਲਾਊਂਸ ਲੈ ਆਉਂਦੀ ਹੈ। ਨਾ ਫਿਕਰ ਨਾ ਫਾਕਾ।

ਆਪ ਮਕਸੂਦਪੁਰੀ ਕੰਮ ਕਰਦਾ ਹੈ। ਘਰ ਵਿਚ ਦਫਤਰ ਹੈ। ਸ਼ਾਇਦ ਕੋਈ ਕਰਜ਼ੇ ਦਿੰਦਾ ਹੋਊ। ਗਾਹਕ ਤਾਂ ਕਦੇ ਕੋਈ ਆਇਆ ਵੇਖਿਆ ਨਹੀਂ। ਬੱਸ ਬੈਠਾ ਰਹਿੰਦਾ ਹਰਬਖਸ਼ ਸਾਰਾ ਦਿਨ। ਪਰ ਯਾਰਾਂ ਬਾਸ਼ਾਂ ਦੀ ਟਹਿਲ ਸੇਵਾ ਚੰਗੀ ਕਰਦਾ! ਆਪਣਾ ਬੈੱਡ ਪ੍ਰਾਹੁਣੇ ਨੂੰ ਦੇ ਕੇ, ਆਪ ਕਾਊਚ ਤੇ ਗੁੱਛਾ-ਮੁੱਛਾ ਹੋ ਕੇ ਪੈ ਜਾਂਦਾ।

ਉਸ ਦੇ ਬੈੱਡ-ਰੂਮ ਵਿਚ ਹੀ ਲਾਇਬਰੇਰੀ ਹੈ। ਵਿਹਲੇ ਵੇਲੇ ਮੈਂ ਸਾਰੀ ਫੋਲ ਮਾਰੀ। ਕੋਈ ਵੀ ਕੰਮ ਦੀ ਕਿਤਾਬ ਨਾ ਮਿਲੀ। ਬੱਸ ਲੈ ਦੇ ਕੇ ਇੱਕ ਮਜ਼ਹਰ ਤਿਰਮਜ਼ੀ ਦਾ ਪੰਜਾਬੀ ਕਾਵਿ-ਸੰਗ੍ਰਹਿ।

ਮੈਂ ਆਖਿਆ, "ਬੱਸ ਇਹੀ ਨੇ ਤੇਰੀਆਂ ਕਿਤਾਬਾਂ ਜਾਂ ਕਿਸੇ ਹੋਰਸ ਕਮਰੇ ਵਿਚ ਵੀ ਪਈਆਂ ? ਇਕ ਵੀ ਕਿਤਾਬ ਚੁਰਾਉਣ ਵਾਲੀ ਨਹੀਂ। ਕੀ ਪੜ੍ਹਿਆ ਤੂੰ ਸਾਰੀ ਉਮਰ ?" ਉਹ ਚੁੱਪ ਰਿਹਾ। ਫਿਰ ਹੱਸਿਆ। 'ਕਿਤਾਬਾਂ ਤਾ ਬਥੇਰੀਆਂ ਸਨ, ਬੱਸ ਤੇਰੇ ਵਰਗੇ ਆਏ-ਗਏ ਯਾਰ ਲੈ ਜਾਂਦੇ ਹਨ। ਕੀ ਕਹੀਏ ਮਿੱਤਰਾਂ ਨੂੰ ?'

"ਭੈੜੇ ਭੈੜੇ ਯਾਰ, ਸਾਡੀ ਫੱਤੋ ਦੇ"

ਉਸ ਦੇ ਸ਼ਹਿਰ ਜਾਂ ਇਰਦ ਗਿਰਦ ਤਿੰਨ ਚਾਰ ਸਾਹਿਤਕਾਰ ਨੇ। ਜਸਵਿੰਦਰ ਮਾਨ, ਤੁੰਗ ਤੇ ਭੁਪਿੰਦਰ ਪੁਰੇਵਾਲ। ਤਿੰਨੇ ਵਧੀਆ ਕਵੀ ਨੇ ਤੇ ਮਕਸੂਦਪੁਰੀ ਆਲੋਚਕ। ਮਾਨ ਵਧੀਆ ਗ਼ਜ਼ਲ ਲਿਖਦਾ ਤੇ ਗਾਉਂਦਾ ਵੀ ਚੰਗਾ। ਇੰਝ ਹੀ ਭੂਪਿੰਦਰ, ਨਵੇਂ ਕਾਵਿ-ਮੁਹਾਵਰੇ ਵਿਚ ਆਧੁਨਿਕ ਜ਼ਿੰਦਗੀ ਦੀਆਂ ਉਲਝਣਾ ਨੂੰ ਚਿਤਰਨ ਵਾਲਾ ਕਵੀ ਹੈ। ਤੁੰਗ ਵੀ ਚੰਗੀ ਗ਼ਜ਼ਲ ਕਹਿੰਦਾ ਹੁੰਦਾ ਸੀ।

ਸ਼ਾਮ ਨੂੰ ਅਸੀਂ ਚਾਰੇ ਸ਼ਹਿਰੋਂ ਬਾਹਰ ਨਹਿਰ ਦੇ ਕੰਢੇ ਤੇ ਬਣੇ ਪੱਬ ਵਿਚ ਗਲਾਸੀਆਂ ਖੜਕਾਉਣ ਜਾਂਦੇ। ਅੰਗਰੇਜ਼ਾਂ ਦੀ ਪੱਬ-ਪਰੰਪਰਾ ਚੰਗੀ ਹੈ, ਰਸ਼ਕ ਦੇ ਕਾਬਿਲ ਪਰ ਹੁਣ ਨਾਲ ਮਸ਼ੀਨਾਂ ਵਿਚ ਪੈਸੇ ਪਾਕੇ ਲਾਟਰੀ ਕਿ ਜੂਆ ਖੇਡਣ ਦੀ ਚੇਟਕ ਨੇ, ਇਸ ਦਾ ਰੂਪ ਕੁਝ ਵਿਗਾੜ ਦਿੱਤਾ। ਜਦ ਮਰਜ਼ੀ, ਕਿਸੇ ਵੀ ਚੌਕ ਦੇ ਮੋੜ ਤੇ ਪੱਬ 'ਚ ਬੈਠ ਬੀਅਰ ਪੀ ਸਕਦੇ ਹੋ। ਪਹਿਲਾਂ ਪਹਿਲਾਂ ਗੋਰੇ ਕੁਝ ਜ਼ਿਆਦਾ ਹੀ ਕੌੜਦੇ ਹੁੰਦੇ ਸਨ। ਪ੍ਰਵਾਸੀਆਂ ਨੂੰ ਸ਼ਰਾਬੀ ਹੋ ਕੇ ਕੁੱਟ ਸੁੱਟਦੇ ਸਨ, ਪਰ ਹੁਣ ਇਹ ਕੁੱਟ-ਮਾਰ ਘਟ ਗਈ ਹੈ।



ਮਕਸੂਦਪੁਰੀ ਦੀ ਪ੍ਰਗਤੀਸ਼ੀਲ ਲੇਖਕ ਸਭਾ ਆਜ਼ਾਦ ਹੈ। ਉਹ ਕਿਸੇ ਨਾਲ ਵੀ ਨਹੀਂ। ਚਾਰ ਤਾਂ ਲੇਖਕ ਨੇ ਸਾਰੇ ਤੇ ਲੜਾਈ ਕਾਹਦੀ ? ਸਾਲ ਪਿੱਛੋਂ, ਗ਼ਰਮੀਆਂ ਵਿਚ ਇਕ ਸਮਾਗ਼ਮ ਕਰਦੇ ਨੇ। ਨਾਲ ਹੀ ਮੇਰੇ ਵਰਗੇ ਕਿਸੇ ਆਏ ਗਏ ਲੇਖਕ ਦਾ ਵੀ ਸਾਰ ਦਿੰਦੇ ਨੇ।

ਕਿਸੇ ਦੱਸਿਆ ਕਿ ਮਕਸੂਦਪੁਰੀ ਵਾਪਸ ਭਾਰਤ ਜਾ ਰਿਹਾ ਹੈ। ਮੈਂ ਨਹੀਂ ਮੰਨਦਾ। ਵਾਪਸ ਆ ਕੇ ਉਸ ਏਥੇ ਕਰਨਾ ਕੀ ਹੈ ? ਏਥੇ ਉਸ ਦੀ ਆਲੋਚਨਾ ਨੂੰ ਕਿਸੇ ਨਹੀਂ ਪੁੱਛਣਾ। ਏਥੇ ਯੂਨੀਵਰਸਟੀਆਂ ਵਿਚ ਸਾਹਿਤ ਦੇ ਧਨੰਤਰ-ਵਿਦਵਾਨ ਬੈਠੇ ਨੇ, ਜਿਹੜੇ ਦੁਨੀਆਂ ਦੇ ਸਭ ਨਵੇਂ ਸਾਹਿਤ-ਸਿਧਾਂਤਾਂ ਦਾ ਪੰਜਾਬੀ ਵਿਚ ਵਧੀਆ ਅਨੁਵਾਦ ਕ਼ਰ ਰਹੇ ਨੇ। ਉਸ ਕੋਲੋਂ ਇਹ ਕੰਮ ਨਹੀਂ ਹੋਣਾ। ਤੇ ਜੇ ਉਹ ਆ ਵੀ ਗਿਆ ਤਾਂ ਮਗਰੋਂ ਯੂ.ਕੇ. ਦੇ ਲਿਖਾਰੀਆਂ ਦਾ ਕੀ ਬਣੇਗਾ। ਉਨ੍ਹਾਂ ਦੀ ਬਾਂਹ ਉਹ ਕਿਸ ਨੂੰ ਫੜਾ ਕੇ ਆਊ ? ਸਵਰਨ ਚੰਦਨ ਨੂੰ ? ਉਸ ਦਾ ਤਾਂ ਇਕ ਮਰੋੜਾ ਵੀ ਨਹੀਂ ਝੱਲਣਾ ਇਹਨਾਂ।

ਜੇ ਮੈਨੂੰ ਪੁੱਛੇ। ਪਰ ਕਾਹਨੂੰ ਪੁੱਛਣਾ ਉਸ ਮੈਨੂੰ। ਉਸ ਦੇ ਉਥੇ ਬਥੇਰੇ ਯਾਰ ਨੇ, ਜਿਨ੍ਹਾਂ ਨੂੰ ਉਹ ਪੁੱਛ ਕੇ ਤੁਰਦਾ ਹੈ। ਖੈਰ, ਕਲਪਣਾ ਕਰੋ, ਜੇ ਉਹ ਭੁਲ-ਭੁਲੇਖੇ ਮੈਨੂੰ ਪੁੱਛ ਹੀ ਬੈਠੇ, ਤਾਂ ਮੈਂ ਆਖਾਂਗਾ, :ਹਰਬਖ਼ਸ਼ ਵੇਖੀਂ ਭਾਰਤ ਨਾ ਆਵੀਂ। ਤੂੰ ਛੇਤੀ ਹੀ ਭੱਜ ਉੱਠਣਾ। ਏਥੇ ਦੀ ਗਰਮੀ, ਪਰਦੂਸ਼ਣ, ਵੱਢੀ, ਮਹਿੰਗਾਈ, ਬੇ◌ਾਰੀ ਤੇ ਘੱਟਾ। ਇਹ ਤੇਰੇ ਰਹਿਣ ਦੀ ਥਾਂ ਨਹੀਂ। ਵੇਖੀਂ ਗਲਤੀ ਨਾਂ ਕਰੀਂ। ਭਾਵਕ ਨਾ ਹੋਵੀਂ। ਪਿੱਛੋਂ ਤੇਰੇ ਯਾਰਾਂ ਦਾ ਕੀ ਬਣੂ ?"

ਮੇਰਾ ਖਿਆਲ ਹੈ, ਕਿਸੇ ਨੇ ਗ਼ਲਤ ਖ਼ਬਰ ਫੈਲਾਈ ਹੈ। ਉਹ ਨਹੀਂ ਆਉਂਦਾ ਹੁਣ ਵਾਪਸ। ਉਸ ਦੇ ਫੁੱਲ ਹੀ ਆਉਣਗੇ। ਸ਼ਾਇਦ ਉਹ ਵੀ ਨਾ ਆਉਣ।

ਉਸ ਦਾ ਦਫਤਰ ਵੇਖ ਮੈਨੂੰ ਆਪਣੇ ਨਾਨਕੇ ਪਿੰਡ ਬੁਤਾਲੇ ਦਾ ਸਾਧ ਚੇਤੇ ਆਉ ਦਾ ਹੈ। ਉਸ ਦਾ ਡੇਰਾ ਪਿੰਡੋਂ ਹਟਵਾਂ ਸੀ। ਉਹ ਦਵਾਈ ਬੂਟੀ ਵੀ ਕਰਦਾ ਸੀ, ਪਰ ਕੌੜਾ ਬੜਾ ਸੀ। ਪੁੱਤਾਂ ਦੀ ਸੁੱਖਣਾ ਪ੍ਰਾਪਤ ਕਰਨ ਲਈ ਤੀਵੀਆਂ ਉਸਦੇ ਡੇਰੇ ਦੇ ਫਾਟਕ ਤੇ ਆ ਬਹਿੰਦੀਆਂ, ਪਰ ਡਰਦੀਆਂ ਅੰਦਰ ਨਾ ਜਾਂਦੀਆਂ। ਉਹ ਆਉਂਦਾ ਤੇ ਪੁੱਛਦਾ,

'ਦੱਸੋ ਕਿਵੇਂ ਆਈਆਂ ਜੇ ?'

'ਮਹਾਰਾਜ, ਮੇਰਾ ਵਿਆਹ ਹੋਏ ਨੂੰ ਦਸ ਸਾਲ ਹੋ ਚੱਲੇ ਹਨ। ਕੋਈ ਧੀ ਪੁੱਤ ਨਹੀਂ। ਜੇ ਤੁਹਾਡੀ ਮਿਹਰ ਹੋ ਜਾਵੇ।'

ਕੱਲ੍ਹ ਸ਼ਾਮ ਨੂੰ ਆਪਣੇ ਘਰ ਵਾਲੇ ਨੂੰ ਭੇਜੀਂ।' ਆ ਕੇ ਦਵਾਈ ਲੈ ਜਾਵੇ। ਜਾਹ ਹੁਣ ਘਰ ਨੂੰ। ਆ ਜਾਂਦੀਆਂ ਨੇ ਮੂੰਹ ਚੁੱਕ ਕੇ।'

ਮੈਨੂੰ ਜਾਪਦਾ ਹੈ, ਉਹ ਵੀ ਸਾਹਿਤਕ ਡੇਰੇ ਦਾ ਸਾਧ ਹੈ। ਲੇਖਕ ਉਸ ਕੋਲ ਪੁੱਤਰ ਦੀ ਨਹੀਂ, ਲੇਖ ਦੀ ਦਾਤ ਮੰਗਣ ਆਉਂਦੇ ਹਨ। ਉਹ ਪਹਿਲਾਂ ਨਾਂਹ ਕਰਦਾ ਹੈ, ਫਿਰ ਲੋੜਵੰਦ ਯਾਰਾਂ ਤੇ ਦਿਆਲੂ ਹੋ, ਲੇਖ ਦੀ ਦਾਤ ਬਖ਼ਸ਼ ਦਿੰਦਾ ਹੈ।

ਜੇ ਉਹ ਯੂ.ਕੇ. ਨੂੰ ਤਿਆਗ, ਪੰਜਾਬ ਵਾਪਸ ਮੁੜ ਆਇਆ ਤਾਂ ਉਸ ਦਾ ਡੇਰਾ ਉੱਜੜ ਜਾਵੇਗਾ ਤੇ ਚੇਲੇ ਨਿਥਾਵੇਂ ਤੇ ਨਿਓਟੇ ਹੋ ਦਰ-ਦਰ ਧੱਕੇ ਖਾਣਗੇ। ਰੱਬ ਕਰੇ ਉਹ ਇੰਗਲੈਂਡ ਹੀ ਰਹੇ। ਤੇ ਉਸ ਦੀ ਭੱਲ ਬਣੀ ਰਹੇ। ਐਥੇ ਕੀ ਹੈ ? ○

## ਦੋ ਗਜ਼ਲਾਂ/ਬਲਜਿੰਦਰ ਚੌਹਾਨ

### (1)

ਪਤਾ ਨ ਲੱਗਿਆ ਹੋਇਆ ਇਹ ਹਾਦਸਾ ਕਿੱਦਾਂ।
ਦਿਲਾਂ 'ਚ ਆ ਗਿਆ ਰਾਹਾਂ ਦਾ ਫ਼ਾਸਲਾ ਕਿੱਦਾਂ।

ਤਿਰੇ ਖਿਆਲ ਦੇ ਥਲ ਵਿਚ ਕਿਤੇ ਵੀ ਛਾਂ ਨ ਮਿਲੀ,
ਨ ਪੁੱਛ ਭਟਕਿਆ ਸੋਚਾਂ ਦਾ ਕਾਫ਼ਲਾ ਕਿੱਦਾਂ।

ਗਵਾਹ ਵੀ ਮੁੱਕਰੇ ਸਾਡੇ ਨ ਤੂੰ ਦਲੀਲ ਸੁਣੀ,
ਅਸਾਡੇ ਹੱਕ 'ਚ ਹੁੰਦਾ ਵੀ ਫ਼ੈਸਲਾ ਕਿੱਦਾਂ।

ਬਿਖਰ ਗਏ ਨੇ ਮਿਰੇ ਖ਼ਾਬ ਇਕ ਛਿਣ ਅੰਦਰ,
ਮਿਰੇ ਤੋਂ ਪੁੱਛ ਕਿ ਆਉਂਦਾ ਹੈ ਜ਼ਲਜ਼ਲਾ ਕਿੱਦਾਂ।

ਹੈ ਕੌਣ ਰੇਤ ਦਾ ਟਿੱਲਾ, ਚਟਾਨ ਕਿਹੜੀ ਹੈ,
ਹਨੇਰੀ ਬਾਝ ਇਹ ਹੋਵੇਗਾ ਫੈਸਲਾ ਕਿੱਦਾਂ।

### (2)

ਰੋਜ਼ ਹੀ ਪੀਣਾ ਪਏ ਇਸ ਨੂੰ ਪਿਆਲਾ ਜ਼ਹਿਰ ਦਾ।
ਹੋ ਗਿਆ ਸੁਕਰਾਤ ਹਰ ਇਕ ਆਦਮੀ ਇਸ ਸ਼ਹਿਰ ਦਾ।

ਠਹਿਰ ਨਾ ਜਾਵੀਂ ਕਿਤੇ ਸਾਹ ਲੈਣ ਨੂੰ, ਇਹ ਸੋਚ ਲੈ,
ਜੇ ਮੁਸਾਫ਼ਰ ਠਹਿਰ ਜਾਵੇ, ਕਾਫ਼ਲਾ ਨਹੀਂ ਠਹਿਰਦਾ।

ਰੋਜ਼ ਤੇਸਾ ਧਰ ਕੇ ਮੋਢੇ 'ਤੇ ਘਰੋਂ ਹਾਂ ਨਿਕਲਦੇ,
ਪਰ ਕਦੇ ਕੁਝ ਥਹੁ-ਪਤਾ ਮਿਲਿਆ ਨ ਦੁੱਧ ਦੀ ਨਹਿਰ ਦਾ।

ਦੂਰ ਤਕ ਬਿਖਰੇ ਹੋਏ ਪੱਤੇ ਕਹਾਂਣੀ ਕਹਿ ਰਹੇ,
ਮੈਂ ਸੁਣਾਵਾਂ ਕੀ ਭਲਾ ਕਿੱਸਾ ਹਵਾ ਦੇ ਕਹਿਰ ਦਾ।

ਏਸ ਅੰਦਰ ਹੁਣ ਰਵਾਨੀ ਹੈ ਨ ਹਲਚਲ ਹੈ ਕੋਈ,
ਦੇਖ ਆ ਕੇ, ਕੋਈ ਦਰਿਆ ਕਿਸ ਤਰ੍ਹਾਂ ਹੈ ਠਹਿਰਦਾ।

ਤੂੰ ਖੜੇ ਪਾਣੀ ਦੇ ਅੰਦਰ ਇਕ ਪੱਥਰ ਦਾ ਉਛਾਲ,
ਕੀ ਪਤਾ ਤੂਫਾਨ ਬਣ ਜਾਂਦਾ ਹੈ ਕਿਹੜੀ ਲਹਿਰ ਦਾ।

G-7/8 ਤਿਲਕ ਵਿਹਾਰ, ਨਵੀਂ ਦਿੱਲੀ



## ਦੋ ਗ਼ਜ਼ਲਾਂ/ਡਾ: ਸਿਕੰਦਰ ਭੱਟੀ

### (1)

ਕਿਨਾਰੇ ਖੁਰ ਗਏ ਲਹਿਰਾਂ ਨੇ ਮਾਤਮ ਕਰਦੀਆਂ ਮਿਲੀਆਂ।
ਮਲਾਹ ਤੇ ਬੇੜੀਆਂ ਥਾਂ-ਥਾਂ ਤੇ ਹੌਕੇ ਭਰਦੀਆਂ ਮਿਲੀਆਂ।
ਮੇਰੇ ਸੰਗ ਸਾਜ਼ਿਸ਼ਾਂ ਕਰਦਾ ਰਿਹਾ ਮੌਸਮ ਸਦਾ ਯਾਰੋ,
ਉਕਾਬਾਂ ਦੇ ਹੱਥੋਂ ਹੀ ਇਹ ਗੁਟਾਰਾਂ ਮਰਦੀਆਂ ਮਿਲੀਆਂ।
ਬੜੇ ਹੈਰਾਨ ਹੋਏ ਸਭ ਕਿ ਇਕ ਬੇਨੂਰ ਬਸਤੀ ਵਿਚ,
ਹਵਾਵਾਂ ਖੁਦ ਘਰਾਂ ਨੂੰ ਜਿਉਂ ਸੀ ਰੌਸ਼ਨ ਕਰਦੀਆਂ ਮਿਲੀਆਂ।
ਨਦੀ ਤਕ ਜਦ ਗਏ ਤਾਂ ਰੇਤ ਪੀ ਚੁੱਕੀ ਸੀ ਪਾਣੀ ਨੂੰ,
ਥਲਾਂ ਤਕ ਜਦ ਗਏ ਤਾਂ ਖ਼ਬਰਾਂ ਪਿਆਸੇ ਸਫ਼ਰ ਦੀਆਂ ਮਿਲੀਆਂ।

### (2)

ਸਰਵਰ ਨਜ਼ਰ ਦਾ ਹਵਸ ਨਾਲ ਇਓਂ ਮੈਲਾ ਹੋ ਗਿਆ।
ਹੋ ਗਿਆ ਹੈ ਇਸ਼ਕ ਜਿਸਮਾਂ ਦਾ ਸਿਲਸਿਲਾ ਹੋ ਗਿਆ।
ਲੋਕ ਰਾਜ ਮੁਲਕ ਦੀ ਹੋਣੀ, ਜੰਮਦਿਆਂ ਹਰ ਸ਼ਖ਼ਸ ਹੀ,
ਮੂੰਹ ਤੋਂ ਗੂੰਗਾ ਅਤੇ ਕੰਨਾਂ ਤੋਂ ਬਹਿਰਾ ਹੋ ਗਿਆ।
ਜਿਸ ਸ਼ਖ਼ਸ ਤੋਂ ਦਰਦ ਅਪਣਾ ਮੈਂ ਸਦਾ ਹੀ ਛੁਪਾਇਆ,
ਉਹ ਸ਼ਖ਼ਸ ਤਾਂ ਰੂਹ ਮੇਰੀ ਦਾ ਹਮਸਾਇਆ ਹੋ ਗਿਆ।
ਹਿਜਰ ਤੇਰੇ ਦਾ ਜ਼ਹਿਰ ਮੇਰੇ ਲਹੂ ਵਿਚ ਘੁਲ ਰਿਹੈ,
ਬੋਲ ਤੇਰੇ ਦਾ ਹਰ ਸ਼ਬਦ ਸੱਪ ਜਾਂ ਠੂੰਹਾ ਹੋ ਗਿਆ।
ਰੇਤ ਦਾ ਦਰਿਆ ਹੈ ਵਗਦਾ ਅਪਣੇ ਦੋਹਾਂ ਦੇ ਦਰਮਿਆਨ,
ਮੋਹ ਦਾ ਕਤਰਾ ਉਮਰ ਦੀ ਇਕ ਤ੍ਰਿਸ਼ਨਾ ਹੋ ਗਿਆ।

—ਸੈਦਪੁਰ ਰੋਡ, ਸ਼ਾਹਕੋਟ. (ਜਲੰਧਰ)

## ਗ਼ਜ਼ਲ/ਗੁਲਸ਼ਨ ਮਿਰਜ਼ਾਪੁਰੀ

ਚੰਦ ਸੂਰਜ ਵੀ ਉਨ੍ਹਾਂ ਤੇ ਰਸ਼ਕ ਨੇ ਕਰਦੇ ਰਹੇ।
ਸੂਲੀਆਂ ਦੀ ਮਾਂਗ ਵਿਚ ਜਿਹੜੇ ਲਹੂ ਭਰਦੇ ਰਹੇ।
ਜ਼ਿੰਦਗੀ ਭਰ ਨ੍ਹੇਰਿਆਂ ਦਾ ਸਾਥ ਦਿੱਤਾ ਹੈ ਉਨ੍ਹਾਂ,
ਜ਼ਿੰਦਗੀ ਭਰ ਤਬਸਰਾ ਚਾਨਣ ਦਾ ਜੋ ਕਰਦੇ ਰਹੇ।
ਤਿਤਲੀਆਂ ਤੇ ਭੌਰਿਆਂ ਦੇ ਉਹ ਬਣੇ ਹਮਦਰਦ ਸਨ,
ਫੁੱਲ ਕਲੀਆਂ ਤੇ ਸਦਾ ਅੰਗ ਰ ਉਹ ਧਰਦੇ ਰਹੇ।
ਉਹ ਤਾਂ ਲੱਕੜਹਾਰਿਆਂ ਦੀ ਟੋਲੀ ਨਿਕਲੀ ਅੰਤ ਨੂੰ,
ਬਾਗ ਦੇ ਸੰਗ ਦੋਸਤੀ ਦਾ ਜੋ ਸੀ ਦਮ ਭਰਦੇ ਰਹੇ।

ਪਿੰਡ + ਡਾ—ਸੰਗਲ ਸੋਹਲ, ਜਲੰਧਰ।

## ਦੋ ਗ਼ਜ਼ਲਾਂ/ਤ੍ਰੈਲੋਚਨ 'ਲੋਚੀ'

**(1)**

ਘਰਾਂ ਵਿਚ ਰੌਸ਼ਨੀ ਹੁੰਦੇ ਹੋਏ ਵੀ।
ਨਹੀਂ ਹੁੰਦਾ ਕੋਈ ਹੁੰਦੇ ਹੋਏ ਵੀ।

ਬੜਾ ਪਿਆਸਾ ਹਾਂ ਮੇਰੇ ਦੋਸਤੋ ਮੈਂ,
ਸ਼ਹਿਰ ਦੇ ਵਿਚ ਨਦੀ ਹੁੰਦੇ ਹੋਏ ਵੀ।

ਨਾ ਏਹੇ ਆਦਮੀ ਦੀ ਖ਼ੈਰ ਮੰਗੇ,
ਆਦਮੀ, ਆਦਮੀ ਹੁੰਦੇ ਹੋਏ ਵੀ।

ਕਿਉਂ ਮੈਨੂੰ ਆਪਣਾ-ਆਪਣਾ ਜਾਪਦਾ ਹੈ ?
ਉਹ ਬੰਦਾ ਅਜਨਬੀ ਹੁੰਦੇ ਹੋਏ ਵੀ।

ਸਦਾ ਮਿਲਦਾ ਹੈ 'ਲੋਚੀ' ਮੁਸਕਰਾਕੇ,
ਕਿ ਅੱਖਾਂ ਵਿਚ ਨਮੀ ਹੁੰਦੇ ਹੋਏ ਵੀ।

**(2)**

ਕੰਡਿਆਂ ਦੀ ਸੇਜ ਵਰਗੀ ਹੈ ਦਿਲਾ ਏਹ ਜ਼ਿੰਦਗੀ,
ਸਮਝ ਨਾ ਬੈਠੀਂ ਤੂੰ ਇਸਨੂੰ ਢਾਕੇ ਦੀ ਮਲਮਲ ਜਹੀ।

ਚੀਕ ਨੂੰ ਜੋ ਆਖਦਾ ਹੈ, ਆਖਦਾ ਹੈ ਬਾਂਸੁਰੀ,
ਹੋ ਨਹੀਂ ਸਕਦਾ ਕਦੇ ਵੀ ਦੋਸਤੋ ਉਹ ਆਦਮੀ।

ਕੌਣ ਕੰਧਾਂ ਹੈ ਬਣਾਉਂਦਾ ਦੋ ਦਿਲਾਂ ਦੇ ਦਰਮਿਆਨ ?
ਕੌਣ ਚੰਦਰਾ ਦੇ ਰਿਹੈ ਚੰਚਲ ਨਿਗਾਹਾਂ ਨੂੰ ਨਮੀ ?

ਸੌਂ ਗਿਆ ਉਹ ਤਾਣ ਲੰਮੀ ਬੂਹੇ ਸਾਰੇ ਭੇੜਕੇ,
ਜਾਂਦੀ ਵੀ ਤਾ ਜਾਂਦੀ ਯਾਰੋ ਕਿੱਧਰ ਦੀ ਏਹ ਰੌਸ਼ਨੀ ?

ਤੂੰ ਕਦੇ ਪੱਥਰ ਸੀ ਹੁੰਦਾ 'ਲੋਚੀਆ' ਸਭ ਨੂੰ ਪਤੈ,
ਪਰ ਅਦੀਬਾਂ ਨਾਲ ਰਹਿਕੇ ਬਣ ਗਿਆ ਤੂੰ ਆਦਮੀ।

(ਕੋਟਕਪੂਰਾ ਰੋਡ, ਮੁਕਤਸਰ, 152026)



## ਗ਼ਜ਼ਲ/ਗੁਰਜੀਤ ਸਹੋਤਾ

ਹਰ ਜਣੇ ਦੀ ਸੋਚ ਨੂੰ ਬਸ ਖਾ ਰਿਹੈ ਇਕ ਤੌਖ਼ਲਾ।
ਵੈਣ, ਚੀਕਾਂ, ਹਉਕਿਆਂ ਦਾ ਮੁੱਕਣੈ ਕਦ ਸਿਲਸਿਲਾ।

ਬਿਜਲੀਆਂ ਨੇ ਫੂਕ ਸੁੱਟੇ ਆਲ੍ਹਣੇ ਬੋਟਾਂ-ਸਣੇ,
ਪੰਛੀਆਂ ਵਿਚ ਫੇਰ ਵੀ ਪਰ ਜਿਉਣ ਦੀ ਹੈ ਲਾਲਸਾ।

ਉਹ ਇਕੱਲਾ ਹੀ ਸਮੁੰਦਰ ਤਰਨ ਲਈ ਸੀ ਤੁਰ ਪਿਆ,
ਦੇਖ ਕੇ ਛੱਲਾਂ ਦਾ ਏਕਾ ਹੁਣ ਘਰਾਂ ਨੂੰ ਪਰਤਿਆ।

ਜੋਸ਼ ਹੈ, ਜਜ਼ਬਾਤ ਹੈ ਪਰ ਹੋਸ਼ ਇਸ ਦੇ ਗੁੰਮ ਨੇ,
ਸੇਧ-ਹੀਣਾ, ਬੇ-ਨਿਸ਼ਾਨਾ ਜਾ ਰਿਹਾ ਹੈ ਕਾਫ਼ਿਲਾ।

ਆਪ ਹੀ ਜੰਗਲ ਦੀ ਰਾਖੀ ਬਾਜ਼ ਦੇ ਹੱਥ ਸੌਂਪ ਕੇ,
ਹੁਣ ਕਬੂਤਰ ਆਖਦੇ ਨੇ ਭੁੱਲ ਗਏ ਹਾਂ ਗੁਟਕਣਾ।

ਤੁਰ ਪਏ ਹਾਂ ਦੋਸਤੋ ! ਤਲੀਆਂ ਤੇ ਦੀਵੇ ਬਾਲ ਕੇ,
ਪਰਖਿਆ ਜਾਣੈਂ ਉਨ੍ਹਾਂ ਦਾ ਜ਼ੋਰ, ਸਾਡਾ ਹੌਸਲਾ।

(ਸਰਕਾਰੀ ਹਾਈ ਸਕੂਲ, ਪੁੜੈਲ, ਲੁਧਿਆਣਾ)

## ਗ਼ਜ਼ਲ/ਸ਼ਮਸ਼ੇਰ ਸਿੰਘ ਮੋਹੀ

ਸੁਪਨਿਆਂ ਅੰਦਰ ਵੀ ਖ਼ੌਫ਼ ਪਾਉਂਦੀਆਂ ਨੇ ਸਾਜ਼ਿਸ਼ਾਂ।
ਪਹੁ ਫੁਟਾਲੇ ਤੋਂ ਵੀ ਪਹਿਲਾਂ ਆਉਂਦੀਆਂ ਨੇ ਸਾਜ਼ਿਸ਼ਾਂ।

ਪਹਿਨ ਕੇ ਅਗਨੀ ਦੇ ਵਸਤਰ ਆਉਂਦੀਆਂ ਨੇ ਸਾਜ਼ਿਸ਼ਾਂ।
ਕਤਲਗਾਹਾਂ ਤੀਕ ਵੀ ਪਹੁੰਚਾਉਂਦੀਆਂ ਨੇ ਸਾਜ਼ਿਸ਼ਾਂ।

ਮੁਸ਼ਕਿਲਾਂ ਸੰਗ ਆਸ ਦੀ ਜਦ ਵੀ ਬਣਾਵਾਂ ਝੌਂਪੜੀ,
ਆਲ੍ਹਣ ਥਾਂ ਥਾਂ ਉਦ੍ਹੇ ਵਿਚ ਪਾਉਂਦੀਆਂ ਨੇ ਸਾਜ਼ਿਸ਼ਾਂ।

ਸੋਚ ਕੇ ਮੇਰੇ ਲਈ ਘੜਦੈਂ ਤੂੰ ਭਾਵੇਂ ਸਾਰੀਆਂ,
ਚੈਨ ਤੇਰੇ ਨੂੰ ਵੀ ਖੋਰਾਂ ਲਾਉਂਦੀਆਂ ਨੇ ਸਾਜ਼ਿਸ਼ਾ।

ਪਾਣੀਆਂ ਨੂੰ ਪਾਣੀਆਂ ਨਾਲੋਂ ਅਲਹਿਦਾ ਕਰਦੀਆਂ,
ਖ਼ੂਨ ਦੇ ਦਰਿਆ 'ਚ ਐਪਰ ਨ੍ਹਾਉਂਦੀਆਂ ਨੇ ਸਾਜ਼ਿਸ਼ਾਂ।

ਮੋਹ, ਮੁਹੱਬਤ ਦੀ ਫ਼ਿਜ਼ਾ ਆਉਂਦੀ ਇਨ੍ਹਾਂ ਨੂੰ ਰਾਸ ਨਹੀਂ,
ਦਹਿਸ਼ਤਾਂ ਦੇ ਦੌਰ ਵਿਚ ਲਹਿਰਾਉਂਦੀਆਂ ਨੇ ਸਾਜ਼ਿਸ਼ਾਂ।

1038 Type II, ਨੂਹੋਂ ਕਾਲੋਨੀ, ਡਾ: ਘਨੌਲੀ, ਰੋਪੜ।

## ਗ਼ਜ਼ਲ/ਕਸ਼ਮੀਰ ਨੀਰ

ਸ਼ਹਿਰ ਵਿਚ ਤਖ਼ਤ ਵਾਲੇ ਸਨ ਤੇ ਜਾਂ ਸਨ ਤਖ਼ਤਿਆਂ ਵਾਲੇ।
ਕਿਸੇ ਦੀ ਕਾਰ ਕੋਠੀ ਸੀ ਤੇ ਕੁਝ ਸਨ ਰਿਕਸ਼ਿਆਂ ਵਾਲੇ।

ਮਹੀਨਾ ਤਿੰਨ ਰੁਪੈ ਸੇਠਾਂ ਦੀ ਰੀਤੀ ਸੂਦ ਸੀ ਸੌ ਨੂੰ,
ਕਿ ਰਾਤੀਂ ਨੀਂਦ ਨਾ ਪੈਂਦੀ ਦੁਖੀ ਸਨ ਕਰਜ਼ਿਆਂ ਵਾਲੇ।

ਵਕਤ-ਦੋ ਢਿੱਡ ਨਾ ਤੁਰਦਾ ਸੀ ਰਿਸ਼ਤੇਦਾਰੀਆਂ ਤੁਰੀਆਂ,
ਕਿਵੇਂ ਧੀ ਪੁੱਤ ਵਿਆਂਹੁੰਦੇ ਰੇੜ੍ਹੀਆਂ ਤੇ ਖੋਖਿਆਂ ਵਾਲੇ।

ਜਵਾਨੀ ਗੀਤ ਗਾਉਂਦੀ, ਪਿਆਰ ਕਰਦੀ, ਪਾਲਦੀ ਨਫ਼ਰਤ,
ਫ਼ਿਕਰ ਬੱਚਿਆਂ ਦੀ ਰੋਜ਼ੀ ਦਾ ਸੀ, ਬਾਪੂ ਸੰਸਿਆਂ ਵਾਲੇ।

ਬੜੇ ਬੇ-ਰਹਿਮ ਮੌਸਮ ਸਨ ਫ਼ਸਲ ਲਈ ਏਸ ਧਰਤੀ ਦੇ,
ਜੋ ਪਹਿਲਾਂ ਸੋਕਿਆਂ ਵਾਲੇ ਤੇ ਮਗਰੋਂ ਡੋਬਿਆਂ ਵਾਲੇ।

ਨਹੀਂ ਸਨ ਆਦਮੀ, ਹਾਕਮ ਦਰਿੰਦੇ ਤੇ ਡਰਾਉਣੇ ਸਨ,
ਕਿ ਖਾ ਗਏ ਮਾਤ ਟੋਪੀ ਤੋਂ ਵਿਦੇਸ਼ੀ ਟੋਪਿਆਂ ਵਾਲੇ।

ਆਰੂੜੀ ਪਾ ਰਿਹਾ ਖੇਤਾਂ 'ਚ ਐਮ. ਏ. ਪਾਸ ਮੁੰਡਾ ਸੀ,
ਤੇ ਅਨਪੜ੍ਹ ਪੂਰਬੀਏ ਸਨ ਨਾਲ ਪਾਟੇ ਲੀੜਿਆਂ ਵਾਲੇ।

ਸਤਾਏ ਇਸ ਸ਼ਹਿਰ ਦੇ 'ਨੀਰ' ਹਥ ਬਾਰੂਦ ਫੜ ਬੈਠੇ,
ਸੁਆਹ ਆਪਣੇ ਹੀ ਘਰ ਕਰ ਗਏ ਉਹ ਚਿੱਟੇ ਚੋਲਿਆਂ ਵਾਲੇ।

## ਗ਼ਜ਼ਲ/ਅਜੀਤ ਸਿੰਘ ਆਸ

ਉਹ ਭਾਸ਼ਾ ਪੜ੍ਹ ਕੇ ਜੰਗਲ ਦੀ, ਬੜਾ ਸੀ ਗੁੜ੍ਹ ਗਿਆ ਪੰਛੀ।
ਜਦੋਂ ਤੱਕਿਆ ਸ਼ਿਕਾਰੀ, ਉਸ ਵੇਲੇ ਉਡ ਗਿਆ ਪੰਛੀ।

ਚੁਗਣ ਲਈ ਚੋਗ ਉਹ, ਗਾਹੁੰਦਾ ਰਿਹਾ, ਧਰਤੀ ਤੇ ਅੰਬਰ ਵੀ,
ਰੋਜ਼ ਹੀ ਆਲ੍ਹਣੇ ਨੂੰ ਆਥਣੇ, ਪਰ, ਮੁੜ ਗਿਆ ਪੰਛੀ।

ਸਦਾ ਹੀ ਮੂੰਹ 'ਚ ਬੋਟਾਂ ਦੇ, ਉਹ ਰੱਜਵਾਂ ਅੰਨ ਪਾਉਂਦਾ ਸੀ,
ਫਾਕਾ ਆਪ ਕੱਟਿਆ, ਜਦ ਕਦੇ ਵੀ, ਥੁੜ ਗਿਆ ਪੰਛੀ।

ਬ੍ਰਿਖ ਸਨ ਉਸ ਦਾ ਜੀਵਨ, ਉਹਦਾ ਨਿਹਚਾ, ਉਹਦੀ ਦੁਨੀਆਂ,
ਇਹਨਾਂ ਦੇ ਨਾਲ, ਪਹਿਲਾਂ ਜਨਮ ਤੋਂ ਸੀ, ਜੁੜ ਗਿਆ ਪੰਛੀ।

ਜਿਹਦੇ 'ਤੇ ਆਹਲਣਾ ਸੀ, ਰੁੱਖੜਾ ਸੀ, ਨਦੀ ਦੇ ਕੰਢੇ,
ਸਣੇ ਰੁੱਖ, ਆਹਲਣੇ, ਸੁੱਤਾ ਪਿਆ ਹੀ, ਰੁੜ੍ਹ ਗਿਆ ਪੰਛੀ।

ਉੱਪਲ ਵਿਲਾ, ਗੇਟ ਹਕੀਮਾਂ, ਅੰਮ੍ਰਿਤਸਰ।





## ਗਰੀਬਾਂ, ਦੁੱਖਾਂ ਮਾਰੇ ਅਤੇ ਬਹਾਦਰ ਲੋਕਾਂ ਦੀ ਕਵਿਤਾ*

(ਅਨੁਵਾਦਕ ਹਰਭਜਨ ਸਿੰਘ ਹੁੰਦਲ)

ਪੰਜਾਬੀ ਦੇ ਮਹੱਤਵਪੂਰਣ ਕਵੀ ਹਰਭਜਨ ਸਿੰਘ ਹੁੰਦਲ ਨੇ ਆਪਣੀ ਸਿਰਜਣਾ ਨਾਲ ਤਾਂ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਹੀ ਹੈ, ਇਸਦੇ ਨਾਲ ਨਾਲ ਵਿਸ਼ਵ ਦੀ ਮਹਾਂਨ ਪ੍ਰਗਤੀ-ਸ਼ੀਲ ਕਵਿਤਾ ਨੂੰ ਪੰਜਾਬੀ ਵਿਚ ਢਾਲ ਕੇ ਵੀ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਅਮੀਰੀ ਬਖਸ਼ੀ ਹੈ। ਇਸ ਸਿਲਸਿਲੇ ਵਿਚ 1996 ਵਿਚ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਚੰਡੀਗੜ੍ਹ ਵਲੋਂ ਹੁੰਦਲ ਵਲੋਂ ਅਨੁਵਾਦਤ ਚਿੱਲੀ ਦੇ ਮਹਾਨ ਕਵੀ ਪਾਬਲੋ ਨੇਰੂਦਾ ਦੀਆਂ 'ਕੁੱਝ ਕਵਿਤਾਵਾਂ' ਛਾਪੀਆਂ ਗਈਆਂ ਹਨ, ਜੋ ਪ੍ਰਬੁੱਧ ਪੰਜਾਬੀ ਪਾਠਕਾਂ ਦੇ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ।

ਹਰਭਜਨ ਸਿੰਘ ਹੁੰਦਲ ਇਸ ਤੋਂ ਪਹਿਲਾਂ ਰੂਸ ਦੇ ਮਹਾਨ ਇਨਕਲਾਬੀ ਕਵੀ ਮਾਇਆਕੋਵਸਕੀ ਦੀਆਂ ਕਵਿਤਾਵਾਂ ਪੰਜਾਬੀ ਪਾਠਕਾਂ ਸਾਹਮਣੇ ਪੇਸ਼ ਕਰ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਬਰਤੋਲਤ ਬ੍ਰੈਖਤ ਨਾਜ਼ਿਮ ਹਿਕਮਤ, ਮਹਿਮੂਦ ਦਰਵੇਸ਼ ਤੇ ਯੇਸੇਨਿਨ ਵਰਗੇ ਹੋਰ ਮਹਾਨ ਵਿਸ਼ਵ ਕਵੀਆਂ ਨੂੰ ਵੀ ਪੰਜਾਬੀ ਵਿਚ ਪੇਸ਼ ਕਰਨ ਵਾਲੇ ਹਨ। ਉਹਨਾਂ ਦੀ ਅਨੁਵਾਦ ਲਈ ਕਵੀਆਂ ਦੀ ਚੋਣ ਤੋਂ ਇਹ ਬਿਲਕੁਲ ਸਪੱਸ਼ਟ ਹੈ ਕਿ ਉਹ ਇਸ ਕਵਿਤਾਂ ਦਾ ਅਨੁਵਾਦ ਕਿਸੇ ਆਰਥਕ ਜਾਂ ਵਿਵਹਾਰਕ ਪ੍ਰੇਰਣਾ ਤੋਂ ਨਹੀਂ, ਸਗੋਂ ਵਿਸ਼ਵ ਦੀ ਮਹਾਨ ਮਾਨਵਤਾਵਾਦੀ ਤੇ ਪ੍ਰਗਤੀਸ਼ੀਲ ਪਰੰਪਰਾ ਦੀ ਸਭ ਤੋਂ ਉਚ ਕੋਟੀ ਦੀ ਕਵਿਤਾ ਨੂੰ ਪੰਜਾਬੀ ਪਾਠਕਾਂ ਨਾਲ ਸਾਂਝਾ ਕਰਕੇ, ਪੰਜਾਬੀ ਸਾਹਿਤ, ਸਮਾਜ ਤੇ ਸਭਿਆਚਾਰ ਨੂੰ ਵੱਧ ਨਰੋਆ ਤੇ ਸਿਹਤਮੰਦ ਬਣਾਉਣ ਦੀ ਪ੍ਰਤੀਬੱਧ ਭਾਵਨਾ 'ਚੋਂ ਇਹ ਕਾਰਜ ਕਰ ਰਹੇ ਹਨ, ਭਾਵੇਂ ਕਿ ਇਹ ਕਾਰਜ ਕਰਦਿਆਂ ਉਹਨਾਂ ਨੂੰ ਆਪਣੀ ਚੇਤਨਾ ਨਾਲ ਇਸ ਕਵਿਤਾ ਦੀ ਸਾਂਝ ਹੋਣ ਕਰਕੇ ਡੂੰਘੀ ਤਸੱਲੀ ਤੇ ਆਨੰਦ ਦਾ ਅਹਿਸਾਸ ਵੀ ਜ਼ਰੂਰ ਹੁੰਦਾ ਹੋਵੇਗਾ।

ਪਾਬਲੋ ਨੇਰੂਦਾ ਬਾਰੇ ਪੰਜਾਬੀ ਲੇਖਕ ਜਾ ਪ੍ਰਬੁੱਧ ਪਾਠਕ ਕਿਸੇ ਪਛਾਣ ਦਾ ਮੋਹਤਾਜ ਨਹੀਂ। ਚਿਲੀ ਦਾ ਸਪੇਨੀ ਭਾਸ਼ਾ ਦਾ ਇਹ ਮਹਾਨ ਕਵੀ ਕੋਈ ਵੀਹ ਤੋਂ ਵੱਧ ਕਾਵਿ-ਸੰਗ੍ਰਹਿਆਂ ਦਾ ਕਰਤਾ ਤਾਂ ਹੈ ਹੀ ਉਹ ਆਪਣੀਆਂ 'ਯਾਦਾਂ' ਕਰਕੇ ਵੀ ਪ੍ਰਸਿੱਧ ਹੈ। ਕਈ ਦੇਸ਼ਾਂ ਵਿਚ ਆਪਣੇ ਦੇਸ਼ ਦਾ ਸਫ਼ੀਰ ਰਿਹਾ ਹੈ। 1971 ਵਿਚ ਉਸਨੂੰ ਨੋਬਲ ਪੁਰਸਕਾਰ ਮਿਲਿਆ ਅਤੇ ਅਮਰੀਕੀ ਸਾਮਰਾਜ ਵਲੋਂ ਚਿਲੀ ਵਿਚ ਅਲੈਂਦੇ ਦੀ ਪਹਿਲੀ ਸਮਾਜਵਾਦੀ ਸਰਕਾਰ ਨੂੰ ਪਿੰਚੋਤੇ ਦੀ ਫੌਜੀ ਜੁੰਡਲੀ ਵਲੋਂ ਉਲਟਵਾਏ ਜਾਣ ਦੇ ਬਾਰਾਂ ਦਿਨਾਂ ਬਾਅਦ ਹੀ ਅਲੈਂਦੇ ਦਾ ਮਿੱਤਰ ਨੇਰੂਦਾ ਵੀ 69 ਵਰ੍ਹਿਆਂ ਦੀ ਉਮਰ ਵਿਚ ਸੰਸਾਰ ਨੂੰ ਵਿਦਾ ਕਹਿ ਗਿਆ ਸੀ। ਚਿਲੀ ਦੇ ਰਾਸ਼ਟਰਪਤੀ ਅਲੈਂਦੇ ਨੂੰ ਫੌਜੀ ਜੁੰਡਲੀ ਨੇ ਬੰਦੂਕਾਂ ਨਾਲ ਮੁਕਾਇਆ ਸੀ ਅਤੇ ਨੇਰੂਦਾ ਦਾ ਕਤਲ ਇਸਨੇ ਸਾਰੇ ਮੁਲਕ ਦੇ ਸਾਹ ਘੁੱਟਣ ਨਾਲ ਕਰ ਦਿੱਤਾ ਸੀ, ਕਿਉਂਕਿ 'ਗਰੀਬਾਂ' ਦੁੱਖਾ

ਮਾਰੇ ਅਤੇ ਬਹਾਦਰ ਸੰਘਰਸ਼ ਕਰਦੇ ਲੋਕਾਂ ਦਾ ਕਵੀ ਆਪਣੇ ਲੋਕਾਂ ਦੇ ਨਾਲ ਹੀ ਜੀਵ-ਮਰਨ ਵਿਚ ਵਿਸ਼ਵਾਸ਼ ਕਰਦਾ ਸੀ।

ਪਾਬਲੋ ਨੇਰੂਦਾ ਨਾ ਸਿਰਫ ਸੰਘਰਸ਼ ਅਤੇ ਇਨਕਲਾਬ ਦਾ ਕਵੀ ਸੀ, ਉਹ ਜ਼ਿੰਦਗੀ ਦੇ ਹਰ ਰੂਪ ਦਾ ਕਵੀ ਸੀ। ਵੀਹ ਪਿਆਰ ਕਵਿਤਾਵਾਂ ਦੀ ਉਸਦੀ ਪੁਸਤਕ ਦੁਨੀਆਂ ਵਿਚ ਕਵਿਤਾ ਦੀਆਂ ਸਭ ਤੋਂ ਵੱਧ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਵਿਚੋਂ ਇਕ ਹੈ। 'ਅੱਜ ਦੀ ਰਾਤ ਮੈਂ ਲਿਖ ਸਕਦਾ' ਉਸਦੀ ਇਹ ਕਵਿਤਾ ਅੱਜ ਵੀ ਦੁਨੀਆਂ ਦੇ ਹਰ ਕਵਿਤਾ ਪ੍ਰੇਮੀ ਦੀ ਜ਼ੁਬਾਨ ਤੇ ਇਉਂ ਗੁਣ ਗਣਾਉਂਦੀ ਨਜ਼ਰ ਆਉਂਦੀ ਹੈ, ਜਿਵੇਂ ਇਹ ਕਵਿਤਾ ਕੱਲ੍ਹ ਹੀ ਲਿਖੀ ਗਈ ਹੋਵੇ। ਪਰ ਨੇਰੂਦਾ ਨੇ 'ਮਾਚੂ-ਪਿਚੂ ਦੇ ਸ਼ਿਖਰ' ਵਰਗੀਆਂ ਮਹਾਕਾਵਿਕ ਕਵਿਤਾਵਾਂ ਵੀ ਰਚੀਆਂ ਹਨ। ਹੁੰਦਲ ਨੇ ਨੇਰੂਦਾ ਦੀਆਂ ਇੰਨੀਆਂ ਸਾਰੀਆਂ ਕਵਿਤਾਵਾਂ ਵਿਚੋਂ 55 ਕਵਿਤਾਵਾਂ ਚੁਣ ਕੇ ਪੰਜਾਬੀ ਪਾਠਕਾਂ ਨਾਲ ਆਪਣੇ ਅਨੁਵਾਦ ਵਿਚ ਸਾਂਝੀਆਂ ਕੀਤੀਆਂ ਹਨ। ਜ਼ਾਹਰ ਹੈ ਕਿ ਅਨੁਵਾਦ ਲਈ ਕਵਿਤਾ ਚੁਨਣ ਦੇ ਅਨੁਵਾਦਕ ਦੇ ਆਪਣੇ ਤਰਕ ਹੁੰਦੇ ਹਨ।

ਆਮ ਤੌਰ ਤੇ ਨੇਰੂਦਾ ਦੀਆਂ ਇਥੇ ਮੁਕਾਬਲਤਨ ਛੋਟੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਹਨ, ਪਰ ਨੇਰੂਦਾ ਦੀਆਂ ਸਭ ਤੋਂ ਵੱਧ ਚਰਚਤ ਕਵਿਤਾਵਾਂ ਨੂੰ ਪੇਸ਼ ਕਰਨਾ ਅਨੁਵਾਦਕ ਨਹੀਂ ਭੁੱਲਿਆ, ਜਿਵੇਂ 'ਅੱਜ ਦੀ ਰਾਤ ਮੈਂ ਲਿਖ ਸਕਦਾ', 'ਟੀਨਾ ਮੋਦੋਤੀ ਦਾ ਮਰਸੀਆ' ਆਦਿ। ਇਸ ਸਮੀਖਿਆਕਾਰ ਨੂੰ ਨੇਰੂਦਾ ਦੀਆ ਕਵਿਤਾਵਾਂ ਅੰਗਰੇਜ਼ੀ ਵਿਚ ਪੜ੍ਹਿਆਂ ਕਾਫ਼ੀ ਵਕਤ ਹੋ ਗਿਆ, ਇਸ ਲਈ ਇਥੇ ਪੰਜਾਬੀ ਅਨੁਵਾਦ ਦੀ ਅੰਗਰੇਜ਼ੀ ਨਾਲ ਮਿਲਾਕੇ ਤੁਲਨਾ ਤਾਂ ਸੰਭਵ ਨਹੀਂ, ਪਰ ਇਨ੍ਹਾਂ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਅਨੁਵਾਦ ਨੇ ਨੇਰੂਦਾ ਦੀਆਂ ਬਹੁਤ ਪਹਿਲਾਂ ਪੜ੍ਹੀਆਂ ਉਹਨਾਂ ਕਵਿਤਾਵਾਂ ਦੀ ਯਾਦ ਵਿਚ ਤਾਜ਼ਾ ਕਰ ਦਿੱਤੀ ਹੈ। ਇਹਨਾਂ ਕਵਿਤਾਵਾਂ ਦੇ ਪੰਜਾਬੀ ਅਨੁਵਾਦ ਬਾਰੇ ਇਹ ਗੱਲ ਵੀ ਵਿਸ਼ਵਾਸ਼ ਨਾਲ ਕਹੀ ਜਾ ਸਕਦੀ ਹੈ ਕਿ ਇਹਨਾਂ ਕਵਿਤਾਵਾਂ ਦੇ ਪੰਜਾਬੀ ਰੂਪ ਲਈ ਵਰਤੀ ਭਾਸ਼ਾ ਸ਼ੈਲੀ ਅਤੇ ਮੁਹਾਵਰਾ ਕਾਫ਼ੀ ਸਹਿਜ ਹੈ ਅਤੇ ਕਿੱਲ੍ਹ ਕੇ ਕੀਤੇ ਅਨੁਵਾਦ ਦਾ ਪ੍ਰਭਾਵ ਨਹੀਂ ਦਿੰਦਾ। ਅਨੁਵਾਦ ਦੀ ਇਸ ਸਹਿਜਤਾ ਦੇ ਦੋ ਕਾਰਣ ਹੋ ਸਕਦੇ ਹਨ, ਪਹਿਲਾ ਅਨੁਵਾਦਕ ਦਾ ਨਾ ਸਿਰਫ ਆਪ ਕਵੀ ਹੋਣਾ, ਸਗੋਂ ਪ੍ਰਗਤੀਸ਼ੀਲ ਧਾਰਾ ਦਾ ਕਵੀ ਹੋਣਾ, ਦੂਜੇ ਜਿਸ ਕਵੀ ਦਾ ਅਨੁਵਾਦਕ ਅਨੁਵਾਦ ਕਰ ਰਿਹਾ ਹੈ, ਉਸ ਕਵੀ ਤੋਂ ਅਤੇ ਉਸਦੀ ਕਵਿਤਾ ਤੋਂ ਡੂੰਘੇ ਰੂਪ ਵਿਚ ਪ੍ਰਭਾਵਤ ਹੋਣਾ ਅਤੇ ਉਸ ਕਵਿਤਾ ਨਾਲ ਆਪਣੀ ਆਤਮਕ ਸਾਂਝ ਮਹਿਸੂਸ ਕਰਨੀ। ਦੁਨੀਆਂ ਦਾ ਕੋਈ ਵੀ ਕੰਮ, ਵਿਸ਼ੇਸ਼ ਕਰਕੇ ਸਿਰਜਣਾਤਮਿਕ ਖੇਤਰ ਦਾ, ਬਿਨਾਂ ਆਤਮਿਕ ਲਗਾਅ ਤੋਂ ਵਧੀਆ ਨਹੀਂ ਹੋ ਸਕਦਾ ਅਤੇ ਅਨੁਵਾਦਕ ਦੇ ਆਤਮਿਕ ਲਗਾਅ ਕਾਰਣ ਹੀ, ਯੂਨੀਵਰਸਿਟੀਆਂ ਦੇ ਹੰਕਾਰੀ ਤੇ ਖੋਖਲੇ ਕਾਰੀਡੋਰਾਂ ਵਿਚੋਂ ਬਿਨਾਂ ਲੰਘਿਆ ਹੀ ਇਹ ਉੱਤਮ ਕਵਿਤਾ ਪੰਜਾਬੀ ਪਾਠਕਾਂ ਸਾਹਮਣੇ ਆ ਸਕੀ ਹੈ, ਭਾਵੇਂ ਕਿ ਛਿਟ-ਪੁਟ ਰੂਪ ਵਿਚ ਮੈਗਜ਼ੀਨਾ ਰਾਹੀਂ ਪਹਿਲਾ ਵੀ ਪੰਜਾਬੀ ਪਾਠਕਾਂ ਨੇ ਇਹਨਾਂ ਵਿਚੋਂ ਕੁਝ ਕਵਿਤਾਵਾਂ ਦਾ ਅਨੰਦ ਮਾਣਿਆ ਹੋਵੇ।

ਪਾਬਲੋ ਨੇਰੂਦਾ ਉਹਨਾ ਕਵੀਆਂ ਵਿਚੋਂ ਇਕ ਹੈ, ਜਿਸ ਦਾ ਪ੍ਰਭਾਵ ਪੰਜਾਬੀ ਕਵੀਆਂ ਤੇ ਖਾਸ ਕਰ ਪ੍ਰਗਤੀਵਾਦੀ ਪੰਜਾਬੀ ਕਵੀਆਂ ਨੇ ਸਭ ਤੋਂ ਵੱਧ ਕਬੂਲਿਆ ਹੈ। ਸੱਤਰਵਿਆਂ ਤੋਂ



ਬਾਅਦ ਦੀ ਪੀੜ੍ਹੀ ਦੇ ਕਵੀ ਤਾਂ ਨੇਰੂਦਾ ਦੇ ਮੁਰੀਦ ਹੀ ਸਨ। ਨੇਰੂਦਾ ਦੀ ਕਵਿਤਾ ਦੇ ਪੰਜਾਬੀ ਅਨੁਵਾਦ ਤੋਂ ਇਸ ਪ੍ਰਭਾਵ ਦਾ ਅਤੇ ਇਸ ਪ੍ਰਭਾਵ ਦੇ ਕਾਰਣਾ ਦਾ ਹੋਰ ਵੀ ਸਪੱਸ਼ਟ ਅਨੁਮਾਨ ਕੀਤਾ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਪਾਸ਼ ਦੀ ਕਵਿਤਾ ਕਿਵੇਂ ਸਭ ਤੋਂ ਵੱਧ ਨੇਰੂਦਾ ਤੋਂ ਪ੍ਰਭਾਵਤ ਹੈ, ਇਹ ਇਸ ਕਵਿਤਾ ਤੋਂ ਦੇਖਿਆ ਜਾ ਸਕਦਾ। ਜਿਸ ਖੁੱਲ੍ਹ ਨਾਲ ਪਾਸ਼ ਨੇ ਮਰਦ-ਔਰਤ ਦੇ ਪਿਆਰ ਨੂੰ ਆਪਣੀ ਕਵਿਤਾ ਵਿਚ ਪੇਸ਼ ਕੀਤਾ ਹੈ, ਉਸ ਪਿੱਛੇ ਕਿਤੇ ਨਾ ਕਿਤੇ ਨੇਰੂਦਾ ਦੀ ਕਵਿਤਾ ਦਾ ਅਸਰ ਵੀ ਝਲਕਦਾ ਹੈ। ਇਸੇ ਤਰ੍ਹਾਂ ਪਾਸ਼ ਦੇ ਬਿਲਕੁਲ ਤਾਜ਼ਾ, ਨਰੋਏ ਤੇ ਨਵੇਕਲੇ ਬਿੰਬਾਂ ਦੀ ਸਿਰਜਣਾ ਪਿੱਛੇ ਵੀ ਨੇਰੂਦਾ ਦੀ ਕਵਿਤਾ ਦੀ ਅੰਤਰਪ੍ਰੇਰਣਾ ਝਲਕਦੀ ਹੈ। ਨੇਰੂਦਾ ਦੀ ਕਵਿਤਾ ਦੇ ਬਿੰਬ ਇਨੇ ਬਹੁਰੰਗੇ, ਜੀਵਨ ਦੇ ਵਲਵਲਿਆਂ ਨਾਲ ਭਰ-ਪੂਰ ਹਨ ਕਿ ਉਸਦੀ ਕਵਿਤਾ ਪਾਠਕ ਦੇ ਮਨ ਨੂੰ ਇਕਦਮ ਜਕੜ ਲੈਂਦੀ ਹੈ। ਲਗਭਗ ਇਹੋ ਵਿਸ਼ੇਸ਼ਤਾ ਪਾਸ਼ ਦੀ ਕਵਿਤਾ ਦੀ ਹੈ। ਪਰ ਪਾਸ਼ ਦੀ ਕਵਿਤਾ ਦੇ ਬਿੰਬ ਭਾਰਤੀ ਜਾਂ ਪੰਜਾਬੀ ਆਲੇ-ਦੁਆਲੇ ਵਿਸ਼ੇਸ਼ ਕਰਕੇ ਪੇਂਡੂ ਆਲ-ਦੁਆਲੇ ਵਿਚੋਂ ਅਤੇ ਨੇਰੂਦਾ ਦੇ ਬਿੰਬ ਲਾਤੀਨੀ ਅਮਰੀਕਾ ਦੇ ਆਲੇ-ਦੁਆਲੇ ਨੂੰ ਰੂਪਮਾਨ ਕਰਦੇ ਹਨ।

ਪਰ ਨੇਰੂਦਾ ਦੀ ਕਵਿਤਾ ਦੀ ਸ਼ਕਤੀ ਅਤੇ ਭਾਰਤੀ ਕਵਿਤਾ ਦੀ ਸ਼ਕਤੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਇਹ ਫਰਕ ਸਾਡੇ ਸਮਾਜ ਵਿਚ ਸਾਹਿਤਕ ਚੇਟਕ ਦੀ ਕਮੀ ਕਰਕੇ ਹੈ। ਨੇਰੂਦਾ ਦੀ ਕਵਿਤਾ ਸੁਣਕੇ ਚਿਲੀ ਦੇ ਬੋਰੀਆਂ ਪਹਿਨੇ ਅੱਧ ਨੰਗੇ ਮਜ਼ਦੂਰ ਵੀ ਝੂਮਣ ਤੇ ਰੋਣ ਲਗਦੇ ਸਨ, ਹਾਲਾਂਕਿ ਉਸਦੀ ਕਵਿਤਾ ਸੰਕੇਤਕ ਤੇ ਅਸਪੱਸ਼ਟ ਵੀ ਸੀ, ਪਰ ਭਾਰਤੀ ਕਵਿਤਾ ਦੇ ਪਾਠਕਾਂ ਦੀ ਵਿਆਪਕ ਗਿਣਤੀ ਤੇ ਭਾਰਤੀ ਕਵਿਤਾ ਵਧੇਰੇ ਅਸਰ ਅੰਦਾਜ਼ ਨਹੀਂ ਹੁੰਦੀ। ਸਿਰਫ ਥੋੜੇ ਜਿਹੇ ਨੌਜਵਾਨ ਵਿਦਿਆਰਥੀ ਤੇ ਬੁੱਧੀਜੀਵੀ ਤਬਕੇ ਨੂੰ ਛੱਡ ਕੇ। ਨੇਰੂਦਾ ਦੀ ਕਵਿਤਾ 'ਟੀਨਾ ਮੋਦੋਤੀ ਦਾ ਮਰਸੀਆ' ਵਿਚ ਇਨੀਂ ਸ਼ਕਤੀ ਸੀ ਕਿ ਮੈਕਸੀਕੋ ਦੇ ਸਾਰੇ ਬੁਰਜੂਆ ਪ੍ਰੈਸ ਵਲੋਂ ਇਸ ਮਹਾਨ ਇਟਾਲਵੀ ਇਨਕਲਾਬੀ ਔਰਤ ਨੂੰ ਮੌਤ ਤੋਂ ਬਾਅਦ ਵੀ ਬਦਨਾਮ ਕਰਨ ਦੀ ਕੋਝੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਅਤੇ ਇਸ ਕਵਿਤਾ ਦੇ ਸਾਰੇ ਮੁੱਖ ਅਖ਼ਬਾਰਾਂ ਵਿਚ ਛਪਣ ਬਾਅਦ ਟੀਨਾ ਮੋਦੋਤੀ ਬਾਰੇ ਪ੍ਰੈਸ ਵੀ ਘਟੀਆ ਸ਼ਬਦ ਨਹੀਂ ਛਾਪ ਸਕਿਆ।

ਇਸ ਸੰਗ੍ਰਹਿ ਦੀਆਂ ਪਚਵੰਜਾ ਕਵਿਤਾਵਾਂ ਵਿਚੋਂ ਦੋ ਕਵਿਤਾਵਾਂ ਅਜਿਹੀਆਂ ਹਨ, ਜਿਨ੍ਹਾਂ ਦਾ ਅਨੁਵਾਦ ਦੋ-ਦੋ ਵਾਰ ਇਸੇ ਸੰਗ੍ਰਹਿ ਵਿਚ ਪੇਸ਼ ਹੋਇਆ ਹੈ। ਪਰ ਇਸ ਦੂਹਰਾ ਵਿਚ ਅਨੁਵਾਦ ਦੀ ਭਿੰਨਤਾ ਜ਼ਰੂਰ ਹੈ। ਇਕ ਕਵਿਤਾ ਹੈ ਜੋ ਸਫਾ 69 ਤੇ 'ਪੱਥਰ ਦਾ ਰੇਖਾ-ਚਿੱਤਰ' ਅਤੇ ਸਫਾ 111 ਉੱਤੇ 'ਪੱਥਰ ਵਿਚ ਤਸਵੀਰ' ਸਿਰਲੇਖ ਹੇਠ ਪੇਸ਼ ਹੋਣੀ ਹੈ। ਇਸ ਕਵਿਤਾ ਦੇ ਪਹਿਲੇ ਪੈਰੇ ਦਾ ਤੁਲਨਾਤਮਿਕ ਤੇ ਭਿੰਨ ਅਨੁਵਾਦ ਪੇਸ਼ ਹੈ :

| ਸਫਾ 69 | ਸਫਾ 111 |
| --- | --- |
| ਹਾਂ, ਮੈਂ ਉਹਨੂੰ ਜਾਣਦਾ ਹਾਂ। ਮੈਂ ਉਹਦੇ ਨਾਲ ਕਈ ਵਰ੍ਹੇ ਕੱਟੇ ਨੇ, ਉਸਦੀ ਸੁਨਹਿਰੀ, ਪਥਰੀਲੀ ਹੋਂਦ ਨਾਲ। ਉਹ ਹੁਣ ਥੱਕ ਗਿਆ ਸੀ, 'ਪਾਰਾਗੁਆਏ' ਵਿਚ ਉਹ | ਹਾਂ, ਮੈਂ ਉਸਨੂੰ ਜਾਣਦਾ ਸੀ, ਮੈਂ ਕਈ ਸਾਲ ਉਸਦੇ ਨਾਲ ਰਿਹਾ। ਪੱਥਰ ਤੇ ਸੋਨੇ ਦੇ ਉਸ ਦੇ ਜਿਸਮ ਨਾਲ ਉਹ ਆਦਮੀ ਹੰਢ ਚੁੱਕਾ ਸੀ। 'ਪਾਰਾਗੁਆਏ' ਦੇਸ਼ 'ਚ ਆਪਣੇ |

| | |
|---|---|
| ਆਪਣੇ ਮਾਤਾ-ਪਿਤਾ, ਪੁੱਤਰ, ਭਤੀਜੇ ਸਹੁਰਿਆਂ, ਆਪਣਾ ਘਰ, ਚੂਚੇ ਤੇ ਅੱਧਖੁਲੀਆਂ ਪੁਸਤਕਾਂ ਨੂੰ ਛੱਡ, ਤੁਰ ਗਿਆ ਸੀ। | ਮਾਤਾ-ਪਿਤਾ, ਪੁੱਤਰਾਂ, ਭਤੀਜਿਆਂ. ਸਹੁਰਿਆਂ ਗੇਟ, ਕੁੱਕੜੀਆਂ ਤੇ ਅੱਧ-ਖੁਲ੍ਹੀਆਂ ਕੁਝ ਪੁਸਤਕਾਂ ਨੂੰ ਉਹ ਛੱਡ ਆਇਆ ਸੀ। |

ਇਸੇ ਤਰ੍ਹਾਂ ਹੀ ਸਫਾ 106 ਉੱਤੇ ਛਪੀ ਕਵਿਤਾ 'ਹਮੇਸ਼ਾ' ਅਤੇ ਸਫਾ 116 ਉੱਤੇ ਛਪੀ ਕਵਿਤਾ 'ਹਮੇਸ਼ਾ ਹੀ' ਵੀ ਇਕ ਹੀ ਕਵਿਤਾ ਦੇ ਰਤਾ ਕੁ ਭਿੰਨ ਅਨੁਵਾਦ ਹਨ, ਜਿਵੇਂ ਅਰੰਭਕ ਪੰਕਤੀਆ।

| ਸਫਾ 106 | ਸਫਾ 117 |
|---|---|
| ਤੇਰੇ ਰੂਬਰੂ ਹੁੰਦਿਆਂ ਮੈਨੂੰ ਈਰਖਾ ਨਹੀਂ ਹੁੰਦੀ। ਪਿਠ ਪਿਛੇ ਪਰਾਏ ਮਰਦ ਨੂੰ ਨਾਲ ਲਈ ਤੁਰੀ ਆ। ਆਪਣੇ ਵਾਲਾਂ 'ਚ ਸੌ ਮਰਦ ਲੁਕਾਈ ਆ। | ਤੈਨੂੰ ਮਿਲਕੇ ਮੈਨੂੰ ਈਰਖਾ ਨਹੀਂ ਹੁੰਦੀ ਭਾਵੇਂ ਤੂੰ ਕਿਸੇ ਮਰਦ ਨੂੰ ਲੱਕ ਤੇ ਚੁੱਕੀ ਫਿਰ ਭਾਵੇਂ ਸੌ ਮਰਦਾਂ ਨੂੰ ਆਪਣੀਆਂ ਜ਼ੁਲਫਾਂ ਵਿਚ ਲੁਕੋਈ ਲਿਆ। |

ਇਹਨਾਂ ਕਵਿਤਾਵਾਂ ਦਾ ਦੁਹਰਾਅ ਉਕਾਈ ਨਾਲ ਹੋਇਆ ਹੈ ਜਾਂ ਸੋਚ ਕੇ ਪੇਸ਼ ਕੀਤਾ ਗਿਆ ਹੈ, ਇਸ ਬਾਰੇ ਤਾਂ ਅਨੁਵਾਦਕ ਹੀ ਦੱਸ ਸਕਦਾ ਹੈ, ਉਂਝ ਭੂਮਿਕਾ ਵਿਚ ਇਸਦਾ ਕੋਈ ਜ਼ਿਕਰ ਨਹੀਂ ਹੈ। ਪਰ ਇਹ ਦੋਹਰਾਅ ਕਵਿਤਾ ਦੇ ਅਨੁਵਾਦ ਸੰਬੰਧੀ ਇਕ ਦਿਲਚਸਪ ਸਥਿਤੀ ਵੱਲ ਸੰਕੇਤ ਕਰਦਾ ਹੈ ਕਿ ਇਕ ਹੀ ਕਵਿਤਾ ਦੇ ਅਨੁਵਾਦ ਨਾ ਸਿਰਫ ਵੱਖ-ਵੱਖ ਅਨੁਵਾਦਕਾਂ ਵਲੋਂ ਕੀਤੇ ਅਨੁਵਾਦ ਵਿਚ ਭਿੰਨ ਹੋ ਸਕਦੇ ਹਨ, ਸਗੋਂ ਇਕ ਹੀ ਅਨੁਵਾਦਕ ਦੇ ਕੀਤੇ ਇਕ ਹੀ ਰਚਨਾ ਦੇ ਦੋ ਜਾਂ ਵੱਧ ਅਨੁਵਾਦ ਵੀ ਭਿੰਨ ਹੋ ਸਕਦੇ ਹਨ। ਹਰਭਜਨ ਹੁੰਦਲ ਦੇ ਕੀਤੇ ਇਹਨਾਂ ਦੋਵਾਂ ਕਵਿਤਾਵਾਂ ਦੇ ਭਿੰਨ-ਭਿੰਨ ਅਨੁਵਾਦ ਆਪਣੇ ਅਰਥ-ਸੰਚਾਰ ਵਿਚ ਭਿੰਨ ਨਹੀਂ ਹਨ ਪਰ ਸ਼ਬਦ ਸ਼ੈਲੀ ਤੇ ਵਾਕ-ਬਣਤਰ ਵਿਚ ਜ਼ਰੂਰ ਭਿੰਨ ਹਨ।

ਪੰਜਾਬੀ ਵਿਚ ਪ੍ਰਗਤੀਸ਼ੀਲ ਸਾਹਿਤ-ਸਭਿਆਚਾਰਕ ਲਹਿਰ ਨੂੰ ਸ਼ੁਰੂ ਹੋਏ ਸੱਠ ਵਰ੍ਹੇ ਹੋਣ ਲੱਗੇ ਹਨ ਸੱਤਰਵਿਆਂ ਦੀ ਇਨਕਲਾਬੀ ਲਹਿਰ ਵੀ ਚੁਥਾਈ ਸਦੀ ਪਾਰ ਕਰ ਚਲੀ ਹੈ, ਪਰ ਇਹ ਗੱਲ ਬੜੀ ਅਜੀਬ ਹੈ ਕਿ ਪੰਜਾਹਵਿਆਂ ਨੂੰ ਛੱਡ ਕੇ ਜਦੋਂ ਗੁਰਬਖਸ਼ ਸਿੰਘ 'ਪ੍ਰੀਤਲੜੀ' ਜਗਜੀਤ ਸਿੰਘ ਆਨੰਦ ਅਤੇ ਨਵਤੇਜ ਸਿੰਘ ਵਰਗੇ ਕੁਸ਼ਲ ਲੇਖਕ-ਅਨੁਵਾਦਕਾਂ ਨੇ ਮਹਾਨ ਰੂਸੀ ਪ੍ਰਗਤੀ-ਸ਼ੀਲ ਸਾਹਿਤ ਨੂੰ ਪੰਜਾਬੀ ਪਾਠਕਾਂ ਸਾਹਮਣੇ ਪੇਸ਼ ਕੀਤਾ ਕਿਸੇ ਵੀ ਹੋਰ ਸਮੇਂ ਵਿਚ ਪੰਜਾਬੀ ਵਿਚ ਦੁਨੀਆਂ ਦੇ ਮਹਾਨ ਪ੍ਰਗਤੀਵਾਦੀ ਸਾਹਿਤ ਦੇ ਅਨੁਵਾਦ ਨੂੰ ਪੇਸ਼ ਕਰਨ ਦੀ ਕੋਈ ਬਹੁਤੀ ਕੋਸ਼ਿਸ਼ ਨਹੀਂ ਹੋਈ। ਸੱਤਰਵਿਆਂ 'ਚ ਆਏ ਚੀਨੀ ਇਨਕਲਾਬ ਤੇ ਮਾਓਜ਼ੇਤੁੰਗ ਆਦਿ ਤੋਂ ਪ੍ਰਭਾਵਤ ਲਹਿਰ ਨੇ ਵੀ ਜਥੇਬੰਦੀਆਂ ਭਾਵੇਂ ਜਿੰਨੀਆਂ ਮਰਜ਼ੀ ਖੜੀਆਂ ਕੀਤੀਆਂ ਹੋਣ, ਇਨਕਲਾਬੀ ਨਾਟਕ-ਗੀਤ-ਮੇਲੇ ਭਾਵੇਂ ਕਿੰਨੇ ਵੀ ਕਰਵਾਏ ਹੋਣ, ਕੱਚਘਰੜ ਸੈਂਕੜੇ ਕਵੀ ਲੇਖਕ ਛਾਪੇ ਹੋਣ (ਜਿਨ੍ਹਾਂ ਦਾ ਅੱਜ ਨਾਂ- ਨਿਸ਼ਾਨ ਵੀ ਨਹੀਂ ਲੱਭਦਾ), ਪਰ ਇਸ ਲਹਿਰ ਨੇ ਵੀ ਦੁਨੀਆਂ ਦੇ ਮਹਾਨ ਇਨਕਲਾਬੀ ਸਾਹਿਤ ਭਾਵੇਂ ਉਹ ਲੂ-ਸੁਨ ਦਾ ਹੋਵੇ, ਨੇਰੂਦਾ ਦਾ, ਬਰੈਖਤ ਦਾ ਜਾਂ ਨਾਜ਼ਿਮ ਹਿਕਮਤ ਆਦਿ ਦਾ, ਨੂੰ ਪੰਜਾਬੀ ਵਿਚ ਪੇਸ਼ ਕਰਨ ਦੀ ਬਹੁਤੀ ਲੋੜ ਨਹੀਂ ਮਹਿਸੂਸੀ। ਸਿਰਫ ਨਾਜ਼ਮ ਹਿਕਮਤ ਦੇ ਥੋਹੜੇ ਬਹੁਤੇ ਅਨੁਵਾਦ ਜ਼ਰੂਰੀ ਪੰਜਾਬੀ ਵਿਚ ਛਪੇ ਜਾਂ ਮੈਗਜ਼ੀਨਾਂ ਵਿਚ



ਟੁੱਟਵੇਂ ਰੂਪ ਵਿਚ ਹੋਰ ਮਹਾਨ ਲੇਖਕਾਂ ਦੇ ਵੀ ਅਨੁਵਾਦ ਛਪੇ ਹਨ। ਪਰ ਲੂ-ਸੁਨ ਦਾ ਸੱਭਿਆ-ਚਾਰਕ ਲਹਿਰ ਵਿਚ ਨਾਂ ਜਪਣ ਵਾਲਿਆਂ ਨੇ ਲੂ-ਸੁਨ ਨੂੰ ਕਿਤਾਬੀ ਰੂਪ ਵਿਚ ਛਾਪਣ ਵਿਚ ਕੋਈ ਦਿਲਚਸਪੀ ਨਹੀਂ ਲਈ। ਇਸ ਸਮੀਖਿਆਕਾਰ ਨੇ ਲੂ-ਸੁਨ ਦੇ ਤੀਹ ਲੇਖਾਂ ਦਾ ਪੰਜਾਬੀ ਅਨੁਵਾਦ ਪਿਛਲੇ 15 ਸਾਲਾਂ ਤੋਂ ਕਰਕੇ ਰੱਖਿਆ ਪਿਆ ਹੈ, ਪਰ ਅਖੌਤੀ ਇਨਕਲਾਬੀ ਸੱਭਿਆਚਾਰਕ ਲਹਿਰ ਨੂੰ ਪਾਰਟੀਆਂ (ਗਰੁੱਪਾਂ) ਦਾ ਨਾਂ ਜਪਣ ਵਾਲੇ ਕੱਚਘਰੜ ਕਵੀ ਤਾਂ ਚਾਹੀਦੇ ਹਨ, ਪਰ ਲੂ-ਸ਼ੁਨ ਨਹੀਂ ਚਾਹੀਦਾ। ਕੋਈ ਹੈਰਾਨੀ ਨਹੀਂ ਕਿ ਹੁੰਦਲ ਵਲੋਂ ਅਨੁਵਾਦਤ ਮਹਿਮੂਦ ਦਰਵੇਸ਼, ਨਾਜ਼ਿਮ ਹਿਕਮਤ,ਬ੍ਰੈਖਤ ਆਦਿ ਦੇ ਅਨੁਵਾਦ ਵੀ ਹਾਲੀ "ਛਪਣ-ਯੋਗ" ਦੀ ਸ਼੍ਰੇਣੀ ਵਿਚ ਹੀ ਹਨ। ਖੈਰ ਨੇਰੂਦਾ ਪੰਜਾਬੀ ਵਿਚ ਛਪ ਕੇ ਆਇਆ, ਇਸਦਾ ਤਹਿ ਦਿਲੋਂ ਖੈਰ-ਮਕੱਦਮ !

—ਡਾ: ਚਮਨ ਲਾਲ, **111 E**, ਬਾਰਾਂਦਰੀ ਬਾਗ਼, ਪਟਿਆਲਾ

## ਜੰਗਲ ਕਦੀ ਸੌਂਦਾ ਨਹੀਂ
## ਦੋ ਨਾਵਲੈੱਟ (ਬਲਬੀਰ ਪ੍ਰਵਾਨਾ)

ਬਲਬੀਰ ਪਰਵਾਨਾ ਪੰਜਾਬੀ ਦਾ ਨੌਜਵਾਨ ਅਤੇ ਸਰਗਰਮ ਲੇਖਕ ਹੈ।

ਆਪਣੀ ਹੱਥਲੀ ਕਿਤਾਬ ਵਿਚ ਪਰਵਾਨਾ ਨੇ 1980 ਅਤੇ 1983 ਵਿਚ ਲਿਖੇ ਦੋ ਨਾਵਲੈੱਟ ਸ਼ਾਮਲ ਕੀਤੇ ਹਨ। ਆਪਣੇ ਇਨ੍ਹਾਂ ਨਾਵਲੈਟਾਂ ਨੂੰ ਲੇਖਕ ਸਥਾਪਤੀ ਦੇ ਵਿਰੁੱਧ ਸਾਹਿਤ ਵਿਚ ਸ਼ੁਮਾਰ ਕਰਦਾ ਹੈ ਅਤੇ ਇਸ ਦਾ ਕਾਰਨ ਵੀ ਦੱਸਦਾ ਹੈ ਕਿ ਇਹ ਨਾਵਲੈਟ 'ਛੋਟੀ ਕਿਸਾਨੀ ਦੀ ਉਸ ਜ਼ਿੰਦਗੀ ਦੀ ਝਲਕ ਹਨ, ਜਿਹੜੀ ਜ਼ਿੰਦਗੀ ਸੁਪਨਿਆਂ ਦੇ ਹਾਣ ਦੀ ਨਹੀਂ, ਜਿਸ 'ਚੋਂ ਵਿਦਰੋਹ ਦਾ ਫੁੱਟਣਾ ਲਾਜ਼ਮੀ ਹੈ।'

"ਜੰਗਲ ਕਦੀ ਸੌਂਦਾ ਨਹੀਂ" ਵਿਚ ਛੋਟੇ ਕਿਸਾਨ ਪਰਵਾਰ ਦੀ ਦੁੱਖਾਂ ਦੀ ਗਾਥਾ ਹੈ, ਜਿਸ ਵਿਚ ਪੰਜ ਜੀਅ ਹਨ—ਕੰਮੋ, ਉਸ ਦੀ ਛੋਟੀ ਭੈਣ ਚਰਨੋ, ਭਰਾ ਕੇਸੂ ਅਤੇ ਮਾਂ-ਪਿਓ। ਹੁਸ਼ਿਆਰਪੁਰ ਦੇ ਪਹਾੜੀ ਇਲਾਕੇ ਦੇ ਇਸ ਕਿਸਾਨ ਪਰਵਾਰ ਦੇ ਆਰਥਿਕ ਵਸੀਲੇ ਸੁਖਾਲੇ ਨਹੀਂ, ਪਰ ਉਮਰ ਦੇ ਸੁਪਨੇ ਤਾਂ ਫਿਰ ਵੀ ਆਉਂਦੇ ਹਨ। ਕੰਮੋ ਨੂੰ ਦੇਵ ਚੰਗਾ ਲੱਗਦਾ ਹੈ ਤੇ ਦੋਵੇਂ ਸਰੀਰਾਂ ਦੇ ਵਹਿਣ ਵਿਚ ਵਹਿ ਤੁਰਦੇ ਹਨ। ਪਰ ਜ਼ਿੰਦਗੀ ਦੀਆਂ ਕਠੋਰ ਹਕੀਕਤਾਂ, ਉਨ੍ਹਾਂ ਨੂੰ ਸੁਪਨਿਆਂ ਵੱਲ ਧਿਆਨ ਨਹੀਂ ਦੇਣ ਦਿੰਦੀਆਂ। ਫਿਰ ਵੀ ਕੰਮੋ ਦੇ ਜ਼ਿਹਨ ਵਿਚ ਸਾਰੀਆਂ ਸੋਚਾਂ ਦੇਵ ਹਵਾਲੇ ਹਨ। ਇਹ ਕਥਾ ਕਿਸੇ ਦੁਖਾਂਤ ਜਾਂ ਸੁਖਾਂਤ ਵਿਚ ਖਤਮ ਨਾ ਹੋ ਕੇ, ਜ਼ਿੰਦਗੀ ਦੇ ਵਹਿਣ ਨੂੰ ਪੇਸ਼ ਕਰਦੀ ਹੀ ਖ਼ਤਮ ਹੁੰਦੀ ਹੈ।

'ਅੱਗ ਦੀ ਉਮਰ' ਇੱਕ ਅਜਿਹੀ ਸਮੱਸਿਆ ਵੱਲ ਧਿਆਨ ਦੁਆਉਂਦੀ ਹੈ, ਜਿਸ ਨੂੰ ਨੈਤਿਕਤਾ ਦੇ ਪਰਦੇ ਹੇਠਾਂ ਵਿਚਾਰਨ ਤੋਂ ਗੁਰੇਜ਼ ਕੀਤਾ ਜਾਂਦਾ ਹੈ, ਜਦ ਕਿ ਜ਼ਿੰਦਗੀ ਵਿਚ ਉਸ ਦੀ ਹੋਂਦ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਇਹ ਜਵਾਨ ਔਰਤ ਅਤੇ ਜਵਾਨ ਮਰਦ ਦੀ ਆਪਸੀ ਪਿਆਰ ਦੀ ਲੋੜ, ਜਿਸ ਵਿਚ ਜਿਸਮਾਨੀ ਲੋੜ ਵੀ ਸ਼ਾਮਲ ਹੈ, ਤੇ ਕੇਂਦਰਿਤ ਕਹਾਣੀ ਹੈ।

ਇਸ ਜਾਗੀਰਦਾਰੀ ਕੀਮਤਾਂ 'ਤੇ ਅਧਾਰਤ ਸਮਾਜ ਵਿਚ ਔਰਤ ਦੀ ਮਾਨਸਿਕ ਤੇ ਸਰੀਰਕ ਪਿਆਰ ਦੀ ਲੋੜ ਨੂੰ ਪਾਪ ਸਮਝ ਕੇ ਧਿਰਕਾਰਿਆ ਜਾਂਦਾ ਹੈ, ਪਰ ਇਸ ਨਾਲ ਨਾ ਤਾਂ ਇਹ ਲੋੜ ਖ਼ਤਮ ਹੁੰਦੀ ਹੈ ਅਤੇ ਨਾ ਹੀ ਇਸ ਲੋੜ ਨੂੰ ਪੂਰੀਆਂ ਕਰਨ ਦੀਆਂ ਕੋਸ਼ਿਸ਼ਾਂ। 'ਅੱਗ ਦੀ ਉਮਰ' ਵਿਚ ਜਵਾਨ ਔਰਤ ਦੀਆਂ ਖ਼ਾਹਿਸ਼ਾਂ ਨੂੰ ਖੁਲ੍ਹ ਕੇ ਬਿਆਨਿਆ ਗਿਆ ਹੈ। ਨਾਵਲੈੱਟ ਦੇ ਸ਼ੁਰੂ ਵਿਚ ਹੀ ਪਿੰਡੋਂ ਬਾਹਰ ਨਹਿਰ 'ਤੇ ਕੱਪੜੇ ਧੋਂਦਿਆਂ ਰੇਸ਼ਮੋ ਦਾ ਨੰਗੇ ਨਹਾਉਣਾ ਅਤੇ ਨੰਗੇ ਪਿੰਡੇ 'ਤੇ ਪੈਂਦੀਆਂ ਨਜ਼ਰਾਂ ਦਾ ਕੁਝ ਹੱਦ ਤੱਕ ਆਨੰਦ ਮਾਨਣਾ, ਉਸ ਦੀ ਜਵਾਨ ਉਮਰ ਦੀਆਂ ਖ਼ਾਹਿਸ਼ਾਂ ਦਾ ਪ੍ਰਗਟਾਵਾ ਹੈ। ਉਸ ਦੇ ਸਰੀਰਕ ਸੰਬੰਧ ਗਵਾਂਢੀ ਮੰਡੇ ਕੈਲੇ ਨਾਲ ਹਨ। ਜੋ ਸਕੂਲ ਵਿਚ ਇਕੱਠੇ ਪੜ੍ਹਦਿਆਂ ਬਣ ਗਏ ਸਨ। ਪਰ ਪਿੰਡ ਦੇ ਛੋਟੇ ਕਿਰਸਾਨ ਸੌ ਤਰ੍ਹਾਂ ਦੇ ਕਰਜ਼ਿਆਂ ਤੇ ਮੁਸੀਬਤਾਂ ਦੇ ਜਾਲ ਵਿਚ ਫਸੇ ਧੀਆਂ ਦੇ ਵਿਆਹ ਵੇਲੇ ਸਿਰ ਨਹੀਂ ਕਰ ਸਕਦੇ, ਨਾ ਹੀ ਆਪਣੇ ਧੀਆਂ-ਪੁੱਤਾਂ ਨੂੰ ਆਪਣੀ ਮਰਜ਼ੀ ਦੇ ਵਿਆਹ ਦੀ ਖੁਲ੍ਹ ਦਿੰਦੇ ਹਨ, ਨਤੀਜੇ ਵਜੋਂ ਸਮਾਜ ਦੀਆਂ ਨਜ਼ਰਾਂ ਵਿਚ ਅਨੈਤਿਕ ਸੰਬੰਧ ਵੀ ਬਣਦੇ ਹਨ ਤੇ ਬਹੁਤ ਵਾਰੀ ਵੱਡੇ ਦੁਖਾਂਤ ਵੀ ਵਾਪਰਦੇ ਹਨ। ਰੇਸ਼ਮੋ ਦਾ ਰਿਸ਼ਤਾ ਵੀ ਘਰਵਾਲੇ ਨਹੀਂ ਕਰ ਪਾਉਂਦੇ ਅਤੇ ਰੇਸ਼ਮੋ ਦਾ ਭਰਾ— ਭੈਣ ਨੂੰ ਕੈਲੇ ਨਾਲ ਹੋਣ ਕਰਕੇ ਤਾੜ ਲੈਂਦਾ ਹੈ ਤੇ ਉਸ ਦਾ ਵਿਆਹ ਕੈਲੇ ਨਾਲ ਕਰਨ ਦੀ ਥਾਂ ਕਿਸੇ ਸਿੱਧੜ ਨਾਲ ਕਰ ਦਿੱਤਾ ਜਾਂਦਾ ਹੈ। ਕਹਾਣੀ ਦੇ ਅੰਤ ਵਿਚ ਰੇਸ਼ਮੋ ਆਪਣੇ ਵਿਆਹ ਦੇ ਪੰਦਰਾਂ ਵਰ੍ਹਿਆਂ ਬਾਅਦ, ਚੌਦਾਂ ਵਰ੍ਹਿਆਂ ਦੀ ਕੁੜੀ ਅਤੇ ਬਾਰਾਂ ਵਰ੍ਹਿਆਂ ਦੇ ਮੁੰਡੇ ਦੀ ਮਾਂ ਬਣ ਕੇ ਆਪਣੀ ਦਸਵੀਂ ਦੀ ਫੋਟੋ ਦੇਖ ਕੇ ਬੁਰੀ ਤਰ੍ਹਾਂ ਬੇਚੈਨ ਹੋ ਜਾਂਦੀ ਹੈ, ਕਿਉਂਕਿ ਦਸਵੀਂ ਦੀ ਗਰੁੱਪ ਫੋਟੋ ਵਿਚ ਉਸ ਦਾ ਪ੍ਰੇਮੀ ਵੀ ਹੈ।

ਇਨ੍ਹਾਂ ਦੋਵਾ ਨਾਵਲੈੱਟਾਂ ਵਿਚੋਂ 'ਅੱਗ ਦੀ ਉਮਰ' ਆਪਣੀ ਕਥਾ-ਰਚਨਾ ਵਿਚ ਵਧੇਰੇ ਗਠੀ ਹੋਈ ਰਚਨਾ ਹੈ, ਹਾਲਾਂਕਿ ਇਸ ਵਿਚ ਪੇਸ਼ ਜੀਵਨ ਵਿਚ ਸੰਕੇਤਾਂ ਤੋਂ ਕੰਮ ਘੱਟ ਲਿਆ ਗਿਆ ਹੈ ਅਤੇ ਸਰੀਰਕ ਵਰਨਣ ਵਧੇਰੇ ਖੁੱਲ੍ਹ ਨਾਲ ਕੀਤੇ ਗਏ ਹਨ। ਪਰ ਦੋਵੇਂ ਹੀ ਨਾਵਲ ਸਮਾਜ ਦੇ ਯਥਾਰਥ ਨੂੰ ਪੇਸ਼ ਕਰਦੇ ਹਨ ਅਤੇ ਔਰਤ ਨੂੰ ਹਰ ਤਰ੍ਹਾਂ ਦੀ ਦਮਨਕਾਰੀ ਸਥਿਤੀ ਵਿਚੋਂ ਗੁਜ਼ਰਨ ਦੀ ਸਥਿਤੀ, ਜਿਸ ਵਿਚ ਉਸ ਦੀ ਕੁਦਰਤੀ ਖ਼ਾਹਸ਼, ਸੈਕਸ ਦੀ ਖ਼ਾਹਿਸ਼ ਦਾ ਦਮਨ ਵੀ ਸ਼ਾਮਲ ਹੈ, ਨੂੰ ਉਘਾੜਦੇ ਹਨ। ਪ੍ਰਗਤੀਸ਼ੀਲ ਲੇਖਕ ਆਮ ਤੌਰ ਤੇ ਅਜਿਹੇ ਵਿਸ਼ਿਆਂ 'ਤੇ ਲਿਖਣ ਤੋਂ ਸੰਕੋਚ ਕਰਦੇ ਹਨ, ਪਰ ਬਲਬੀਰ ਪਰਵਾਨਾ ਨੇ ਇਹ ਸੰਕੋਚ ਤੋੜ ਕੇ, ਇਸ ਵਿਸ਼ੇ ਨੂੰ ਛੋਹਿਆ ਹੈ ਤੇ ਇਸ ਵਿਸ਼ੇ ਨੂੰ ਹਮਦਰਦੀ ਨਾਲ ਕਲਾਤਮਿਕ ਰੂਪ ਦਿੱਤਾ ਹੈ। ○

ਡਾ: ਚਮਨ ਲਾਲ

## ਤੁਸੀਂ ਨਹੀਂ ਸਮਝ ਸਕਦੇ (ਜਿੰਦਰ)

'ਤੁਸੀਂ ਨਹੀਂ ਸਮਝ ਸਕਦੇ' ਜਿੰਦਰ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦਾ ਇਕ ਹੋਰ ਕਹਾਣੀ ਸੰਗ੍ਰਹਿ 'ਮੈਂ ਕਹਾਣੀ ਅਤੇ ਉਹ' ਛਪ ਚੁੱਕਿਆ ਹੈ। ਇਹਨਾਂ ਦੋਹਾਂ ਪੁਸਤਕਾਂ ਨਾਲ ਹੀ ਜਿੰਦਰ ਨੇ ਆਪਣੇ ਸਮਕਾਲੀਆਂ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਲਈ ਹੈ। ਉਹ ਉਹਨਾਂ ਕੋਲੋਂ ਵਿੱਥ ਤੇ ਖੜ੍ਹਾ ਦਿਖਾਈ ਦਿੰਦਾ ਹੈ। ਪੰਜਾਬੀ ਕਹਾਣੀ ਦੇ ਖੇਤਰ



ਵਿਚ ਉਸਦੀ ਆਮਦ ਇਕ ਹੰਢੇ ਹੋਏ ਕਹਾਣੀਕਾਰ ਵਲੋਂ ਹੋਈ ਹੈ। ਜਾਪਦਾ ਹੈ ਜਿੰਦਰ ਨੇ ਇਸ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਪਣੇ ਕਦਮਾਂ ਦੀ ਮਜ਼ਬੂਤੀ ਨੂੰ ਨਿਰਖ ਪਰਖ ਲਿਆ ਹੈ ਤੇ ਧਰਤੀ ਦੀ ਠੋਸ ਹਕੀਕਤ ਨੂੰ ਵੀ ਸਮਝ ਲਿਆ ਹੈ।

ਇਸ ਸੰਗ੍ਰਹਿ ਵਿਚ ਉਸ ਦੀਆ ਕੇਵਲ ਦਸ ਕਹਾਣੀਆਂ ਹਨ। ਪੁਸਤਕ ਵਿਚ ਛਪਣ ਤੋਂ ਪਹਿਲਾਂ ਇਹ ਸਾਰੀਆਂ ਕਹਾਣੀਆਂ ਵੱਖ-ਵੱਖ ਰਸਾਲਿਆਂ ਅਤੇ ਸਾਹਿਤਕ ਪਤਰਕਾਵਾਂ ਵਿਚ ਛਪ ਚੁੱਕੀਆਂ ਹਨ। ਬਹੁਤੀਆਂ ਕਹਾਣੀਆਂ ਇਕ ਤੋਂ ਵੱਧ ਵਾਰ ਵੀ ਛਪੀਆਂ ਹੋਈਆਂ ਹਨ। ਇਸ ਸੰਗ੍ਰਹਿ ਵਿਚਲੀ ਕੇਵਲ ਇਕ ਕਹਾਣੀ 'ਬਸ, ਹੁਣ ਤੂੰ ਸੌਂ ਜਾਵੀਂ' ਅਣਛਪੀ ਕਹਾਣੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਜਿੰਦਰ ਨੇ ਪੁਸਤਕ ਨੂੰ ਪਾਠਕਾਂ ਦੇ ਹੱਥਾਂ ਵਿਚ ਪੁੱਜਣ ਤੋਂ ਪਹਿਲਾਂ ਹੀ ਆਪਣੀ ਰੁਸ਼ਨਾਈ ਬਣਾ ਲਈ ਹੈ। ਤੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਉਸ ਨੂੰ ਕਹਾਣੀ ਲਿਖਣ ਦੀ ਕਾਹਲ ਨਹੀਂ ਬਲਕਿ ਕਹਾਣੀ ਦੇ ਮਕਬੂਲ ਹੋਣ ਦੀ ਤਮੰਨਾ ਹੁੰਦੀ ਹੈ। ਇਸ ਲਈ ਜਿੰਦਰ ਕਹਾਣੀ ਨੂੰ ਛਪਵਾਉਣ ਤੋਂ ਪਹਿਲਾਂ ਪਰਖ ਦੀ ਕਸਵਟੀ ਤੇ ਰੱਖ ਕੇ ਅਜਿਹਾ ਸੀਖਦਾ ਹੈ ਕਿ ਉਹ ਪੜ੍ਹਨ ਯੋਗ ਕਿਰਤ ਹੋ ਨਿਬੜਦੀ ਹੈ।

ਜਿੰਦਰ ਦੀਆਂ ਕਹਾਣੀਆ ਨਾ ਆਵੇਸ਼ ਦੀਆਂ ਕਹਾਣੀਆਂ ਹਨ, ਨਾਂ ਫਾਰਮੂਲਿਆਂ ਦੀਆਂ। ਉਸਦੀਆਂ ਕਹਾਣੀਆਂ ਜ਼ਿੰਦਗੀ ਨਾਲ ਖਹਿਕੇ ਲੰਘਦੀਆ, ਯਥਾਰਥ ਦੀ ਕਠੋਰ ਧਰਤੀ ਤੇ ਵਿਚਰਦੀਆਂ, ਰਿਸ਼ਤਿਆਂ ਦੀਆਂ ਤਹਿ ਦਰ ਤਹਿ ਪਰਤਾਂ ਉਧੇੜਦੀਆਂ, ਮਨੁੱਖ ਦੇ ਬੌਨੇਪਣ ਤੇ ਵਿਅੰਗ ਕਸਦੀਆਂ, ਮਨੁੱਖ-ਵਿਰੋਧੀ ਵਿਵਸਥਾ ਦਾ ਲੇਖਾ-ਜੋਖਾ ਕਰਦੀਆਂ ਆਧੁਨਿਕ ਯੁੱਗ ਬੋਧ ਦੀਆਂ ਕਹਾਣੀਆਂ ਹਨ। ਇਹ ਕਹਾਣੀਆਂ ਮਨੁੱਖੀ ਜ਼ਿੰਦਗੀ ਨੂੰ ਵੱਖ-ਵੱਖ ਕੋਨਾਂ ਤੋਂ ਦੇਖਣ ਤੇ ਸਮਝਣ ਦੇ ਸਮਰਥ ਹਨ। ਕਹਾਣੀ ਲਿਖਣਾ ਜਿੰਦਰ ਦਾ ਸ਼ੌਕ ਨਹੀਂ ਤਲਖ ਹਕੀਕਤਾਂ ਨੂੰ ਨੰਗੇ ਪਿੰਡੇ ਜਰਨਾ ਹੈ। ਇਸੇ ਕਰਕੇ ਉਸਦੀਆਂ ਕਹਾਣੀਆਂ ਵਿਚ ਸੰਵੇਦਨਸ਼ੀਲਤਾ ਸੁਰਾਖ਼ ਵਾਂਗ ਪਾਠਕ ਦੇ ਧੁਰ ਅੰਦਰ ਲਹਿ ਜਾਂਦੀ ਹੈ।

ਇਸ ਸੰਗ੍ਰਹਿ ਵਿਚਲੀਆਂ ਮੁਢਲੀਆਂ ਦੋ ਕਹਾਣੀਆਂ 'ਕਤਲ' ਅਤੇ 'ਮਾਂ ਨੇ ਨਹੀਂ ਰੋਕਿਆ' ਮਨੁੱਖੀ ਰਿਸ਼ਤਿਆ ਦੀ ਤ੍ਰਾਸਦੀ ਨੂੰ ਪੇਸ਼ ਕਰਦੀਆਂ ਉਸਦੀਆਂ ਬੇਹਤਰੀਨ ਕਹਾਣੀਆਂ ਹਨ। ਰਿਸ਼ਤਿਆਂ ਦੀ ਵਿਡੰਬਨਾ ਇਹ ਹੈ ਕਿ ਇਕ ਪਾਸੇ ਉਹ ਭਾਵਨਾ ਵਿਚ ਪਰੁੰਚੇ ਹੁੰਦੇ ਹਨ, ਦੂਜੇ ਪਾਸੇ ਸਮਾਜਕ ਪਰਿਸਥਿਤੀਆ ਦੇ ਗੁਲਾਮ ਤੇ ਤੀਜੇ ਪਾਸੇ ਪਰੰਪਰਾ ਦੇ ਜੂਲੇ ਨੇ ਉਨ੍ਹਾਂ ਦੀ ਸੰਘੀ ਨੱਪੀ ਹੁੰਦੀ ਹੈ। ਇਉਂ ਇਹ ਰਿਸ਼ਤੇ ਜਦੋਂ ਟੁਟਦੇ ਜਾਂ ਤਿੜਕਦੇ ਹਨ ਤਾਂ ਅੱਗ ਦੀਆਂ ਲਾਟਾਂ ਛਡਦੇ ਹਨ। ਇਹ ਰਿਸ਼ਤੇ ਜਦੋਂ ਵਿਗਸਦੇ ਹਨ ਤਾਂ ਨਿਰੀ ਮੱਲ੍ਹਮ। ਜਦੋਂ ਤਿੜਕਦੇ ਹਨ ਤਾਂ ਨਿਰੇ ਨਸ਼ਤਰ। ਜਿੰਦਰ ਦੀਆਂ ਇਹਨਾਂ ਦੋ ਕਹਾਣੀਆਂ ਵਿਚਲੇ ਰਿਸ਼ਤੇ ਤਿੜਕਦੇ ਵੀ ਹਨ ਤੇ ਰਿਸਦੇ ਵੀ। 'ਕਤਲ' ਕਹਾਣੀ ਵਿਚਲਾ ਤਣਾਓ ਔਰਤ ਮਰਦ ਦੇ ਅਸਾਵੇਂ ਸੰਬੰਧਾਂ ਕਰਕੇ ਪੈਦਾ ਹੋਇਆ ਤਣਾਓ ਹੈ। ਕਹਾਣੀ ਵਿਚਲਾ ਮਰਦ ਆਪਣੇ ਅੜਬ ਸੁਭਾ ਤੇ ਫਿਊਡਲ ਸੋਚ ਕਰਕੇ ਔਰਤ ਨੂੰ ਵਸਤੂ ਵਾਂਗ ਸਮਝਦਾਂ ਹੈ। ਔਰਤ ਸਾਰੀ ਜ਼ਿੰਦਗੀ ਸੰਤਾਪ ਭੋਗਦੀ ਰਹਿੰਦੀ ਹੈ ਇਥੋਂ ਤੱਕ ਕਿ ਸੌਕਣ ਦੇ ਰਿਸ਼ਤੇ ਨੂੰ ਵੀ ਹੰਡਾਉਂਦੀ ਹੈ। ਅੰਤ ਸਮੇਂ ਜਦੋਂ ਇਹ ਪਾਤਰ ਮੌਤ ਦੀਆਂ ਘੜੀਆਂ ਉਡੀਕ ਰਿਹਾ ਹੁੰਦਾ ਹੈ ਤਾਂ ਉਹੀ ਔਰਤ ਉਸਨੂੰ 'ਸਿਰ ਦਾ ਸਾਈਂ' ਸਮਝਕੇ ਉਸਦੀ ਸੇਵਾ ਕਰਦੀ ਹੈ। ਮਾਂ ਦੀ ਅਜਿਹੀ ਭਾਵਨਾ ਦੇਖ ਕੇ ਪੁੱਤਰ ਮਾਂ ਦੇ ਇਸ ਰਵੱਈਏ ਨਾਲ ਸਹਿਮਤ

ਨਹੀਂ ਹੁੰਦਾ। ਉਹ ਅੰਦਰੋ-ਅੰਦਰ ਵਿਸ ਘੋਲਦਾ ਰਹਿੰਦਾ ਹੈ। ਜ਼ਿੰਦਗੀ ਦੀਆਂ ਤਲਖ ਹਕੀਕਤਾਂ ਸਹਿਣ ਕਰਦਿਆਂ ਉਸਨੂੰ ਪਿਉ ਪ੍ਰਤੀ ਨਫਰਤ ਹੈ ਇਸ ਲਈ ਉਹ ਸੋਚਦਾ ਹੈ ਕਿ ਅਜਿਹੀ ਸਥਿਤੀ ਵਿਚ ਮਾਂ ਨੂੰ ਉਸਦੇ ਪਿਉ ਦਾ ਗਲਾ ਘੁੱਟ ਕੇ ਮਾਰ ਦੇਣਾ ਚਾਹੀਦਾ ਹੈ। ਇਕ ਦਿਨ (ਮੌਤ ਤੋਂ ਪਹਿਲਾਂ) ਉਹ ਮਾਂ ਦੀਆਂ ਹਰਕਤਾਂ ਤੋਂ ਅਜਿਹਾ ਅਨੁਭਵ ਵੀ ਕਰਦਾ ਹੈ। ਉਹ ਪਿਉ ਦੀ ਸੰਘੀ ਨੱਪਣ ਵਿਚ ਮਾਂ ਦਾ ਹੱਥ ਵਟਾਉਣਾ ਚਾਹੁੰਦਾ ਹੈ। ਉਸਦਾ ਧਿਆਨ ਲਗਾਤਾਰ ਪਿਉ ਦੀ ਗਰਦਣ ਤੇ ਟਿਕਿਆ ਰਹਿੰਦਾ ਹੈ। ਮਾਂ ਦੀ ਚੀਕ ਤੋਂ ਜਦੋਂ ਉਸਨੂੰ ਪਿਉ ਦੀ ਮੌਤ ਦਾ ਸੰਕੇਤ ਮਿਲਦਾ ਹੈ ਤਾਂ ਉਹ ਪਿਉ ਦੇ ਗਲ ਨੂੰ ਵੇਖਦਾ ਹੈ ਜਿਥੇ ਕੋਈ ਅਜਿਹਾ ਨਿਸ਼ਾਨ ਨਹੀਂ ਹੁੰਦਾ। ਜਿਥੋਂ ਉਸਨੂੰ ਇਹ ਪਤਾ ਲੱਗ ਸਕਦਾ ਕਿ ਪਿਉ ਦੀ ਮੌਤ ਗਲਾ ਘੁੱਟਣ ਨਾਲ ਹੋਈ ਹੈ। ਇਉਂ ਇਹ ਕਹਾਣੀ ਮੈਂ ਪਾਤਰ (ਪੁੱਤ) ਦੀ ਮਾਨਸਿਕ ਕ੍ਰਿਆ ਰਾਹੀਂ ਕੀਤਾ ਗਿਆ ਕਤਲ ਹੋ ਨਿਬੜਦੀ ਹੈ।

ਇਸੇ ਤਰ੍ਹਾਂ 'ਮਾਂ ਨੇ ਨਹੀਂ ਰੋਕਿਆ' ਕਹਾਣੀ ਉਪਰੋਂ ਭਾਵੇਂ ਅੰਤਰ ਜਾਤੀ ਵਿਆਹ ਉਪਰੰਤ ਰਿਸ਼ਤਿਆਂ ਵਿਚ ਆਈਆਂ ਤ੍ਰੇੜਾਂ ਨੂੰ ਪੇਸ਼ ਕਰਦੀ ਜਾਪਦੀ ਹੈ, ਪਰ ਕਹਾਣੀ ਦੇ ਖਮੀਰ 'ਚ ਕੁਝ ਮਹੱਤਵਪੂਰਨ ਤੇ ਬੁਨਿਆਦੀ ਪ੍ਰਸ਼ਨ ਖੜੇ ਹੋਏ ਹਨ ਜਿਹੜੇ ਮਰਦ ਦੀ ਹਉਂ, ਉਸਦੀ ਸਮਾਜਕ ਸਥਿਤੀ ਪਰੰਪਰਾ, ਰਿਸ਼ਤਿਆਂ ਦੇ ਟੁੱਟਣ ਦੇ ਸੰਤਾਪ, ਔਰਤ ਦੀ ਸਥਿਤੀ ਤੇ ਮਾਂ ਦੀ ਮਮਤਾ ਨਾਲ ਡੂੰਘੇ ਜੁੜੇ ਹੋਏ ਹਨ। ਵਿਆਹ ਉਪਰੰਤ ਜਦੋਂ ਧੀ ਮਾਂ ਨੂੰ ਮਿਲਣ ਆਉਂਦੀ ਹੈ ਤਾਂ ਉਹ ਧੀ ਨੂੰ ਪੂਰੀ ਤਰ੍ਹਾਂ ਅਟੈਂਡ ਨਹੀਂ ਕਰ ਸਕਦੀ। ਜਾਂਦੀ ਧੀ ਨੂੰ ਰੋਕ ਵੀ ਨਹੀਂ ਸਕਦੀ ਕਿਉਂਕਿ ਘਰ ਵਿਚ ਉਸਦੀ ਸਥਿਤੀ ਅਧੀਨਗੀ ਵਾਲੀ ਹੈ। ਪੁੱਤਰ ਅਤੇ ਪਤੀ ਸਾਹਮਣੇ ਉਹ ਆਪਣੇ ਪੰਘਰ ਰਹੇ ਮਨ ਨੂੰ ਮਸੋਸ ਲੈਂਦੀ ਹੈ। ਜਾਂਦੀ ਧੀ ਨੂੰ ਰੋਕ ਤਾਂ ਨਹੀਂ ਸਕੀ, ਪਰ ਸੌ ਦਾ ਨੋਟ ਉਸਦੇ ਬਾਲ ਦੇ ਨਾਂ ਦਾ ਉਸਨੂੰ ਫੜਾਉਂਦੀ ਉਹ ਨਵੇਂ ਬਣੇ ਰਿਸ਼ਤੇ ਨੂੰ ਪ੍ਰਵਾਨਗੀ ਦਿੰਦੀ ਹੈ। ਇਹਨਾਂ ਦੋਹਾਂ ਕਹਾਣੀਆਂ ਨੂੰ ਜਿੰਦਰ ਨੇ ਜੋ ਟਰੀਟਮੈਂਟ ਦਿਤਾ ਹੈ ਉਹ ਜਿੰਦਰ ਦੇ ਪ੍ਰੌੜ ਕਹਾਣੀਕਾਰ ਹੋਣ ਦਾ ਪ੍ਰਮਾਣ ਵੀ ਹੈ ਤੇ ਪੰਜਾਬੀ ਕਹਾਣੀ ਦਾ ਹਾਸਲ ਵੀ।

'ਬਲਾਤਕਾਰ' ਅਖਾਉਤੀ ਕਾਮਰੇਡਾਂ ਬਾਰੇ ਲਿਖੀ ਗਈ ਕਹਾਣੀ ਹੈ। ਇਸ ਕਹਾਣੀ ਵਿਚ ਲੇਖਕ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਕਹਾਣੀ ਵਿਚਲਾ ਅਖੌਤੀ ਕਾਮਰੇਡ ਕਿਵੇਂ ਪੈਸੇ ਖਾਤਰ ਈਮਾਨ ਤੱਕ ਵੇਚਦਾ ਹੋਇਆ ਸਮਗਲਿੰਗ ਦੇ ਧੰਦੇ ਵਿਚ ਫਸ ਜਾਂਦਾ ਹੈ। ਇਉਂ ਉਸਦੀ ਪਾਰਟੀ ਪ੍ਰਤੀ ਕੁਮਿਟਮੈਂਟ ਧ੍ਰੋਹ ਬਣ ਜਾਂਦੀ ਹੈ। ਪਰੰਤੂ, ਉਹ ਆਪਣੇ ਅੰਦਰਲੇ ਕਾਮਰੇਡ ਨੂੰ ਜਿਉਂਦਾ ਰੱਖਣ ਲਈ ਪਾਰਟੀ ਨੂੰ ਚੰਦਾ ਦੇ ਛਡਦਾ ਹੈ। ਸੰਤੋਖ ਸਿੰਘ ਇਕ ਅਜਿਹਾ ਪਾਤਰ ਹੈ ਜੋ ਬਾਹਰੋਂ ਆਏ ਦੋਸਤ ਨੂੰ ਪੈਸੇ ਦੀ ਮਹਾਨਤਾ ਦਸਦਿਆਂ ਹੋਇਆ ਲੈਨਿਨ ਨੂੰ ਵੀ ਮਿਸਕੋਡ ਕਰਦਾ ਹੈ। ਆਪਣੇ ਆਪ ਨੂੰ ਸਹੀ ਸਿੱਧ ਕਰਦਾ ਹੈ। ਉਹ ਆਪਣੇ ਨੌਕਰ ਮੁੰਡੂ ਨਾਲ ਵੀ ਮਨੁੱਖਾਂ ਵਾਲਾ ਨਹੀਂ ਬਲਕਿ ਫਿਊਡਲ ਲਾਰਡ ਵਾਲਾ ਵਿਵਹਾਰ ਕਰਦਾ ਹੈ। ਇਸ ਤਰ੍ਹਾਂ ਸੰਤੋਖ ਸਿੰਘ ਨਾ ਚੰਗਾ ਇਨਸਾਨ ਬਣ ਸਕਿਆ ਅਤੇ ਨਾ ਚੰਗਾ ਕਾਮਰੇਡ। ਉਹ ਇਕੋ ਸਮੇਂ ਮੁੰਡੂ ਨਾਲ ਵੀ ਬਲਾਤਕਾਰ (ਅਣਮਨੁੱਖੀ ਵਿਹਾਰ) ਕਰ ਰਿਹਾ ਹੁੰਦਾ ਹੈ ਤੇ ਦੂਜੇ ਪਾਸੇ ਸੁੱਖੇ ਨਾਲ ਅਤੇ ਕਾਮਰੇਡ ਸੰਤੋਖ ਸਿੰਘ ਨਾਲ ਵੀ। ਕਹਾਣੀ ਦੇ ਅੰਤ ਵਿਚ ਲੇਖਕ ਨੂੰ ਲੱਗਦਾ ਹੈ ਜਿਵੇ ਮੁੰਡੂ ਕਹਿ ਰਿਹਾ ਹੋਵੇ, 'ਮੁਝੇ ਸਰਦਾਰ ਜੀ ਸੇ ਬਚਾਓ' ਤੇ ਸਰਦਾਰ ਸੰਤੋਖ



ਸਿੰਘ ਕਹਿ ਰਿਹਾ ਹੋਵੇ, 'ਮੈਨੂੰ ਕਾਮਰੇਡ ਸੰਤੋਖ ਸਿੰਘ ਤੋਂ ਬਚਾਓ' ਤੇ ਕਾਮਰੇਡ ਸੰਤੋਖ ਸਿੰਘ ਕਹਿ ਰਿਹਾ ਹੋਵੇ, 'ਮੈਨੂੰ ਸ: ਸੰਤੋਖ ਸਿੰਘ ਸਿੱਧੂ ਤੋਂ ਬਚਾਓ' ਇਉਂ ਇਹ ਕਹਾਣੀ ਵੱਖ-ਵੱਖ ਧਰਾਤਲਾਂ ਦੇ ਵਿਚਰਦੀ ਬਹੁ-ਦਿਸ਼ਾਵੀ ਪਾਸਾਰ ਸਿਰਜੀ ਹੈ।

ਇਸ ਸੰਗ੍ਰਹਿ ਵਿਚਲੀ ਚੌਥੀ ਕਹਾਣੀ, 'ਤੁਸੀਂ ਨਹੀਂ ਸਮਝ ਸਕਦੇ' ਸੀਰਸ਼ਕ ਕਹਾਣੀ ਹੈ ਜਿਹੜੀ ਮਨੁੱਖ ਦੀ ਸਮਝ ਸਕਣ ਦੀ ਸਮਰਥਾ ਨੂੰ ਹੋਰ ਪ੍ਰਚੰਡ ਕਰਦੀ ਹੈ। ਵੱਡੇ ਬੰਦਿਆਂ ਦੀਆਂ ਛੋਟੀਆਂ ਛੋਟੀਆਂ ਕਮੀਨਗੀਆਂ ਦਾ ਪਰਦਾ ਫਾਸ਼ ਕਰਦੀ ਇਹ ਕਹਾਣੀ ਅਮੀਰੀ ਗ਼ਰੀਬੀ ਵਿਚਲੇ ਪਾੜੇ ਵੱਲ ਵੀ ਸੰਕੇਤ ਕਰਦੀ ਹੈ। ਭੋਂਅ ਮਾਲਕ ਜਿਹਨਾਂ ਨੂੰ ਕਹਾਣੀ ਵਿਚ 'ਲਾਲੇ' ਜਾਂ 'ਕਾਲੇ ਅੰਗਰੇਜ਼' ਕਿਹਾ ਗਿਆ ਹੈ ਕਿਵੇਂ ਆਪਣੇ ਕਾਮਿਆਂ ਤੋਂ ਕੰਮ ਲੈਂਦੇ ਹਨ। ਉਹ ਚੰਗੇ ਕੰਮ ਕਰਨ ਵਾਲਿਆਂ ਨੂੰ ਹੱਥੋਂ ਗੁਆਉਣਾ ਵੀ ਨਹੀਂ ਚਾਹੁੰਦੇ ਪਰ ਉਹਨਾਂ ਤੇ ਵਿਸ਼ਵਾਸ਼ ਵੀ ਨਹੀਂ ਕਰਦੇ। ਉਹਨਾਂ ਉੱਤੇ ਚੌਕੀਦਾਰੀ ਕਰਨ ਲਈ ਕਿਸੇ ਹੋਰ ਨੂੰ ਲੱਗਾ ਦਿੱਤਾ ਹੈ। ਇਹ ਦੇਖਣ ਲਈ ਕਿ ਉਹ ਟ੍ਰੈਕਟਰ ਨਾਲ ਕਿਸੇ ਦਾ ਵਾਧੂ ਕੰਮ ਤਾਂ ਨਹੀਂ ਕਰਦੇ ਜਾਂ ਤੇਲ ਦੇ ਢੋਲ ਤੇ ਨਿਗ੍ਹਾਹ ਰੱਖਣ ਲਈ ਕਹਿ ਦਿੱਤਾ ਜਾਂਦਾ ਹੈ। ਜਾਂ ਹੋਰ ਅਜਿਹੀਆਂ ਨਿੱਕੀਆਂ-ਨਿੱਕੀਆਂ ਗੱਲਾਂ ਬਾਰੇ ਉਹ ਜੋਗਿੰਦਰ ਡਰਾਈਵਰ ਬਾਰੇ ਇਉਂ ਇਕ ਪਾਸੇ ਗੋਰਖੇ ਤੋਂ ਗੁਪਤ ਰਿਪੋਰਟ ਲਈ ਜਾਂਦੀ ਹੈ ਦੂਜੇ ਪਾਸੇ ਡਰਾਈਵਰ ਬਾਰੇ ਜਗਦੀਸ਼ ਲਾਲੇ ਕਈ ਪ੍ਰਕਾਰ ਦੀਆਂ ਬਿਨਾ ਬੁਨਿਆਦ ਤੇ ਝੂਠੀਆਂ ਗੱਲਾਂ ਦੱਸਦਾ ਹੈ। ਜੋਗਿੰਦਰ ਸੱਤ ਸੌ ਰੁਪਏ ਮਹੀਨਾ ਤਨਖਾਹ ਵਿਚ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦਾ ਹੈ। ਉਹ ਆਪਣਾ ਤੇ ਦੂਰ ਰਹਿੰਦੇ ਆਪਣੇ ਪਰਿਵਾਰ ਦਾ ਪੇਟ ਪਾਲਣ ਵਿਚ ਅਸਮਰਥ ਹੁੰਦਾ ਹੈ। ਇਸ ਕਰਕੇ ਕਈ ਵਾਰ ਵਾਧੂ ਸਮੇਂ ਵਿਚ ਉਹ ਕਿਸੇ ਦਾ ਕੰਮ ਕਰਕੇ ਪੈਸੇ ਕਮਾਉਂਦਾ ਹੈ, ਇਸੇ ਕਰਕੇ ਉਸ ਉੱਤੇ ਪੂਰੀ ਨਿਗਰਾਨੀ ਰੱਖੀ ਜਾਂਦੀ ਹੈ। ਜੋਗਿੰਦਰ ਦੇ ਕੰਮ ਵੱਲ ਤੇ ਉਸਦੀ ਉਜਰਤ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਜੋਗਿੰਦਰ ਦੀ ਹਰ ਕੰਮ 'ਚ ਮੁਹਾਰਤ ਹੈ ਉਹ ਆਮ ਬੰਦਿਆਂ ਨਾਲੋਂ ਕਈ ਗੁਣਾ ਵੱਧ ਤੇ ਸਚਿਆਰਾ ਕੰਮ ਕਰਦਾ ਹੈ। ਪਰੰਤੂ ਮੈਂ ਪਾਤਰ ਜੋ ਜੋਗਿੰਦਰ ਤੋਂ ਪਹਿਲਾਂ ਇਸੇ ਕੰਮ 'ਤੇ ਰਹਿ ਚੁੱਕਿਆ ਹੁੰਦਾ ਹੈ ਤੇ ਹੁਣ ਲਾਲੇ ਦਾ ਚੌਥਾ ਪੁੱਤਰ ਅਖਵਾਉਂਦਾ ਹੈ ਦੇ ਰਾਹੀਂ ਜਦੋਂ ਜੁਗਿੰਦਰ ਦੀ ਨਿਗਰਾਨੀ ਕੀਤੀ ਜਾਂਦੀ ਹੈ ਤਾਂ ਜੋਗਿੰਦਰ ਪ੍ਰੇਸ਼ਾਨ ਹੋ ਉਠਦਾ ਹੈ। ਉਸ ਉੱਤੇ ਕੀਤੇ ਗਏ ਸ਼ੱਕ ਕਾਰਨ ਉਹ ਬਾਬੂ (ਮੈਂ ਪਾਤਰ) ਨੂੰ ਕਹਿੰਦਾ ਹੈ :

> ਫੇ ਤੁਸੀਂ ਮਾਲਕਾਂ ਵਾਗੂੰ ਗੋਰਖੇ ਤੋਂ ਕਿਉਂ ਪੁੱਛਦੇ ? ਮੈਂ ਕਿਸੇ ਨਾਲੋਂ ਘੱਟ ਕੰਮ ਨ੍ਹੀ ਕਰਦਾ। ਫੇ ਕੰਮ ਵਿਚ ਉਨੀ-ਇਕੀ ਹੋ ਜਾਂਦੀ। ਲਾਲੇ ਤਾਂ ਆਪਣੇ ਅੰਗਰੇਜ ਆ। ਕਾਲੇ ਅੰਗਰੇਜ਼। ਮੇਰੇ ਕੋਲੋਂ ਤੁਹਾਡੇ ਬਾਰੇ ਪੁੱਛਦੇ ਸੀ। ਦੱਸਾਂ...ਚਲੋ ਛਡੋ ਤੁਸੀਂ ਉਹਨਾਂ ਨੂੰ ਨਹੀਂ ਸਮਝ ਸਕਦੇ।

'ਦੋ ਮਿੰਟ ਹੋਰ ਰੁੱਕ ਜਾ' ਅਣ-ਮਨੁੱਖੀ ਵਿਹਾਰ ਨੂੰ ਦਰਸਾਉਣ ਵਾਲੀ ਇਕ ਹੋਰ ਕਹਾਣੀ ਹੈ। ਇਹ ਕਹਾਣੀ ਮਜ਼ਦੂਰ ਦੀ ਮਜ਼ਦੂਰੀ ਦੇਣ ਤੋਂ ਪਹਿਲਾਂ ਉਸਦਾ ਹੋਰ ਚੰਮ ਕਿਵੇਂ ਉਤਾਰਿਆ ਜਾ ਸਕਦਾ ਹੈ, ਬਾਰੇ ਲਿਖੀ ਗਈ ਹੈ। ਇਸ ਕਹਾਣੀ ਵਿਚ ਮਜ਼ਦੂਰ ਦੀਆਂ ਭਾਵਨਾਵਾਂ ਕਿਵੇਂ ਕਤਲ ਹੁੰਦੀਆਂ ਹਨ ਦਾ ਵੀ ਮਾਰਮਿਕ ਚਿੱਤਰ ਪੇਸ਼ ਹੋਇਆ ਹੈ। ਮਜ਼ਦੂਰ ਆਪਣੇ ਨਿਕੇ ਬੱਚੇ ਲਈ ਬੂਟ ਲੈ ਕੇ ਦੇਣ ਦਾ ਇਕਰਾਰ ਕਰਕੇ ਘਰੋਂ ਆਇਆ ਹੁੰਦਾ ਹੈ ਉਸਨੂੰ ਅੱਜ ਮਜ਼ਦੂਰੀ ਦੇ

ਇਕੱਠੇ ਪੈਸੇ ਮਿਲਦੇ ਹਨ ਜਿਸ ਕਰਕੇ ਉਹ ਬੱਚੇ ਨੂੰ ਲਾਏ ਜਾਂਦੇ ਲਾਰੇ ਨੂੰ ਅਸਲੀਅਤ ਵਿਚ ਬਦਲ ਕੇ ਪਿਤਰੀ ਮੋਹ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹੈ। ਪਰੰਤੂ, ਮਾਲਕਣ ਦੇ ਸੁਭਾ ਕਰਕੇ ਉਹ ਅਜਿਹਾ ਕਰਨ ਤੋਂ ਅਸਮਰਥ ਰਹਿੰਦਾ ਹੈ ।ਮਿਸਤਰੀ ਪੈੜ ਤੋਂ ਉਤਰਦਾ ਹੀ ਮਜ਼ਦੂਰ ਨੂੰ ਸੰਦ ਸਾਫ ਕਰਨ ਲਈ ਕਹਿ ਘਰ ਚਲਿਆ ਜਾਂਦਾ ਹੈ, ਪਰ ਮਾਲਕਣ ਮਜ਼ਦੂਰ ਨੂੰ ਪੈਸੇ ਦੇਣ ਤੋਂ ਪਹਿਲਾਂ ਨਿੱਕੇ-ਨਿੱਕੇ ਕੰਮਾਂ ਵਿਚ ਉਲਝਾਈ ਰੱਖਦੀ ਹੈ ਜਿਸ ਕਰਕੇ ਸ਼ਾਮ ਨੂੰ ਕਵੇਲਾ ਹੋ ਜਾਣ ਕਾਰਨ ਬਾਜ਼ਾਰ ਬੰਦ ਹੋ ਜਾਂਦਾ ਹੈ। ਉਸਦੀ ਜੇਬ 'ਚ ਪੈਸੇ ਹੋਣ ਦੇ ਬਾਵਜੂਦ ਵੀ ਉਹ ਘਰ ਪਰਿਵਾਰ ਤੇ ਆਪਣੇ ਬੱਚੇ ਦੀ ਖੁਸ਼ੀ ਪ੍ਰਾਪਤ ਨਹੀਂ ਕਰ ਸਕਦਾ। ਇਸ ਕਹਾਣੀ ਰਾਹੀਂ ਜਿਥੇ ਅਮੀਰੀ-ਗ਼ਰੀਬੀ ਦੇ ਪਾੜੇ ਨੂੰ ਦਰਸਾਇਆ ਗਿਆ ਹੈ। ਉਥੇ ਮਾਲਕਣ ਦੇ ਅਨ-ਮਨੁੱਖੀ ਵਿਹਾਰ ਨੂੰ ਵੀ ਬਾਖੂਬੀ ਪੇਸ਼ ਕੀਤਾ ਹੈ ਜਿਹੜੀ ਮਜ਼ਦੂਰ ਦੀਆ ਭਾਵਨਾਵਾਂ ਨੂੰ ਉਕਾ ਨਹੀਂ ਸਮਝ ਸਕਦੀ।

'ਬਹੁਤ ਦੂਰ ਬਹੁਤ ਨੇੜੇ' ਉਨ੍ਹਾਂ ਅਣਹੋਏ ਲੋਕਾਂ ਦੀ ਕਹਾਣੀ ਹੈ ਜੋ ਕਿਸੇ ਦਾ ਦੁੱਖ ਤਾਂ ਮਹਿਸੂਸ ਕਰਦੇ ਹਨ ਪਰ ਕਰ ਕੁਝ ਨਹੀਂ ਸਕਦੇ। ਉਨ੍ਹਾਂ ਦੇ ਸਾਹਮਣੇ ਸਾਰਾ ਕੁਝ ਵਾਪਰ ਰਿਹਾ ਹੁੰਦਾ ਹੈ ਤੇ ਉਹ ਸਾਹ ਸਤਹੀਣ ਹੋਏ ਸਿਰਫ਼ ਦੇਖਦੇ ਹਨ। ਕਹਾਣੀਕਾਰ ਨੇ ਬਿੱਲੀ ਦੇ ਸ਼ਾਰਕ ਨੂੰ ਖਾ ਜਾਣ ਵਾਲੀ ਘਟਨਾ ਨਾਲ ਪੰਜਾਬ ਦੀ ਤ੍ਰਾਸਦੀ ਨੂੰ ਜੋੜਨ ਦਾ ਯਤਨ ਕੀਤਾ ਹੈ। ਇਹ ਉਹ ਲੋਕ ਹਨ ਜੋ ਬਿੱਲੀ ਦੇ ਸ਼ਾਰਕ ਨੂੰ ਖਾ ਜਾਣ ਵਾਲੀ ਘਟਨਾ ਨੂੰ ਅਖਬਾਰ ਦੀਆਂ ਤਾਜ਼ਾ ਪੜ੍ਹੀਆਂ ਘਟਨਾਵਾਂ ਦੀ ਲੜੀ ਵਿਚ ਜੋੜ ਲੈਂਦੇ ਹਨ ਕਿ ਕਿਥੇ ਕਿੰਨੇ ਮਰੇ ਜਾਂ ਕਿੰਨੇ ਬੈਂਕ ਡਾਕੇ ਪਏ। ਇਸਤੋਂ ਵੱਧ ਹੋਰ ਕੁਝ ਨਹੀਂ।

'ਬਸ, ਹੁਣ ਤੂੰ ਸੌਂ ਜਾਵੀਂ' ਔਰਤ ਦੀਆਂ ਅਤ੍ਰਿਪਤ ਭਾਵਨਾਵਾਂ ਦੀ ਕਹਾਣੀ ਹੈ। ਦੱਬੇ ਹੋਏ ਸੈਕਸ ਦੇ ਕੁਝ ਪ੍ਰਤੀਕਰਮਾਂ ਨੂੰ ਮਾਂ ਅਤੇ ਧੀ ਦੋਹਾਂ ਪਾਤਰਾਂ ਦੀ ਇਕੱਠੀ ਮਜ਼ਬੂਰੀ ਰਾਹੀਂ ਪੇਸ਼ ਕੀਤਾ ਹੈ। ਇਉਂ ਜਾਪਦਾ ਹੈ ਜਿਵੇਂ ਇਹ ਕਹਾਣੀ ਸੱਚਮੁੱਚ ਹੀ ਜਿੰਦਰ ਨੇ (ਪ੍ਰੇਮ ਪ੍ਰਕਾਸ਼ ਦੇ ਸ਼ਬਦਾਂ ਵਿਚ) ਸੰਗ ਲਾਹੁਣ ਲਈ ਹੀ ਲਿਖੀ ਹੋਈ ਹੈ।

'ਸੱਪ' ਇਸ ਸੰਗ੍ਰਹਿ ਦੀ ਅਜਿਹੀ ਕਹਾਣੀ ਹੈ ਜਿਹੜੀ ਕਲਰਕ (ਬਾਬੂ) ਕਿਸਮ ਦੇ ਲੋਕਾਂ ਦੀ ਘਿਨੌਣੀ ਜ਼ਹਿਨੀਅਤ ਬਾਰੇ ਚਿੱਤਰ ਪੇਸ਼ ਕਰਦੀ ਹੈ। ਕਹਾਣੀ ਵਿਚਲਾ ਮੁੱਖ ਪਾਤਰ ਹੈਲਪਰ ਤੋਂ ਕਲਰਕ ਤੇ ਫੇਰ ਅਸਿਸਟੈਂਟ ਬਣਿਆ ਹੈ। ਪੱਤਰ ਵਿਹਾਰ ਰਾਹੀਂ ਐਲ.ਐਲ.ਬੀ. ਕਰਕੇ ਡਿਗਰੀ ਵਿਚ ਵਾਧਾ ਕੀਤਾ ਹੈ ਪਰ ਲੀਗਲ ਅਫਸਰ ਲੱਗਣ ਦੀ ਉਸਦੀ ਤਮੰਨਾ ਸਾਰੀ ਉਮਰ ਮਰਦੀ ਨਹੀਂ, ਧੁਖਦੀ ਰਹਿੰਦੀ ਹੈ। ਉਹ ਤੇ ਉਸਦੀ ਬ੍ਰਾਂਚ ਮਿਲਕੇ ਸੁਰਿੰਦਰਪਾਲ ਵਰਗੇ ਪ੍ਰਚੇਜ ਦੀ ਸੀਟ ਤੇ ਲੱਗੇ ਚੰਗੇ ਬੰਦੇ ਦੀ ਬਦਲੀ ਕਰਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਇਸ ਸਾਜ਼ਸ਼ ਤੇ ਪਰਦਾ ਪਾਉਣ ਲਈ ਇਹ ਪਾਤਰ ਆਪਣੇ ਅਫਸਰਾਂ ਦੀ ਤਾਂ ਖੁਸ਼ਾਮਦ ਕਰਦਾ ਹੀ ਹੈ ਨਾਲ ਦੂਸਰੀ ਬ੍ਰਾਂਚ ਵਾਲਿਆਂ ਦੀ ਵੀ ਖੁਸ਼ਾਮਦ ਕਰਦਾ ਹੈ। ਉਹ ਇਹ ਜਾਨਣਾ ਚਾਹੁੰਦਾ ਹੈ ਕਿ ਕਿਧਰੇ ਕਿਸੇ ਨੂੰ ਇਸ ਬਦਲੀ ਦੀ ਕਨਸੋਅ ਤਾਂ ਨਹੀਂ ਕਿ ਕਿਸ ਨੇ ਕਰਵਾਈ ਹੈ। ਕਹਾਣੀਕਾਰ ਨੇ ਇਸ ਪਾਤਰ ਰਾਹੀਂ ਨੌਕਰੀ ਵਿਚਲੀਆਂ ਘੁਣਤਰਾਂ, ਘਤਿਤਾਂ, ਚਾਪਲੂਸੀਆਂ ਤੇ ਕੰਮਚੋਰੀਆਂ ਨੂੰ ਬਾਖੂਬੀ ਪੇਸ਼ ਕੀਤਾ ਹੈ। ਪੈਸੇ ਦੀ ਹੋੜ ਤੇ ਤਰੱਕੀ ਦਾ ਲਾਲਚ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ ਬਲਕਿ ਆਸਤੀਨ ਦਾ 'ਸੱਪ' ਬਣਾ ਦਿੰਦਾ ਹੈ।

'ਕਾਲੀ ਧੁੱਪ' ਵਿਚ ਬਾਹਰ ਜਾ ਕੇ ਪੈਸੇ ਕਮਾਉਣ ਦੀ ਹੋੜ ਦੇ ਦਲਾਲਾਂ ਰਾਹੀਂ ਠੱਗੇ ਜਾਣ



ਤੇ ਅਜਿਹੀ ਸਥਿਤੀ ਵਿਚ ਘਿਰ ਜਾਣ ਦੀ ਕਹਾਣੀ ਹੈ ਜਿਸ ਵਿਚ ਮਨੁੱਖ ਜਿਉਂਦਾ ਹੋਇਆ ਵੀ ਮਰਿਆ ਹੋਇਆ ਹੈ। ਇਹ ਹੋੜ ਗਰੀਬੀ ਕਰਕੇ ਜਾਂ ਬਾਹਰਲੀਆਂ ਵਸਤਾਂ ਦੇ ਲਾਲਚ ਕਰਕੇ ਪੈਦਾ ਹੁੰਦੀ ਹੈ ਤੇ ਜਗਤੇ ਵਰਗੇ ਮੁੰਡਿਆਂ ਦੀ ਮੌਤ ਉਪਰੰਤ ਵੀ ਇਸਦਾ ਅੰਤ ਨਹੀਂ ਹੁੰਦਾ। ਰਾਹ ਵਿਚਲੀਆਂ ਦੁਸ਼ਵਾਰੀਆਂ, ਜਦੋਜਹਿਦ ਸਭਿਆਚਾਰ ਦਾ ਪਾੜਾ, ਭਾਸ਼ਾ ਦੀ ਸਮੱਸਿਆ ਆਦਿ ਅਨੇਕਾਂ ਅਜਿਹੀਆਂ ਔਕੜਾਂ ਨੂੰ ਕਹਾਣੀ ਰਾਹੀਂ ਪੇਸ਼ ਕੀਤਾ ਗਿਆ ਹੈ। ਅਜਿਹੀਆਂ ਘਟਨਾਵਾਂ ਕਰਕੇ ਮਨੁੱਖ ਆਪਣੇ ਆਪ ਬਾਰੇ ਸੋਚ ਕੇ ਰੋ ਪੈਂਦਾ ਹੈ। 'ਪੁਨਰ ਮੌਤ' ਨਕਸਲਾਈਟ ਮੂਵਮੈਂਟ ਤੇ ਸੰਧਰਭ ਵਿਚ ਲਿਖੀ ਗਈ ਕਹਾਣੀ ਹੈ। ਇਹ ਕਹਾਣੀ ਅਨੇਕਾਂ ਪ੍ਰਸ਼ਨ ਖੜ੍ਹੇ ਕਰਦੀ ਹੈ ਕਿ ਕਿਥੇ ਕੌਣ ਕਿੰਨਾ ਠੀਕ ਸੀ ? ਜਾਂ ਕੌਣ ਕਿੰਨਾ ਗਲਤ ? ਅਣਮਨੁੱਖੀ ਵਰਤਾਰੇ ਨੂੰ ਪੇਸ਼ ਕਰਦੀ ਇਹ ਕਹਾਣੀ ਇਹ ਸਮਕਾਲੀ ਸਥਿਤੀਆਂ ਬਾਰੇ ਦੱਸਦੀ ਹੈ ਕਿ ਮਨੁੱਖ ਉਦੋਂ ਮਰਦਾ ਹੈ ਜਦੋਂ ਉਹ ਆਪੇ ਨਾਲੋਂ ਟੁੱਟ ਜਾਂਦਾ ਹੈ। ਸਰਵਨ ਅਤੇ ਉਸਦਾ ਪਰਿਵਾਰ ਅੱਤਵਾਦੀ ਮੂਵਮੈਂਟ 'ਚ ਆਪਣੀ ਕੋਠੀ ਤੇ ਭੱਠੇ ਦਾ ਬਿਜ਼ਨਸ ਛੱਡਕੇ ਜਾਣ ਲਈ ਬੇਵਸ ਹੋ ਜਾਂਦੇ ਹਨ। ਇਹੀ ਸਵਰਨ ਜਦੋਂ ਆਪ ਨੌਜੁਆਨ ਸੀ ਤੇ ਨਕਸਲਾਈਟ ਮੂਵਮੈਂਟ ਜ਼ੋਰਾਂ ਤੇ ਸੀ ਤਾਂ ਭੱਠਾ ਮਾਲਕਾਂ ਨੂੰ ਘੱਟ ਉਜਰਤ ਮਿਲਣ ਕਰਕੇ ਆਪਣੇ ਪਿਤਾ ਦੇ ਖਿਲਾਫ ਭੜਕਾਉਂਦਾ ਹੈ। ਪਰ ਇਹ ਸਰਵਨ ਜਦੋਂ ਅੱਤਵਾਦੀ ਮੂਵਮੈਂਟ ਤੋਂ ਉਪਜੀ ਸਥਿਤੀ ਦਾ ਸ਼ਿਕਾਰ ਹੁੰਦਾ ਹੈ ਤਾਂ ਪੀੜਤ ਹੋ ਉਠਦਾ ਹੈ। ਕੋਠੀ ਛੱਡਕੇ ਹਰਿਆਣੇ ਵਿਚ ਚਲੇ ਜਾਣ ਦਾ ਫੈਸਲਾ ਕਰਕੇ ਉਸਦਾ ਦਮ ਘੁਟਦਾ ਹੈ ਘਰ ਵਿਚ ਉਠਿਆ ਵਿਰੋਧ ਉਸਨੂੰ ਬੇਵਸ ਕਰ ਦਿੰਦਾ ਹੈ ਇਸੇ ਲਈ ਉਹ ਕਹਿੰਦਾ ਹੈ :

"ਮੈਂ ਆਪਣੇ ਪੁੱਤਰ ਨੂੰ ਕਨਵਿੰਸ ਨ੍ਹੀਂ ਕਰਾ ਸਕਿਆ। ਪਤਾ ਨ੍ਹੀਂ ਮੇਰੇ ਕੋਲੋਂ ਕਿਥੇ ਗ਼ਲਤੀ ਹੋ ਗਈ। ਹੁਣ ਸਮਝ ਨ੍ਹੀਂ ਆਉਂਦੀ ਕਿ ਕਰੀਏ ਤਾਂ ਕੀ ਕਰੀਏ ?"

ਇਉਂ ਮੈਂ ਪਾਤਰ ਨੂੰ ਸਰਵਨ ਦਾ ਕੱਦ ਛੋਟਾ ਹੋ ਗਿਆ ਲਗਦਾ ਹੈ ਤੇ ਉਸਨੂੰ ਲਗਦਾ ਹੈ ਉਸਦੀ ਹੋਂਦ ਉਸਦੇ ਪੁੱਤਰ ਦੀ ਹੋਂਦ ਵਿਚ ਗਰਕ ਗਈ ਹੈ। ਕਹਾਣੀ ਦੇ ਅੰਤ ਤੇ ਲੇਖਕ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ, "ਬੰਦਾ ਕਈ ਪਰਤਾਂ ਵਿਚ ਮਰਦਾ ਹੈ। ਇਹ ਤਾਂ ਪੁਨਰ ਮੌਤ ਹੋਈ।"

ਉਪਰੋਕਤ ਕਹਾਣੀਆਂ ਦੇ ਅਧਾਰ ਤੇ ਜਿੰਦਰ ਦੀਆਂ ਕਹਾਣੀਆਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਵੱਖ ਵੱਖ ਧਰਾਤਲਾਂ ਤੇ ਵਿਚਰਦੀਆਂ ਹੋਈਆਂ ਇਕ ਬਿੰਦੂ ਤੇ ਸਿਮਟਦੀਆਂ ਹਨ ਤੇ ਇਹ ਬਿੰਦੂ ਹੈ ਮਨੁੱਖਤਾ ਵਾਲਾ। ਤਕਨੀਕ ਪੱਖੋਂ ਜਿੰਦਰ ਦੀਆਂ ਕਹਾਣੀਆਂ ਬਿਖਰੇ ਬਿਰਤਾਂਤ ਵਾਲੀਆਂ ਤੇ ਉੱਤਮ ਪੁਰਖੀ ਸ਼ੈਲੀ ਦੁਆਰਾ ਲਿਖੀਆਂ ਗਈਆਂ ਹਨ। ਉਤਮਪੁਰਖੀ ਸ਼ੈਲੀ ਵਿਚ ਹੋਣ ਦੇ ਬਾਵਜੂਦ ਜਿੰਦਰ ਨੇ ਲੇਖਕ ਤੇ ਕਹਾਣੀ ਵਿਚਲੀ ਵਿੱਥ ਨੂੰ ਕਾਇਮ ਰਖਿਆ ਹੈ। ਨਵੇਂ ਪੋਚ ਦੇ ਕਹਾਣੀਕਾਰਾਂ ਵਿਚ ਜਿੰਦਰ ਇਕ ਪ੍ਰੋੜ ਕਹਾਣੀਕਾਰ ਵਜੋਂ ਉਭਰਿਆ ਹੈ। ਇਸ ਪੁਸਤਕ ਵਿਚਲੀਆਂ ਕਹਾਣੀਆਂ ਨੂੰ ਦ੍ਰਿਸ਼ਟੀ ਗੋਚਰ ਕਰਨ ਦੀ ਲੋੜ ਹੈ।

(ਡਾ: ਬਲਜੀਤ ਕੌਰ ਬੱਲੀ, ਪੰਜਾਬੀ ਯੂਨੀ: ਪਟਿਆਲਾ)

## ਸ਼ਬਦ ਸ਼ਹਿਰ ਤੇ ਰੇਤ (ਦਰਸ਼ਨ ਬੁੱਟਰ)

ਦਰਸ਼ਨ ਬੁੱਟਰ ਗੱਲਾਂ ਕਰਨ ਵਾਂਗ ਕਵਿਤਾ ਕਹਿਣ ਵਾਲਾ, ਦਾਨਾ ਸ਼ਾਇਰ ਹੈ। ਕੋਮਲ ਅਹਿਸਾਸ ਨਾਲ ਮਹਿਕਦਾ ਇਹ ਸ਼ਾਇਰ ਜਾਣਦਾ ਹੈ ਕਿ ਕਿਸ ਪ੍ਰਕਾਰ ਬਦਕਾਰ ਸੋਚਾਂ ਦੇ ਨਿਰਣੇ ਕਿਸੇ ਨਿਰਦੋਸ਼ ਦੇ ਖਿਲਾਫ ਭੁਗਤ ਜਾਂਦੇ ਹਨ। ਤਾਂ ਹੀ ਉਹ ਸੂਰਜ ਨੂੰ ਸੁਨੇਹਾ ਭੇਜਦਾ ਹੈ ਕਿ ਉਹ ਆਏ ਤੇ ਸਾਡੀ ਧਰਤੀ 'ਤੇ ਛਾਏ ਅੰਧਕਾਰ ਨੂੰ ਮਿਟਾਏ। ਉਹ ਤਾਂ ਬਲਕਿ ਵਰਤਮਾਨ ਨੂੰ ਨਿਰਾਸ਼ਾ ਦੇ ਸੰਘਣੇ ਹਨੇਰਿਆਂ 'ਚੋਂ ਕੱਢ ਕੇ ਉਨ੍ਹਾਂ ਦੁਮੇਲਾਂ ਵੱਲ ਲੈ ਜਾਣਾ ਚਾਹੁੰਦਾ ਹੈ ਜਿਥੇ ਸੂਰਜ ਵੀ ਗੁਲਾਬ ਦਾ ਫੁੱਲ ਪ੍ਰਤੀਤ ਹੋਏ।

ਕਿਉਂਕਿ ਸੰਕੋਚ, ਦਰਸ਼ਨ ਦਾ ਸ਼ਾਇਰਾਨਾ ਮਾਧਿਅਮ ਹੈ। ਇਸ ਲਈ ਖ਼ਾਮੋਸ਼ ਬਗ਼ਾਵਤ ਵਰਗੀ ਸ਼ਰਾਰਤ ਕਰਦੀਆਂ, ਉੱਚੀਆਂ ਤੇ ਸੁੱਚੀਆਂ ਕਦਰਾਂ ਦੇ ਪੱਖ 'ਚ ਸ਼ੋਸ਼ਨ ਵਰਗ ਨੂੰ ਲਲਕਾਰਨ ਦੀ ਜੁਰਅਤ ਕਰਦੀਆਂ, ਧੁੱਪ ਦੇ ਟੋਟਿਆਂ ਵਰਗੀਆਂ ਉਸ ਦੀਆਂ ਨਜ਼ਮਾਂ ਉਮੀਦਾਂ ਦੇ ਰਕਤ-ਕਣਾਂ ਨਾਲ ਧੜਕ ਰਹੀਆਂ ਹਨ। ਜੀਵਨ ਦੇ ਉਜਲੇ ਪੱਖ ਦੀਆਂ ਸੰਭਾਵਨਾਵਾਂ ਉਸਦੇ ਅੰਗ-ਸੰਗ ਰਹਿਕੇ ਸਿਹਤਮੰਦ ਅਤੇ ਸਾਰਥਕ ਕਾਵਿ ਦੀ ਪਿਰਤ ਪਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਯਥਾਰਤ ਦੀਆਂ ਕਠੋਰ ਪਗਡੰਡੀਆਂ 'ਤੇ ਕੋਮਲ ਸੰਵੇਦਨਾਵਾਂ ਦੇ ਨਾਲ ਨਾ ਤੁਰ ਸਕਣ ਦਾ ਕਵੀ ਨੂੰ ਪੂਰਾ ਅਹਿਸਾਸ ਹੈ। ਪਰ ਜ਼ਿੰਦਗੀ ਦਾ ਥੋਹਰ ਬਣਕੇ ਕੱਲਰੀ ਮਿੱਟੀ 'ਚ ਉੱਗਣਾ ਕਵੀ ਨੂੰ ਹਰਗਿਜ਼ ਸਵੀਕਾਰ ਨਹੀਂ। ਉਹ ਤਾਂ ਜ਼ਿੰਦਗੀ ਨੂੰ ਜ਼ਰਖੇਜ਼ ਮਿੱਟੀ 'ਚ ਗੁਲਦਾਉਦੀ ਵਾਂਗ ਖਿੜੀ ਦੇਖਣਾ ਚਾਹੁੰਦਾ ਹੈ। ਅਨੇਕ ਦੁਸ਼ਵਾਰੀਆਂ ਦੇ ਬਾਵਜੂਦ ਜ਼ਿੰਦਗੀ, ਸ਼ਾਇਰ ਕੋਲ ਪੋਲੇ ਪੈਰੀਂ ਪਿਛਵਾੜਿਓਂ ਆ, ਉਸਦੀਆਂ ਭੱਖਦੀਆਂ ਅੱਖਾਂ 'ਤੇ ਮਲਕੜੇ ਜਿਹੇ ਹੱਥ ਧਰ ਦਿੰਦੀ ਹੈ। ਜ਼ਿੰਦਗੀ ਦੇ ਬੁੱਲ੍ਹਾਂ 'ਚੋਂ ਉਦਾਸ ਸੁਰ ਦਾ ਗੀਤ ਸੁਣਨਾ ਸ਼ਾਇਰ ਨੂੰ ਗਵਾਰਾ ਨਹੀਂ।

ਸਾਦਾ ਤੇ ਸੁੱਚੀ ਮੁਹੱਬਤ ਵੱਲ ਸੰਕੇਤ ਕਰਦੇ ਚੇਤਿਆਂ ਦੇ ਵਰਕੇ, ਇਸ ਕਿਤਾਬ 'ਚ, ਸੱਜਰੀ ਉਡੀਕ ਨਾਲ ਤੜਪ ਰਹੇ ਨੇ। ਦੁੱਖ ਤੇ ਸ਼ਰਮਿੰਦਗੀ ਦੇ ਅਹਿਸਾਸਾਂ ਦੇ ਬਾਵਜੂਦ ਹਰ ਸੋਹਣੀ ਨਜ਼ਮ 'ਚ ਮਹੱਬਤ ਦਾ ਜ਼ਿਕਰ ਸੰਕੇਤ ਦੇ ਨਾਲ-ਨਾਲ ਸੰਦੇਸ਼ ਵੀ ਹੈ। ਕਵੀ, ਮੁਹੱਬਤ ਦੇ ਅਧੂਰੇਪਨ ਦੀ ਰੋਸ਼ਨੀ 'ਚ ਖ਼ਤ ਦੀ ਕਿਸ਼ਤੀ ਠੇਲ ਕੇ ਪਾਣੀ ਤੇ ਮਿੱਟੀ ਦੀ ਲੀਕ ਵਿਚਲਾ ਫਰਕ ਜਾਣ ਲੈਂਦਾ ਹੈ। ਉਹ ਨਾ ਮੁਹੱਬਤ ਦੀ ਗੁਆਚੀ ਸੰਵੇਦਨਾ ਹੀ ਲੱਭਣ ਤੁਰ ਪੈਂਦਾ ਹੈ।

ਕਬਰਾਂ ਦੇ ਰੁੱਖ 'ਤੇ ਬਹਿ ਕੇ ਗੁਟਕਦੀਆਂ ਘੁੱਗੀਆਂ ਵਰਗੀਆਂ ਬੁੱਟਰ ਦੀਆਂ ਕਵਿਤਾਵਾਂ ਮੰਦਰਾਂ 'ਚ ਜਗਦੇ ਚਿਰਾਗਾਂ ਦੀ ਤਰ੍ਹਾਂ ਸਾਡੇ ਮਨਾਂ ਅੰਦਰ ਪਵਿੱਤਰਤਾ ਦਾ ਅਹਿਸਾਸ ਜਗਾਉਂਦੀਆਂ ਹਨ। ਖ਼ਾਮੋਸ਼ ਤਰਬਾਂ ਤੇ ਸਾਰਥਕ ਸਰੋਕਾਰਾਂ ਵਾਲੀ ਇਸ ਮੌਲਿਕ ਕ੍ਰਿਤੀ ਦਾ ਗਹਿਰਾ ਨੋਟਿਸ ਲਿਆ ਜਾਣਾ ਚਾਹੀਦਾ ਹੈ।

ਲੰਮੀ ਬਾਂਹ ਕੱਢਕੇ ਕਿਸੇ ਦੇ ਨਾਂ ਦੀ ਬੋਲੀ ਪਾਣ ਵਾਲੀ ਕੁੜੀ ਦੀਆਂ ਪਿਆਸੀਆਂ ਅੱਖਾਂ 'ਚ ਮਹਿਕ-ਭਿੱਜੇ ਸੁਪਨ ਰੱਖ ਦੇਣ ਦੀ ਰੀਝ, ਬੇਲੋੜੀ ਹੀ ਨਹੀਂ, ਸੱਚ ਨੂੰ ਕੱਚ ਕਰ ਦੇਣ ਸਮਾਨ ਵੀ ਹੈ। ਕੱਚੀ ਤੰਦ ਵਰਗੀ ਇਸ ਇਕਹਿਰੀ ਖ਼ਾਮੀ ਦੇ ਬਾਵਜੂਦ ਆਸਾਂ-ਉਮੰਗਾਂ ਲੱਦੀ ਬੁੱਟਰ ਦੀ ਸੱਜਰੀ ਕਾਵਿ-ਹਵਾ ਬੰਦ-ਕਮਰਿਆਂ ਦੇ ਚੰਦਰੇ ਹਨੇਰਿਆਂ ਨੂੰ ਠਿੱਠ ਕਰਦੀ ਹੋਈ ਰੌਸ਼ਨ ਮਨਾਂ ਅੰਦਰ ਬੇਤਕੱਲਫੀ ਨਾਲ ਦਾਖ਼ਲ ਹੋ ਜਾਂਦੀ ਹੈ। ਜ਼ਹੇ-ਨਸੀਬ !

—ਪ੍ਰੇਮ ਸਾਹਿਲ



## ਕਾਗ ਸਮੇਂ ਦਾ ਬੋਲਿਆ/(ਤੇਰਾ ਸਿੰਘ ਚੰਨ)

ਬੜੀ ਉਡੀਕ ਦੇ ਬਾਅਦ, ਤੇਰਾ ਸਿੰਘ ਚੰਨ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ 'ਕਾਗ ਸਮੇਂ ਦਾ ਬੋਲਿਆ' ਛਪਿਆ ਹੈ।

ਨਵੇਂ ਪੰਜਾਬੀ ਪਾਠਕ ਚੰਨ ਦੇ ਕਵੀ ਹੋਣ ਨੂੰ ਨਹੀਂ ਜਾਣਦੇ ਉਹਨਾਂ ਨੂੰ ਏਨਾ ਹੀ ਪਤਾ ਹੈ ਕਿ ਚੰਨ ਕੇਂਦਰੀ ਪੰਜਾਬ ਲੇਖਕ ਸਭਾ ਦਾ ਜਨਰਲ ਸਕੱਤਰ ਹੁੰਦਾ ਸੀ।

ਪਹਿਲਾ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਏਨੀ ਉੱਚ ਪੱਧਰ ਦੀ ਸ਼ਾਇਰੀ ਕਰਨ ਵਾਲਾ ਸ਼ਾਇਦ ਉਮਰ ਦੇ ਅੱਧ ਵਿਚ ਆ ਕੇ ਚੁੱਪ ਕਿਉਂ ਹੋ ਗਿਆ ? ਕੀ ਬਦਲਦਾ ਸਮਾਜਕ/ਰਾਜਨੀਤਕ ਯਥਾਰਥ ਚੰਨ ਦੀ ਸਮਝ ਵਿਚ ਆਉਣੋਂ ਹਟ ਗਿਆ ਸੀ ? ਜਾਂ ਕੀ ਰਚਨਾਤਮਿਕ ਸਰਗਰਮੀ ਨਾਲੋਂ ਜਥੇਬੰਦਕ ਸਰਗਰਮੀ ਵਧੇਰੇ ਸਾਰਥਿਕ ਹੁੰਦੀ ਹੈ ?

ਇਕ ਕੋਮਿਊਨਿਸਟ ਸ਼ਾਇਰ, ਜੋ ਵਿਗਿਆਨਕ, ਭਵਿਖ ਮੁਖੀ ਤੇ ਸੰਘਰਸ਼ਮਈ ਚਿੰਤਨ ਦਾ ਮਾਲਕ ਹੁੰਦਾ ਹੈ, ਨਾਲ ਵੀ ਇਹ ਦੁਖਾਂਤ ਵਾਪਰ ਸਕਦਾ ਹੈ ਕਿ ਉਹ ਕਵਿਤਾ ਲਿਖਣੀ ਹੀ ਛੱਡ ਜਾਵੇ। ਸਾਹਿਤਕ ਲਹਿਰ ਨੂੰ ਜਥੇਬੰਦ ਕਰਨ ਵਾਲਾ ਕਵੀ, ਖ਼ੁਦ ਸਾਹਿਤਕ ਰਚਨਾਤਮਿਕ ਲਹਿਰ ਨਾਲ ਜੁੜਿਆ ਹੋਇਆ ਵੀ ਚੁੱਪ ਹੋ ਜਾਵੇ।

ਤੇ ਇਹ ਪ੍ਰਸ਼ਨ ਵੀ ਉੱਠਦਾ ਹੈ ਕਿ ਕੀ ਪ੍ਰਗਤੀਵਾਦੀ ਕਵੀ ਲਈ ਲੋਕਾਂ ਦੇ ਜੀਵਨ-ਸੰਗਰਾਮਾਂ ਨਾਲ ਟੁੱਟ ਕੇ ਵੀ ਸ਼ਾਇਰੀ ਕੀਤੀ ਜਾ ਸਕਦੀ ਹੈ ? ਚੰਨ ਦੀ ਕਵਿਤਾ ਦੀ ਪੁਨਰ-ਪ੍ਰਕਾਸ਼ਨਾਂ ਨੇ ਇਸ ਤਰ੍ਹਾਂ ਦੇ ਪ੍ਰਸ਼ਨ ਪੈਦਾ ਕੀਤੇ ਹਨ।

ਇਸ ਦੇ ਨਾਲ ਹੀ ਇਕ ਦੂਸਰੀ ਤਰ੍ਹਾਂ ਦੇ ਪ੍ਰਸ਼ਨ ਵੀ ਹਨ, ਕਿ ਉਸ ਕਵਿਤਾ ਦਾ ਕੀ ਮੁਲ ਰਹਿ ਜਾਂਦਾ ਹੈ ਜਿਹੜੀ ਕਵੀ ਨੇ ਜਿਸ ਘਟਨਾ ਦੀ ਮਹਿਮਾ ਬਾਰੇ ਲਿਖੀ ਹੈ, ਜਿਹੜੀ ਇਤਿਹਾਸ ਨੇ ਰੱਦ ਕਰ ਦਿੱਤੀ ਹੋਵੇ। ਜਾਂ ਉਹ ਕਿਹੜੇ ਕਾਵਿ-ਤੱਤ ਹਨ, ਜਿਹਨਾਂ ਦੀ ਸਿਰਜਣਾ ਨਾਲ, ਕਵਿਤਾ ਦੇਰ ਤੀਕ ਜੀਉਂਦੀ ਰਹਿੰਦੀ ਹੈ, ਭਾਵੇਂ ਕਿ ਸਮਾਜਕ ਹਾਲਾਤ ਉਹ ਨਹੀਂ ਰਹਿੰਦੇ, ਜਿਹੜੇ ਕਵਿਤਾਂ ਦੇ ਲਿਖਣ ਸਮੇਂ ਸਨ। ਕੀ ਸਮਕਾਲੀ ਘਟਨਾਵਾਂ ਬਾਰੇ ਲਿਖਣਾ ਫਜ਼ੂਲ ਹੈ ਤੇ ਸਦੀਵੀ ਵਿਸ਼ਿਆਂ ਦੀ ਭਾਲ ਕੀਤੀ ਜਾਵੇ ? ਕੀ ਇਤਿਹਾਸ ਦੀਆਂ ਵਾਦ-ਵਿਵਾਦੀ ਸ਼ਖ਼ਸੀਅਤਾਂ ਬਾਰੇ ਕਵਿਤਾ ਲਿਖਣੀ ਉਚਿਤ ਹੈ ਜਾਂ ਅਣ ਉਚਿਤ ?

ਇਹਨਾਂ ਸਭ ਪ੍ਰਸ਼ਨਾਂ ਦੇ ਉੱਤਰ ਵੱਖ-ਵੱਖ ਹੋ ਸਕਦੇ ਹਨ। ਆਪੋ ਆਪਣੀ ਬੁੱਧ ਅਨੁਸਾਰ ਪਰ ਫੇਰ ਵੀ ਕੁਝ ਗੱਲਾਂ ਤਾਂ ਸਪਸ਼ਟ ਹੀ ਹਨ। ਪਹਿਲੀ ਇਹ ਕਿ ਕਵੀ ਲੋਕ-ਜੀਵਨ ਦੇ ਨਿਤਾ ਪ੍ਰਤੀ ਤੇ ਸਦੀਵੀ, ਦੋਹਾਂ ਤਰ੍ਹਾਂ ਦੇ ਮਸਲਿਆਂ ਨਾਲ ਜੁੜਿਆ ਹੋਵੇ। ਤੇ ਉਹ ਕਾਵਿਕ-ਹੁਨਰ ਨੂੰ ਤਿਆਗੇ ਨਾ।

ਦੂਸਰਾ ਇਹ ਕਿ ਉਸ ਵਿਚ ਸਿਰਜਣ-ਸਮਰੱਥਾ ਹੋਵੇ, ਉਹ ਘਟਨਾਵਾਂ ਦੇ ਬਾਹਰੀ ਸਰੂਪ ਤੀਕ ਹੀ ਸੀਮਤ ਨਾ ਹੋ ਜਾਵੇ, ਇਸ ਦੀ ਡੂੰਘਾਣ ਤਕ ਵੀ ਉਤਰਨ ਦਾ ਯਤਨ ਕਰੇ। ਉਸ ਦੀ ਕਾਵਿ-ਪ੍ਰਤਿਭਾ ਹੀ ਉਸ ਨੂੰ ਇੰਝ ਕਰਨ ਵਿਚ ਸਹਾਈ ਹੋ ਸਕਦੀ ਹੈ। ਰਾਜਸੀ-ਦ੍ਰਿਸ਼ਟੀ ਨੇ ਕਵੀ ਨੂੰ ਗੱਲ ਸਮਝਣ ਵਿਚ ਸਹਾਇਤਾ ਤਾਂ ਕਰਨੀ ਹੈ, ਪਰ ਸਿਰਜਣਾ ਵੇਲੇ ਤਾਂ ਕਾਵਿ-ਪ੍ਰਤਿਭਾ ਹੀ ਕੰਮ ਆਉਂਦੀ ਹੁੰਦੀ ਹੈ।

ਹਾਲਾਤ ਬਦਲ ਗਏ ਹਨ। ਕਈ ਇਤਿਹਾਸਕ ਸੱਚ ਹਾਲਾਤ ਨੇ ਗ਼ਲਤ ਸਿੱਧ ਕਰ ਦਿੱਤੇ

○ ਪਿਆਰੇ ਹੁੰਦਲ ।

ਵਧੀਆ ਹੈ ਤੇਰਾ ਯਤਨ । ਸ਼ਬਦ ਮਹਿ-ਸਾਲ-ਇ-ਆਸ਼ਨਾਈ ।

ਭਾਵ ਸਾਲਾਂ ਤੇ ਮਹੀਨਿਆਂ ਦੀ ਦੋਸਤੀ ।

ਤੂੰ ਵੇਖਿਆ ਹੋਏਗਾ ਜਦੋਂ ਮਹਿਰਮ ਦਾ ਅਨੁਵਾਦ ਛਪਿਆ ਸੀ 1971 ਵਿਚ ਉਸਦਾ ਮੁਖਬੰਦ ਮੈਂ ਲਿਖਿਆ ਸੀ ।

ਤੂੰ ਪਾਬਲੋ ਨੰਬਰ ਵੀ ਚੰਗਾ ਕੱਢਿਆ ਸੀ । ਦੱਸਦਾ ਤਾਂ ਮੇਰੇ ਕੋਲ ਪਾਬਲੋ ਦੇ ਖ਼ਤ ਸਨ (ਜੋ ਮੇਰੇ ਖ਼ਤਾਂ ਦੇ ਉੱਤਰ ਵਿਚ ਉਸ ਲਿਖੇ ਸਨ) ਤੂੰ ਛਾਪ ਲੈਂਦਾ । ਮੈਂ ਉਸਦਾ ਤੇ ਨਾਜ਼ਮ ਦਾ ਉਪਾਸ਼ਕ ਹਾਂ ।

ਕਵਿਤਾਵਾਂ ਦਾ ਅਨੁਵਾਦ ਬੜਾ ਚੰਗਾ ਹੈ । ਮੈਂ ਇਕ ਕਵਿਤਾ ਵੀ ਪਾਬਲੋ- ਮਹਿਮੂਦ ਦਰਵੇਸ਼ ਨਾਜ਼ਮ ਲਈ ਇੱਕਠੀ ਲਿਖੀ ਸੀ, 'ਚਨੁਕਰੀ ਸ਼ਾਮ' ਵਿਚ । ਸ਼ਾਇਦ ਤੂੰ ਵੇਖੀ ਨਹੀ ।

ਜਦੋਂ ਦਰਵੇਸ਼ ਬਾਰੇ ਨੰਬਰ ਕੱਢੇਂਗਾ—ਦੱਸੀਂ । ਬਹੁਤ ਸਾਲ ਹੋਏ ਉਸਨੇ, ਇਕ ਪੁਸਤਕ ਮੈਨੂੰ ਭੇਜੀ ਸੀ । ਮੈਂ ਕਵਿਤਾਵਾਂ ਅਨੁਵਾਦ ਕਰ ਦਿਆਂਗਾ ?

—ਜਗਤਾਰ

○ ਨਾਜ਼ਿਮ ਹਿਕਮਤ ਵਿਸ਼ੇਸ਼ ਅੰਕ ਕੱਢ ਕੇ ਆਪ ਨੇ ਸਾਡੀ ਤੱਰਕੀ ਪਸੰਦ ਲਹਿਰ ਦੇ ਨਿਰਾਸ ਲੇਖਕਾਂ ਲਈ ਬੜਾ ਵੱਡਾ ਕੰਮ ਕੀਤਾ । ਕਦੇ ਪਾਬਲੋ ਨੇਰੂਦਾ ਤੇ ਕਦੇ ਹਿਕਮਤ ਜਾਂ ਫੈਜ਼ ਅਹਿਮਦ ਫੈਜ਼ ਦੀ ਗੱਲ ਤੁਰਦੀ ਰਹੇ ਤਾਂ ਅਸੀਂ ਆਪਣੀ ਲਹਿਰ ਦੀ ਖੜੋਤ ਨੂੰ ਤੋੜਨ ਵਿਚ ਕੁਝ ਯੋਗਦਾਨ ਤਾਂ ਪਾ ਹੀ ਸਕਦੇ ਹਾਂ ।

—(ਡਾ. ਐੱਸ. ਤਰਸੇਮ)

○ ਇਕ ਹੋਰ ਨਜ਼ਮ 'ਜ਼ੋਇਆ' ਜਿਸਦਾ ਜ਼ਿਕਰ ਕਨਸਤੈਨ ਤਿਨ ਸਿਮੋਨੋਵ ਦੇ ਲੇਖ 'ਨਾਜ਼ਿਮ ਹਿਕਮਤ ਦੀਆਂ ਯਾਦਾਂ' 'ਚ ਆਇਆ ਹੈ, ਪੜ੍ਹਨ ਦਾ ਅਰਮਾਨ ਵੀ ਰਹਿ ਗਿਆ ।

ਹਥਲੇ ਅੰਕ ਨੂੰ ਤਿਆਰ ਕਰਨ 'ਚ ਤੁਸੀਂ ਕਿੰਨੀ ਮੁਸ਼ੱਕਤ ਕੀਤੀ ਹੋਏਗੀ, ਇਸ ਬਾਰੇ ਸੋਚ ਕੇ ਤਾਂ ਅੱਖਾਂ ਭਰ ਆਈਆਂ ਨੇ...

—ਪ੍ਰੇਮ ਸਾਹਿਲ

○ 'ਚਿਰਾਗ' ਦਾ ਅਪਰੈਲ-ਜੂਨ ਅੰਕ ਕੁਝ ਦਿਨ ਪਹਿਲਾਂ ਮਿਲਿਆ ਸੀ, ਅਜਿਹਾ ਮਿਆਰੀ ਪਰਚਾ ਕੱਢਣ ਲਈ ਵਧਾਈ ਦੇ ਹੱਕਦਾਰ ਹੋ ।

ਖੁਲ੍ਹੀ ਕਵਿਤਾ ਬਾਰੇ ਮੈਂ ਬਹੁਤਾ ਕੁਝ ਨਹੀਂ ਜਾਣਦਾ, ਪਰ ਜੇ ਕੋਈ ਅਜਿਹੀ ਵਿਧਾ ਹੈ ਤਾਂ ਸੁਖਿੰਦਰ ਨੂੰ ਇਸ ਦੀ ਚੰਗੀ ਪਛਾਣ ਹੈ । ਸ਼ਬਦੀਸ਼ ਦੀਆਂ 'ਬੁਝਾਰਤਾਂ' ਪੱਲੇ ਨਹੀਂ ਪਈਆਂ । ਗੁਰਨਾਮ ਢਿੱਲੋਂ ਲਈ ਚੰਗਾ ਹੈ ਕਿ ਉਹ ਕਵਿਤਾਂ ਦਾ ਖਹਿੜਾ ਛੱਡ ਕੇ ਗ਼ਜ਼ਲ ਦੇ ਲੜ ਲੱਗ ਜਾਵੇ ਤੇ ਕਿਸੇ ਸਿਆਣੇ ਉਸਤਾਦ ਤੋਂ ਇਸਲਾਹ ਲਵੇ । ਗ਼ਜ਼ਲਾਂ ਵਿਚ ਜਸਵਿੰਦਰ ਤੋਂ ਬਿਨਾਂ ਬਹੁਤੀ ਗੱਲ ਨਹੀਂ ਬਣ ਸਕੀ । ਜ਼ਰੂਰੀ ਨਹੀਂ ਕਿ ਲਹਿੰਦੇ ਪੰਜਾਬ ਦੇ ਹਰ ਲੇਖਕ ਨੂੰ ਅਸੀਂ ਹੇਰਵੇ ਤਹਿਤ ਛਾਪਦੇ ਜਾਈਏ । ਦਿਲਸ਼ਾਦ ਅਹਿਮਦ 'ਚੰਨ' 'ਤੇ ਆਸ਼ਕ ਅਲੀ ਫ਼ੈਸਲ ਬਹੁਤ ਮੁਤਾਸਿਰ ਨਹੀਂ ਕਰਦੇ, ਫੇਰ ਵੀ ਜਸਵਿੰਦਰ ਨੂੰ ਛੱਡ ਕੇ ਬਾਕੀ ਗ਼ਜ਼ਲ ਗੋਆਂ ਤੋਂ ਚੰਗੇ ਹਨ । ਹਰਜੀਤ ਅਟਵਾਲ ਦੀ 'ਲੌਂਗ-ਫਲੂਮ' ਵਧੀਆ ਕਹਾਣੀ ਹੈ, ਪਰ ਇਲਿਆਸ ਘੁੰਮਣ ਦੀ 'ਇੱਲ ਕੋਕੋ' ਧੁਰ ਅੰਦਰ ਲਹਿ ਗਈ । ਉਹਨੂੰ ਕਹਾਣੀ ਦੇ ਈਡੀਅਮ ਦੀ ਚੰਗੀ ਚੋਖੀ ਸਮਝ ਹੈ । ਡਾ, ਸੁਖਦੇਵ



ਸਿੰਘ ਨੇ ਜੁਝਾਰੂ ਕਵਿਤਾ ਦੇ ਖਾਸੇ ਨੂੰ ਚੰਗੀ ਤਰ੍ਹਾਂ ਉਘਾੜਿਆ ਹੈ । ਪਰ, ਉਨ੍ਹਾਂ ਵੱਲੋਂ ਕੋਟ ਕੀਤੀਆਂ ਕਈ ਕਵਿਤਾਵਾਂ ਨੂੰ ਕਵਿਤਾ ਦੇ ਘੇਰੇ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ । ਕਵਿਤਾ ਦੇ ਨਾਂ ਥੱਲੇ ਕੀਤੀ ਗਈ ਹਰ ਰਚਨਾ ਜ਼ਰੂਰੀ ਨਹੀਂ ਕਵਿਤਾ ਹੀ ਹੋਵੇ । ਜੁਝਾਰੂ-ਕਾਵਿ ਅੰਦਰ ਕਵੀਆਂ ਨਾਲੋਂ ਅਕਵੀਆਂ ਦੀ ਗਿਣਤੀ ਵਧੇਰੇ ਸੀ । ਸੰਤ ਰਾਮ ਉਦਾਸੀ ਵਰਗੇ ਕਵੀਆਂ ਕਰਕੇ ਹੀ ਇਹ ਕਾਵਿ ਲੋਕਾਂ ਨਾਲ ਜੁੜਿਆ ਰਿਹਾ ਹੈ, ਭਾਵੇਂ ਕਿ ਸਾਜ਼ਿਸ ਅਧੀਨ ਕੁਝ ਲੋਕਾਂ ਨੇ ਉਸਨੂੰ 'ਸਟੇਜੀ ਕਵੀ' ਕਹਿ ਕੇ ਛੁਟਿਆਉਣ ਦੀ ਕੋਸ਼ਿਸ਼ ਵੀ ਕੀਤੀ । ਮੇਰੀ ਜਾਚੇ ਕਵਿਤਾ ਕੇਵਲ ਕਵਿਰਾ ਹੁੰਦੀ ਹੈ । ਉਸ ਵਿਚ ਕੋਈ ਪਾੜਾ ਨਹੀਂ ਹੋ ਸਕਦਾ ।

ਨਿਸਚੇ ਹੀ 'ਚਿਰਾਗ਼' ਨੇ ਮੇਰੇ ਦਿਲ 'ਤੇ ਅਮਿੱਟ ਨਕਸ਼ ਛੱਡੇ ਹਨ ।

—ਬਰਜਿੰਦਰ ਚੋਹਾਨ (ਨਵੀਂ ਦਿੱਲੀ) ।

○ ਤੁਸੀਂ ਮੇਰਾ ਸਪਸ਼ਟੀਕਰਨ ਨਹੀਂ ਛਾਪਿਆ, ਖੈਰ ! 'ਇਸ ਅੰਕ ਦਾ ਕਵੀ' ਦੀ ਕਿਵੇਂ ਚੋਣ ਕਰਦੇ ਹੋ ? ਇਸ ਕਾਲਮ ਲਈ ਸਫੇ ਘਟਾ ਕੇ ਕਵੀਆਂ ਦੀ ਗਿਣਤੀ ਵਧਾਓ । ਮੇਰਾ ਖਿਆਲ ਹੈ ਜੁਝਾਰ' ਦੀ ਥਾਂ 'ਜੁਝਾਰੂ' ਸ਼ਬਦ ਹੋਣਾ ਚਾਹੀਦੈ । ਵਾਘਿਓ ਪਾਰ ਦੀਆਂ ਜਾਗਰੂਪ ਅਤੇ ਚੇਤੰਨ ਗ਼ਜ਼ਲਾਂ ਲਿਖਣਾ 'ਤੇ ਚੰਨ ਅਤੇ ਫੇਸਲ ਨੂੰ ਮੇਰਾ ਪੈਰੀਂ ਪੈਣਾ ਪ੍ਰਵਾਨ ਹੋਵੇ । ਵਾਘਿਓ ਪਾਰ ਦੇ ਹੀ ਹਬੀਬ ਜਾਲਿਬ ਸਾਂਭਣ ਯੋਗ ਅਮਰ ਲੋਕ ਸਾਹਿਤ ਪੰਜਾਬੀ ਲਿਪੀ ਰਾਹੀਂ ਸਾਡੇ ਹੱਥੀਂ ਦੇਣ ਤੇ ਤੁਹਾਡੇ ਬਲਿਹਾਰੇ ਜਾਈਏ ।

— ਧਰਮ ਸਿੰਘ ਗੁਲ੍ਹਾਟੀ, ਸੰਗਰੂਰ

○ ਚਿਰਾਗ ਦਾ ਛੇਵਾਂ ਅੰਕ (ਅਪਰੈਲ-ਜੂਨ, 1996) ਮਿਲ ਗਿਆ ਸੀ । ਪਿਛਲੇ ਦਿਨੀਂ ਇਕ ਕਵੀ ਦਰਬਾਰ 'ਤੇ ਦੋਸਤ ਮਿਲੇ ਸਨ। ਉਹਨਾਂ ਪਰਚੇ ਦੀ ਤਾਰੀਫ ਕੀਤੀ ਸੀ । ਪਰਚਾ ਹਰਮਨ ਪਿਆਰਾ ਹੋ ਰਿਹਾ ਹੈ । ਆਪ ਜੀ ਆਪਣੇ ਨਿਬੰਧਾਂ ਵਿਚ ਖੂਬਸੂਰਤ ਨੁਕਤੇ ਉਠਾਉਂਦੇ ਹੋ । ਛੇਵੇਂ ਅੰਕ ਦੇ ਅਖੀਰ ਵਿਚ 'ਕਵਿਤਾ ਤੇ ਸਰੋਤੇ' ਦੇ ਸੀਰਸ਼ਕ ਹੇਠ ਆਪ ਜੀ ਨੇ ਬੜੇ ਸਾਰਥਕ ਨੁਕਤੇ ਉਠਾਏ ਹਨ—ਕਵਿਤਾ ਦੀ ਵਾਸਤਵਿਕਤਾ ਅਤੇ ਪ੍ਰਮਾਣਕਤਾ ਬਾਰੇ । ਅਸਾਡੇ ਕਾਵਿ-ਅਚਾਰੀਆ ਅਥਵਾ ਕਾਵਿ-ਸ਼ਾਸ਼ਤਰੀ ਇਹਨਾਂ ਤੱਥਾਂ ਨੂੰ ਆਧਾਰ ਬਣਾ ਕੇ ਸੰਵਾਦ ਕਿਉਂ ਨਹੀਂ ਰਚਾਉਂਦੇ ? ਇਹ ਕਿਸ ਗੱਲੋਂ ਡਰਦੇ ਹਨ ? ਕਿਧਰੇ ਇਹਨਾਂ ਦੇ ਪਾਧ ਤਾਂ ਨਹੀਂ ਕੰਬਦੇ ? ਉਂਝ ਇਹ ਪੱਛਮ ਦੇ ਚਗਲੇ ਹੋਏ ਸਿਧਾਂਤਾਂ ਨੂੰ ਚੂਸ ਚੂਸ ਕੇ ਮਹਾਨ ਚਿੰਤਕ (ਦੂਰਚਿੰਤਕ !) ਬਣਨ ਦੀ ਦੌੜ ਵਿਚ ਸ਼ਾਮਲ ਹੋਣ ਲਈ ਤਾਂ ਬੜੇ ਹੁੰਦੇ ਸ਼ੇਰ ਹਨ ।

—ਗੁਰਨਾਮ ਢਿੱਲੋਂ (ਯੂ.ਕੇ.)

○ ਚਿਰਾਗ਼ ਦਾ ਵਿਸ਼ੇਸ਼ ਅੰਕ, ਨਿਰਸੰਦੇਹ ਤੁਹਾਡੀ ਪ੍ਰਾਪਤੀ ਹੈ ।

—ਪ੍ਰਮਿੰਦਰਜੀਤ (ਲੋਅ ਵਾਲੇ)

○ ਚਿਰਾਗ਼ ਦਾ ਨਾਜ਼ਿਮ ਹਿਕਮਤ ਵਿਸ਼ੇਸ਼ ਅੰਕ ਪੜ੍ਹਕੇ ਜੋ ਜਾਣਕਾਰੀ ਇਸ ਮਹਾਨ ਇਨਸਾਨ ਬਾਰੇ ਮਿਲੀ ਹੈ ਉਸਦਾ ਮੁੱਲ ਹੀ ਨਹੀਂ । ਸਿਰਫ਼ ਦਸ ਰੁਪਏ ਵਿਚ ਤੁਸੀਂ ਸਾਰੇ ਦਾ ਸਾਰਾ ਨਾਜ਼ਿਮ ਹਿਕਮਤ ਪੜ੍ਹਾ ਦਿੱਤਾ ਹੈ । ਉਮੀਦ ਹੈ ਕਿ ਅੱਗੇ ਤੋਂ ਵੀ ਅਜੇਹੇ ਖੂਬਸੂਰਤ ਅੰਕ ਪੇਸ਼ ਕਰਦੇ ਰਹੋਗ । ਇਕ ਸ਼ੇਅਰ ਨਾਜ਼ਿਮ ਹਿਕਮਤ ਦੇ ਨਾਂਅ—

ਜ਼ੁਬਾਂ 'ਤੇ ਸੱਚ ਹੈ ਸਾਡੇ,
ਦਿਲਾਂ ਵਿਚ ਹੌਂਸਲਾ ਯਾਰੋ ।
ਜਦੋਂ ਤਕ ਮੌਤ ਨਈਂ ਆਉਂਦੀ,
ਰਹੂ ਇਹ ਸਿਲਸਿਲਾ ਯਾਰੋ ।

—ਤ੍ਰਿਲੋਚਣ 'ਲੋਚੀ', ਮੁਕਤਸਰ

○ ਚਿਰਾਗ਼ ਨੰ: 7 ਨਾਜ਼ਿਮ ਹਿਕਮਤ ਪਹੁੰਚ ਗਿਆ ਹੈ। ਏਨਾ ਦਿਲਚਸਪ ਲੱਗਾ ਹੈ ਕਿ ਸਾਰਾ ਪਰਚਾ ਇਕ ਦਿਨ ਵਿਚ ਹੀ ਪੜ੍ਹ ਲਿਆ। ਵੈਸੇ ਕਿਸੇ ਇਕੋ ਕਵੀ ਜਾਂ ਲੇਖਕ ਬਾਰੇ ਅੰਕ ਕੱਢਣਾ ਬੜਾ ਮੁਸ਼ਕਲ ਕੰਮ ਹੈ। ਪਰਚੇ ਦਾ ਘੱਟ ਪ੍ਰਭਾਵਸ਼ਾਲੀ ਹੋਣ ਦਾ ਜਾਂ ਰੁੱਖਾ ਜਿਹਾ ਹੋਣ ਦਾ ਡਰ ਰਹਿੰਦਾ ਹੈ। ਪਰ ਨਾਜ਼ਿਮ ਹਿਕਮਤ ਦੀ ਸ਼ਖ਼ਸ਼ੀਅਤ ਅਤੇ ਕਵਿਤਾ ਕਮਾਲ ਦੀ ਹੈ ਕਿ ਵਿਸ਼ੇਸ਼-ਅੰਕ ਕਾਮਯਾਬ ਰਿਹਾ ਹੈ।

—ਕਸ਼ਮੀਰ ਨੀਰ

○ ਪਿਛਲੇ ਦਿਨੀਂ 'ਚਿਰਾਗ' ਦਾ ਨਾਜ਼ਮ ਹਿਕਮਤ ਵਿਸ਼ੇਸ਼ ਅੰਕ ਪ੍ਰਾਪਤ ਹੋਇਆ ਹੈ। ਵੈਸੇ ਤਾਂ ਠੀਕ ਹੈ ਪਰ ਸਾਰੇ ਪਾਠਕ ਕਵਿਤਾ ਦੇ ਪਾਠਕ ਨਹੀਂ ਹੁੰਦੇ। ਮਸਾਂ ਮਸਾਂ ਤਿੰਨ ਮਹੀਨੇ ਦੀ ਉਡੀਕ ਬਾਅਦ ਤਾਂ ਪਰਚਾ ਪਹੁੰਚਦਾ ਹੈ ਜੇ ਉਸ ਵਿਚੋਂ ਸਾਹਿਤ ਵੰਨਗੀਆਂ ਦਾ ਸੰਤੁਲਨ ਗਾਇਬ ਹੋਵੇ ਤਾਂ ਜ਼ਰਾ ਮਾਯੂਸੀ ਹੁੰਦੀ ਹੈ। 'ਕਵਿਤਾ' ਤਾਂ ਅੱਗੇ ਬਥੇਰੀ ਲਿਖੀ ਜਾ ਰਹੀ ਹੈ, ਪੜ੍ਹੀ ਜਾ ਰਹੀ ਹੈ, ਗਾਈ ਜਾ ਰਹੀ ਹੈ, ਫ਼ਿਲਮਾਈ ਜਾ ਰਹੀ ਹੈ, ਆਲੋਚਨਾ ਅਧੀਨ ਹੈ ਤੇ ਪ੍ਰਕਾਸ਼ਨਾ ਅਧੀਨ ਹੈ ਪ੍ਰੰਤੂ ਬਾਕੀ ਵੰਨਗੀਆਂ ਇਸ ਕਾਰਨ Suffer ਕਰ ਰਹੀਆਂ ਹਨ। ਘੱਟੋ ਘੱਟ ਪਾਠਕਾਂ ਦੇ ਖ਼ਤ ਤਾਂ ਜ਼ਰੂਰ ਛਪਣੇ ਚਾਹੀਦੇ ਹਨ ਤਾਂ ਜੁ ਜੇਕਰ ਕਿਸੇ ਪਾਠਕ ਨੇ ਲੇਖਕ ਦੀ ਪਿਛਲੇ ਅੰਕ ਵਿਚ ਛਪੀ ਰਚਨਾ ਉਪਰ comment ਕੀਤਾ ਹੋਵੇ ਉਹ ਲੇਖਕ ਤੱਕ ਪਹੁੰਚ ਸਕੇ। ਹੋਰ ਪੰਜਾਬੀ ਦਾ ਲੇਖਕ ਕਿਹੜਾ ਮਨੀ-ਆਰਡਰ ਉਡੀਕਦਾ ਹੈ ?

'ਚਿਰਾਗ਼' ਲਗਾਤਾਰ ਮਿਲ ਰਿਹਾ ਹੈ। ਮਨ ਨੂੰ ਤਸੱਲੀ ਜਿਹੀ ਰਹਿੰਦੀ ਹੈ ਕਿ ਇਕ ਹੋਰ ਮਿਆਰੀ ਤ੍ਰੈਮਾਸਿਕ ਸਥਾਪਿਤ ਹੋ ਗਿਆ ਹੈ। ਪਰ ਕ੍ਰਿਪਾ ਕਰਕੇ ਪਾਠਕਾਂ ਦੇ concerns ਵੱਲ ਵੀ ਗੌਰ ਕਰਦੇ ਰਿਹਾ ਕਰੋ।

—ਅਮਨਪਾਲ ਸਾਰਾ (ਕੈਨੇਡਾ)

○ ਤੇਰੇ ਸੰਪਾਦਕੀ ਦੀ ਗੱਲ ਬਿਲਕੁਲ ਦਰੁਸਤ ਹੈ। ਭਾਵਨਾਵਾਂ ਦੇ ਫੌਰੀ ਪ੍ਰਗਟਾਅ ਲਈ ਕਵਿਤਾ ਤੋਂ ਬਿਨਾਂ ਕੋਈ ਹੋਰ ਸਿਨਫ ਕਦੇ ਨਹੀਂ ਹੋ ਸਕਦੀ। ਕਵਿਤਾ ਹੀ ਭਾਵਾਂ ਨੂੰ, ਤਰਕਸ਼ੀਲ ਭਾਵਾਂ ਨੂੰ ਪੇਸ਼ ਕਰਦੀ ਹੈ। ਨਸਰ ਨੂੰ ਵਕਫ਼ਾ ਚਾਹੀਦਾ ਹੈ ਪਰ ਕਵਿਤਾ ਨੂੰ ਵਕਫ਼ਾ ਮਾਰ ਦੇਂਦਾ ਹੈ। ਮੈਨੂੰ ਤੇਰਾ ਸੰਪਾਦਕੀ ਪਸੰਦ ਆਇਆ ਹੈ।

—ਸਵਰਨ ਚੰਦਨ (ਯੂ.ਕੇ.)

○ ਸਭ ਤੋਂ ਪਹਿਲਾਂ ਤਾਂ ਮੈਂ ਤੁਹਾਨੂੰ ਨਾਜ਼ਮ ਹਿਕਮਤ ਅੰਕ ਦੀ ਸ਼ਾਨਦਾਰ ਸੰਪਾਦਨਾ ਉਪਰ ਡੂੰਘੇ ਦਿਲੋਂ ਮੁਬਾਰਕ ਦਿੰਦਾ ਹਾਂ। ਜਦੋਂ ਇਹ ਬੱਸ ਅੱਡੇ ਉਪਰ ਡਾਕੀਏ ਨੇ ਮੈਨੂੰ ਦਿੱਤਾ ਮੈਂ ਲੁਧਿਆਣੇ ਜਾ ਰਿਹਾ ਸੀ। ਜਿਉਂ-ਜਿਉਂ ਪੜ੍ਹਦਾ ਜਾਵਾਂ ਤਿਉਂ ਤਿਉਂ ਤੁਹਾਡੀ ਮਿਹਨਤ ਪ੍ਰਤੀ ਹੋਰ ਹੋਰ ਸਤਿਕਾਰ ਉਮੜਦਾ ਆਵੇ। ਖ਼ਾਸ ਕਰਕੇ ਇਹ ਅੰਕ ਤੁਹਾਡੇ ਇਕੱਲਿਆਂ ਦੀ ਹੀ ਮਿਹਨਤ ਜਾਪਦਾ ਹੈ। ਕੀ ਸਾਡਾ ਪੰਜਾਬ ਸੱਚਮੁੱਚ ਹੀ ਅਕਾਦਮੀਸ਼ਨਾਂ-ਵਿਦਵਾਨਾਂ ਤੇ ਮਿਹਨਤ ਕਰਨ ਵਾਲੇ ਸਿਰਜਨਾਤਮਕ ਪੁਰਸ਼ਾਂ ਖੁਣੋਂ ਸੱਚ ਮੁੱਚ ਹੀ ਸੱਖਣਾ ਹੋ ਗਿਆ ਹੈ ? ਜੇ ਨਹੀਂ ਤਾਂ ਕੋਈ ਤਾਂ ਕਲਮਕਾਰ ਨਾਜ਼ਮ ਹਿਕਮਤ ਬਾਰੇ ਕੁਝ ਤਾਂ ਲਿਖਦਾ। ਜਾਂ ਇਹਨਾਂ ਲਈ ਨਾਜ਼ਮ ਹਿਕਮਤ ਕਿਸੇ ਪੁਲਾੜੀ ਦੁਨੀਆਂ ਦਾ ਬੰਦਾ ਸੀ। ਠੀਕ ਹੈ ਕਿ ਉਸਦੀਆਂ ਤੁਰਕੀ ਵਿਚੋਂ ਘਟ ਕਵਿਤਾਵਾਂ ਅਨੁਵਾਦ ਹੋਈਆਂ ਹਨ। ਤੁਸੀਂ ਵੀ ਤਾਂ ਕਿਤੋਂ ਲੇ ਕੇ ਉਹਨਾਂ ਦਾ ਪੰਜਾਬੀ ਰੂਪਾਂਤਰਨ ਜਾਂ ਅਨੁਵਾਦ ਕੀਤਾ ਹੈ। ਯੂਨੀਵਰਸਟੀਆਂ ਵਿਚ ਅਨੇਕਾਂ ਲਾਇਬਰੇਰੀਆਂ ਹਨ ਜਿਨ੍ਹਾਂ ਵਿਚ ਹੋ ਨਹੀਂ ਸਕਦਾ ਕਿ ਨਾਜ਼ਮ ਹਿਕਮਤ ਬਾਰੇ ਕੁਝ ਨਾ ਹੋਵੇ। ਖੈਰ ਸਾਨੂੰ ਪਿੰਡਾਂ ਵਾਲਿਆਂ ਲਈ ਤਾਂ ਜ਼ਰੂਰ ਅਜਿਹੇ ਸੋਮੇਂ ਪ੍ਰਾਪਤ ਨਹੀਂ ਹਨ। ਅਲੋਚਕਾਂ ਤੇ ਹੋਰਨਾਂ ਭਾਸ਼ਾ ਵਿਗਿਆਨੀਆਂ ਵਲੋਂ ਜ਼ਰੂਰ ਕੁਝ ਨਾ ਕੁਝ ਚਿਰਾਗ਼ ਲਈ ਭੇਜਿਆ ਜਾਣਾ ਚਾਹੀਦਾ ਸੀ। ਇਹ ਸਾਡੇ ਪੰਜਾਬੀ



ਸਾਹਿਤ ਦੇ ਅਜੋਕੇ ਸਮੇਂ ਦੀ ਤਰਾਸਦੀ ਹੀ ਕਹੀ ਜਾ ਸਕਦੀ ਹੈ। ਤੁਸੀਂ ਇਹ ਬਹੁਤ ਵੱਡਾ ਕੰਮ ਕੀਤਾ ਹੈ ਇਸ ਲਈ ਫਿਰ ਤੁਹਾਡੀ ਅਣਥੱਕ ਮਿਹਨਤ ਦੀ ਦਾਦ ਦਿੰਦਾ ਹੋਇਆ, ਮੁਬਾਰਕਬਾਦ ਦਿੰਦਾ ਹਾਂ।

—ਸੂਫ਼ੀ ਅਮਰਜੀਤ (ਕੈਨੇਡਾ)

○ ਚਿਰਾਗ਼ ਤ੍ਰੈਮਾਸਿਕ ਨੇ ਨਾਜ਼ਿਮ ਹਿਕਮਤ ਵਿਸ਼ੇਸ਼ ਅੰਕ ਕੱਢ ਕੇ ਪੰਜਾਬ ਦੇ ਲੋਕਾਂ ਉਪਰ ਤਕੜਾ ਅਹਿਸਾਨ ਕੀਤਾ ਹੈ। ਚਿਰਾਗ਼ ਵਾਲੇ ਭਾਵੇਂ ਇਹ ਕਹਿਣ ਕਿ ਉਹਨਾਂ ਨੇ ਤਾਂ ਮਾਂ ਬੋਲੀ ਪੰਜਾਬੀ ਅਤੇ ਪੰਜਾਬ ਦੇ ਇਨਕਲਾਬੀ ਲੋਕਾਂ ਪ੍ਰਤੀ ਆਪਣਾ ਫਰਜ ਨਿਭਾਇਆ ਹੈ। ਪ੍ਰੰਤੂ ਅਸੀਂ ਇਸ ਨੂੰ ਅਵੱਸ਼ ਅਹਿਸਾਨ ਕਰਾਂਗੇ। ਕਿਉਂਕਿ ਚਿਰਾਗ਼ ਦੇ ਸੰਪਾਦਕ ਸਾਥੀ ਹਰਭਜਨ ਸਿੰਘ ਹੁੰਦਲ ਨੇ ਟੋਲ ਟੋਲ ਕੇ ਤੁਰਕੀ ਦੇ ਇਸ ਮਹਾਨ ਇਨਕਲਾਬੀ ਕਵੀ ਸਬੰਧੀ ਸਮੱਗਰੀ ਤੇ ਉਸਦੀਆਂ ਕਵਿਤਾਵਾਂ ਇਕਠੀਆਂ ਪੇਸ਼ ਕੀਤੀਆਂ ਹਨ। ਇਹ ਵੱਡੀ ਉੱਦਮ ਵਾਲੀ ਗੱਲ ਹੈ।

—ਸੰਪਾਦਕ ਹਫਤੇਵਾਰ ਲੋਕ-ਲਹਿਰ

○ ਹਨ੍ਹੇਰੀਆਂ ਰਾਤਾਂ ਵਿਚ 'ਚਿਰਾਗ' ਜਲਾ ਕੇ ਰੱਖਣਾ ਸੁਚੇਤ ਲੋਕਾਂ ਦੀ ਲੋੜ ਵੀ ਹੈ ਅਤੇ ਜ਼ਿੰਮਵਾਰੀ ਵੀ। ਇਸ ਅੰਕ ਵਿਚ ਦਵਿੰਦਰ ਬਾਂਸਲ ਦੀ ਨਜ਼ਮ 'ਹਨ੍ਹੇਰਾ' ਅਤੇ ਨਿਰੰਜਨ ਸਿੰਘ ਨੂਰ ਦੀ ਨਜ਼ਮ 'ਤੂੰ ਦੀਵਾ ਬਾਲ ਕੇ ਰੱਖੀਂ' ਕਾਫੀ ਵਧੀਆ ਲੱਗੀਆਂ, ਖ਼ਾਸ ਕਰਕੇ ਨੂਰ ਦੀਆਂ ਇਹ ਸਤਰਾਂ ;

ਮੈਂ ਆਪਣੀ ਭਾਲ ਵਿਚ ਟੁਰਿਆ
'ਤੇ ਸ਼ਾਇਦ ਪਰਤ ਹੀ ਆਵਾਂ
ਤੂੰ ਦੀਵਾ ਬਾਲ ਕੇ ਰੱਖੀਂ

ਕੋਸ਼ਿਸ਼ ਕਰਿਆ ਕਰੋ ਕਿ ਹਰ ਅੰਕ ਵਿਚ ਕਿਸੇ ਚਰਚਿਤ ਲੇਖਕ ਨਾਲ ਇਕ 'ਵਿਸ਼ੇਸ਼ ਮੁਲਾਕਾਤ' ਜ਼ਰੂਰ ਸ਼ਾਮਿਲ ਕੀਤੀ ਜਾਵੇ।

—ਸੁਖਿੰਦਰ ਕੈਨੇਡਾ

---

(ਸਫ਼ਾ 73 ਦੀ ਬਾਕੀ)

ਵਾਸਤਾ ਪੈਣ ਕਾਰਨ ਉਹ ਉੱਚੀ ਸੁਰ ਦੀ ਸ਼ਾਇਰੀ ਕਰਨ ਨੂੰ ਠੀਕ ਸਮਝਦਾ ਸੀ ਤੇ ਉਹ ਸੂਖਮ ਸ਼ਾਇਰੀ ਦਾ ਆਪਣੀ ਕਵਿਤਾ ਵਿਚ ਮਖੌਲ ਉਡਾਉਂਦਾ ਹੈ। (ਧੀਮੀ ਸੁਰ ਦੀ ਅਦਾਕਾਰੀ) ਅਸਲ ਵਿਚ ਮਨਜੀਤ-ਕਾਦਰ ਨੇ ਹਾਲੀ ਚੰਗੀ ਸ਼ਾਇਰੀ ਦੇ ਸਫਰ ਤੇ ਤੁਰਨਾ ਆਰੰਭ ਹੀ ਕੀਤਾ ਕੀਤਾ ਸੀ। ਪਾਸ਼ ਦੀ ਮੌਤ (ਇਕ ਖ਼ਬਰ ਦੇ ਰੂਬਰੂ) ਤੇ ਲਿਖੀ ਕਵਿਤਾ ਇਸ ਸਫ਼ਰ ਦਾ ਸੰਕੇਤ ਮਾਤਰ ਸੀ—ਪਰ ਉਸ ਨੂੰ, ਬੇਵਕਤ ਮੌਤ ਕਾਰਨ ਸਿਆਸੀ ਸ਼ਾਇਰੀ ਤੇ ਸੂਖਮਤਾ ਦਾ ਸੁਮੇਲ ਕਰਨ ਦਾ ਵਕਤ ਹੀ ਨਹੀਂ ਮਿਲਿਆ। ਉਹ ਸੂਝ ਤੇ ਸ਼ਾਇਰੀ ਦੇ ਸੁੰਦਰ ਸੁਮੇਲ ਲਈ, ਤਾਘਦਾ ਜ਼ਰੂਰ ਸੀ। ਪਰ ਉਸ ਦੇ ਰਾਜਸੀ ਅਕੀਦਿਆਂ ਨੇ ਉਸ ਨੂੰ ਸੁਹਜ-ਸ਼ਾਸਤਰ ਦੇ ਰਾਹੇ ਨਹੀਂ ਪੈਣ ਦਿਤਾ।

ਕਾਦਰ ਦੇ ਗੀਤ, ਖੇਤ ਮਜ਼ਦੂਰਾਂ ਤੇ ਗੋਹਾ-ਕੂੜਾ ਕਰਦੀਆਂ ਮਜਬੂਰ ਮੁਟਿਆਰਾਂ ਦੇ ਚਿਤਰ ਪੇਸ਼ ਕਰਦੇ ਨੇ। ਉਸ ਵਿਚ ਚੰਗਾ ਗੀਤਕਾਰ ਬਣਨ ਦੀ ਸੰਭਾਵਨਾ ਸੀ, ਪਰ ਉਹ ਸ਼ਬਦ ਜੜਤ ਤੇ ਲੈ-ਤਾਲ ਵਲੋਂ ਬੜਾ ਬੇਨਿਆਜ਼ ਤੇ ਲਾਪ੍ਰਵਾਹ ਪ੍ਰਤੀਤ ਹੁੰਦਾ ਹੈ। ਗਜ਼ਲਾਂ ਦੇ ਸ਼ਿਅਰ ਵੀ ਵਜ਼ਨ ਪੱਖੋਂ ਥਿੜਕਦੇ ਹਨ। ਅਸਲ ਵਿਚ ਕਾਦਰ ਆਜ਼ਾਦ ਨਜ਼ਮ ਦਾ ਰਾਜਸੀ ਸ਼ਾਇਰ ਸੀ, ਪਰ ਬੇਵਕਤ ਮੌਤ ਨੇ ਉਸ ਅੰਦਰਲੀਆਂ ਲੁਪਤ ਸੂਖਮ ਸੰਭਾਵਨਾਵਾਂ ਨੂੰ ਉਜਾਗਰ ਨਹੀਂ ਹੋਣ ਦਿੱਤਾ। ਸਿਆਸੀ ਸ਼ਾਇਰੀ ਦਾ ਸੁਹਜ-ਸੁੰਦਰਤਾ ਨਾਲ ਕੋਈ ਵੈਰ ਨਹੀਂ ਹੁੰਦਾ।

ਉਸ ਦੀਆਂ ਕਵਿਤਾਵਾਂ ਦੀ ਚੋਣ ਬੜੀ ਸੁਘੜਤਾ ਨਾਲ ਕੀਤੀ ਗਈ ਹੈ, ਜਿਸ ਲਈ ਸੰਪਾਦਕ ਬਲਵੀਰ ਪ੍ਰਵਾਨਾ ਦੀ ਮਿਹਨਤ ਦੀ ਦਾਦ ਦੇਣੀ ਬਣਦੀ ਹੈ। ਪੁਸਤਕ ਗੁਰਸ਼ਰਨ ਸਿੰਘ ਹੋਰਾਂ ਦੇ ਉਦਮ ਨਾਲ ਛਪੀ ਹੈ। ਮੁੱਲ ਬੜਾ ਵਾਜਬ (15/- ਰੁਪਏ) ਹੈ। (ਹ.ਸ.ਹ.) ○

ਸਾਂਈਂ ਹਰਭਜਨ ਸਿੰਘ ਹੁੰਦਲ ਜੀ,

ਸਦਾ ਸੁਖੀ ਵੱਸੋਂ ! ਕਿੰਨਾਂ ਚਿਰ ਪਹਿਲਾਂ ਤੁਹਾਨੂੰ ਚਿੱਠੀ ਲਿਖੀ ਸੀ, ਪਰ ਉੱਤਰ ਤੋਂ ਹੁਣ ਤਾਂਈ ਮਹਿਰੂਮ ਹਾਂ, ਜਦੋਂ ਕਿ ਚਿਰਾਗ਼ ਮਿਲ ਗਿਆ ਹੈ । ਮੈਂ ਤੁਹਾਨੂੰ ਆਪਣੇ ਐਡਰੈਸ ਬਾਰੇ ਲਿਖਿਆ ਸੀ । ਕਿ ਮੇਰਾ ਸ਼ਹਿਰ ਬਹਾਵਲ ਨਗਰ ਹੈ, ਪਰ ਤੁਸਾਂ ਹਰ ਵਾਰ ਬਹਾਵਲ ਪੁਰ ਲਿਖ ਦੇਂਦੇ ਹੋ, ਜਿਸ ਕਾਰਨ, ਤੁਹਾਡਾ ਖ਼ਤ ਅਤੇ ਰਿਸਾਲੇ ਘੁੰਮ-ਘੁਮਾ ਕੇ ਮੈਨੂੰ ਮਿਲਦੇ ਹਨ । ਖ਼ੁਦਾ -ਰਾ ਏਸ ਪਾਸੇ ਧਿਆਨ ਦਿਓ ਅਤੇ ਪਤਾ ਦਰੁਸਤ ਲਿਖਿਆ ਕਰੋ, ਤਾਂ ਜੋ ਤੁਹਾਡੀ ਡਾਕ ਮੈਨੂੰ ਵੇਲੇ ਸਿਰ ਮਿਲ ਸਕੇ । ਮੁਮਕਿਨ ਹੈ ਤੁਸਾਂ ਖਤ ਵੀ ਲਿਖੇ ਹੋਣ, ਪਰ ਐਡਰੈਸ ਗ਼ਲਤ ਹੋਣ ਦੇ ਕਾਰਨ ਮੈਨੂੰ ਮਿਲ ਹੀ ਨਾ ਸਕੇ ਹੋਣ :

ਹੁੰਦਲ ਜੀ ! 'ਸਾਹਿਤ' 'ਚ ਤੁਹਾਡਾ ਸਫ਼ਰਨਾਮ ਪੜ੍ਹਿਆ, ਦਿਲ ਖ਼ੁਸ਼ ਹੋ ਗਿਆ । ਅੱਜ ਕੱਲ੍ਹ ਨਵਾਂ-ਜ਼ਮਾਨਾ ਵਿਚ ਤੁਹਾਡੇ ਲੇਖ ਪੜ੍ਹਨ ਨੂੰ ਮਿਲ ਜਾਂਦੇ ਹਨ । ਤਿਮਾਹੀ ਲਈ ਵੀ ਤੇ ਕੁਝ ਲਿਖੋ । ਹੁਣ ਇਹ ਨਾਂ ਆਖ ਦੇਣਾ, ਕਿ ਪਹਿਲਾਂ ਜੋ ਘੱਲਿਆ ਹੈ ਤੇ ਓਸ ਲਈ ਅਰਜ਼ ਹੈ ਕਿ ਤੁਹਾਡਾ ਲੇਖ ਇਲਿਆਸ ਘੁੰਮਣ ਨੰਬਰ ਲਈ ਹੈ, ਜਿਹੜਾ ਸਿਰਫ਼ ਇਲਿਆਸ ਘੁੰਮਣ ਨੰਬਰ 'ਚ ਹੀ ਛਪੇਗਾ ।

ਹੁੰਦਲ ਜੀ ! ਤੁਹਾਡਾ ਲੇਖ 'ਪਾਬਲੋ ਨੇਰੂਦਾ-ਤੀਨਾ ਮਾਦੂਤੀ' 'ਤਿਮਾਹੀ' ਦੇ ਨਵੇਂ ਸ਼ੁਮਾਰੇ ਵਿਚ ਛਾਪ ਰਹੇ ਹਾਂ । ਇਸ਼ਨਾ-ਅੱਲਾ ਛੇਤੀ ਹੀ ਤੁਹਾਡੇ ਹੱਥਾਂ ਵਿਚ ਹੋਵੇਗਾ ।

ਹੁੰਦਲ ਜੀ ! ਏਸ ਤੋਂ ਪਹਿਲਾਂ ਚਿੱਠੀ ਵਿਚ ਵੀ ਮੈਂ ਤੁਹਾਨੂੰ ਬੇਨਤੀ ਕੀਤੀ ਸੀ ਕਿ ਤੁਸਾਂ ਆਪਣੀਆਂ ਕਿਤਾਬਾਂ ਮੈਨੂੰ ਜ਼ਰੂਰ ਘੱਲਣਾ, ਖਾਸ ਕਰ ਜੰਗ ਨਾਮਾਂ ਪੰਜਾਬ ਅਤੇ ਪਾਬਲੋ ਨੇਰੂਦਾ ਦੀ ਸ਼ਾਇਰੀ ਬਾਰੇ, ਪਰ ਲਗਦਾ ਏ ਤੁਹਾਨੂੰ ਮੇਰਾ ਖ਼ਤ ਹੀ ਨਹੀਂ ਮਿਲਿਆ । ਏਸ ਲਈ ਦੋਬਾਰਾ ਲਿਖ ਰਿਹਾ ਹਾਂ, ਓਮੀਦ ਹੈ ਕਿ ਤੁਸੀਂ ਮੇਰੀ ਇਹ ਖਾਹਿਸ਼ ਜ਼ਰੂਰ ਪੂਰੀ ਕਰੋਗੇ ।

ਸੱਜਣਾ ਮਿੱਤਰਾਂ ਨੂੰ ਸਲਾਮ

ਤੁਹਾਡਾ, ਆਪਣਾ, ਖ਼ਾਲਿਦ ਸ਼ੇਖ਼, ਸੰਪਾਦਕ "ਤਿਮਾਹੀ"

ਹੁੰਦਲ ਜੀ, ਸ਼ਾਲਾ ਖ਼ੁਸ਼ੀਆਂ ਮਾਣ,

ਤਿਮਾਹੀ ਚਿਰਾਗ਼ ਅਪਰੈਲ-ਜੂਨ 96 ਮਿਲ ਗਿਆ । ਧੰਨਵਾਦੀ ਹਾਂ, ਤੁਸਾਂ ਯਾਦ ਕੀਤਾ । ਪੂਰਬੀ ਪਛਮੀ ਪੰਜਾਬ ਦੇ ਲੇਖਕਾਂ ਦੀਆਂ ਲਿਖਤਾਂ ਦਾ ਇਹ ਪਰਾਗਾ ਬੜਾ ਭਰਵਾਂ ਅਤੇ ਮਨ-ਮੋਹਣਾ ਏ, ਤੁਹਾਡੇ ਜੈਸੇ ਸੇਵਕ ਮਾਂ ਬੋਲੀ ਦੀ ਜਿਹੜੀ ਸੇਵਾ ਕਰ ਰਹੇ ਹਨ, ਉਹ ਸਲਾਹੁਣ ਯੋਗ ਹੈ । ਸਾਈਂ ਸੁਹਣਾ ਤੁਹਾਡੇ ਉੱਦਮ ਵਿਚ ਹੋਰ ਵਾਧਾ ਕਰੇ । ਮੇਰੇ ਜਹੇ ਗੁਮਨਾਮ ਬੰਦੇ ਨੂੰ ਯਾਦ ਕਰਨ ਤੇ ਧੰਨਵਾਦ । ਮੇਰੇ ਲਾਇਕ ਕੋਈ ਸੇਵਾ । ਰੱਬ ਰਾਖਾ, ਤੁਹਾਡਾ ਆਪਣਾ ।

ਉਮਰ ਗ਼ਨੀ, ਮਜ਼ੱਫਰਾਬਾਦ ।

ਪਿਆਰੇ ਭਾ ਹੁੰਦਲ ਜੀ,

ਪਾਸ਼ ਮਿਲ ਗਿਆ ਏ ਸਾਰਾ ਮੈਨੂੰ, ਸ਼ੁਕਰੀਆ । ਕੁਲਵੰਤ ਵਿਰਕ ਹੋਰਾਂ ਦੀਆਂ ਤਸਵੀਰਾਂ ਦਾ ਦੱਸੋ । ਭਾਬੀ ਜੀ ਵੱਲੋਂ ਮੈਨੂੰ ਚਿੱਠੀ ਨਹੀਂ ਆਈ ਕੋਈ । ਸੱਜਰਾ ਸਫ਼ਰਨਾਮਾਂ ਵੀ ਅੱਪੜ ਗਿਆ ਏ, ਰੀਵੀਊ ਕਰਾਂਗਾ ਛੇਤੀ ਈ ।

ਹੋਰ 'ਮਾਂ ਬੋਲੀ' ਮਿਲ ਰਿਹਾ ਏ ਨਾ ਗਲਪ (ਫਿਕਸ਼ਨ) ਦੀ ਬੜਾ ਲੋੜ ਹੈ ਸਾਨੂੰ । ਕੁਝ ਆਹਰ ਕੀਤੀ ਰੱਖੋ ਤਾਂ ਬੜੀ ਮਿਹਰ ਹੋਸੀ । ਤੁਹਾਡਾ ਮਕਸੂਦ ਸਾਕਿਬ, ਐਡੀਟਰ, ਮਾਂ ਬੋਲੀ, ਲਾਹੌਰ



ਬਹੁਤ ਅਕੀਦਤ ਯੋਗ ਹਰਭਜਨ ਸਿੰਘ ਹੁੰਦਲ ਜੀ, ਸਲਾਮ ਕਬੂਲ ਕਰੋ ।

ਅਪਰੈਲ 96 ਵਿਚ ਇਲਿਆਸ ਘੁੰਮਣ ਹੋਰਾਂ ਲਾਹੌਰ ਤੋਂ 'ਸਾਹਿਤ' ਦੇ ਨਾਲ ਜਨਵਰੀ ਤੋਂ ਮਾਰਚ 96 ਦਾ ਚਿਰਾਗ਼' ਵੀ ਘੱਲਿਆ । ਜਿਹਦੇ ਵਿਚ ਤੁਸਾਂ ਮੇਰੇ ਤੁਆਰਫ਼ ਦੇ ਨਾਲ 'ਸਾਵੀਆਂ ਵੰਗਾਂ' ਚੋਂ ਚਾਰ ਗ਼ਜ਼ਲਾਂ ਲਾਈਆਂ ਨੇ । ਸੱਚੀ ਗੱਲ ਏ ਤੁਹਾਡੀ ਏਸ ਸ਼ਫ਼ਕਤ ਨੇ, ਨਾ ਸਿਰਫ ਮੈਨੂੰ ਮੋਹ ਲਿਆ ਏ, ਬਲਕਿ ਗੁਰਮੁਖੀ ਲਿੱਪੀ ਨੂੰ ਬਾਕਾਇਦਾ ਸਿੱਖਣ ਦਾ ਸ਼ੌਕ ਵੀ ਲਾ ਦਿੱਤਾ ਏ ਤੇ ਮੈਂ ਡਾ. ਸੀਤਾ ਰਾਮ ਬਾਹਰੀ (ਪਟਿਆਲਾ) ਦੇ ਲਿਖੇ ਗੁਰਮੁਖੀ ਕਾਇਦੇ ਨੂੰ ਪੜ੍ਹ ਰਿਹਾ ਵਾਂ । ਹੁਣ ਤੀਕਰ ਐਨਾ ਹੋਇਆ ਏ ਪਈ ਮੈਂ ਗੁਰਮੁਖੀ ਲਿਪੀ ਵਿਚ ਲਿਖੇ ਸ਼ਿਅਰ ਪੜ੍ਹ ਲੈਨਾ ਵਾਂ ।

ਕੁਝ ਦਿਨ ਹੋਏ ਗੁਰਦਾਸਪੁਰ ਤੋਂ ਰੂਪਾਂਤਰ ਵੀ ਮੌਸੂਲ ਹੋਇਆ ਏ । ਉਹਨਾਂ ਨੂੰ ਮੇਰਾ ਪਤਾ ਯਕੀਨਨ 'ਚਿਰਾਗ਼' ਰਾਹੀਂ ਮਿਲਿਆ ਹੈ ਜੀ । 'ਸਾਹਿਤ 96' ਵਿਚ ਤੁਹਾਡਾ 'ਸਫ਼ਰਨਾਮਾ ਪਾਕਿਸਤਾਨ' ਪੜ੍ਹਿਆ । ਬੜਾ ਸੁਆਦ ਆਇਆ । ਰੱਬ ਕਰੇ, ਤੁਸੀਂ ਫੇਰ ਕਦੀ ਪਾਕਿਸਤਾਨ ਆਓ, ਮਿਲ ਬੈਠਣ ਦਾ ਮੌਕਾ ਮਿਲੇ । ਤੁਹਾਡੇ ਮਜ਼ਮੂਨ ਰਾਹੀਂ ਪਤਾ ਲੱਗਿਆ, ਪਈ ਤੁਸੀਂ ਆਪਣੀ ਜੰਮਣ-ਥਾਂ ਵੇਖਣ ਲਈ ਜੜ੍ਹਾਂ ਵਾਲਾਂ ਦੇ ਚੱਕ ਜਾਣ ਲਈ ਓਦਰੇ ਰਹੇ । ਇਹ ਫਿਤਰੀ ਜਜ਼ਬਾ ਹੈ, ਜਿਵੇਂ ਮੈਨੂੰ ਕਦੀ ਭਾਰਤ ਜਾਣ ਦਾ ਮੌਕਾ ਮਿਲੇ ਤਾਂ ਸ਼ਹਿਸ਼ਾਨਪੁਰ' (ਅੰਬਾਲਾ) ਜਾ ਕੇ ਆਪਣਿਆਂ ਦਾਦਕਿਆਂ ਦੀਆ ਕਬਰਾਂ ਵੇਖਣ ਲਈ ਮੈਂ ਵੀ ਓਦਰਾਂਗਾ ।

ਭਾਵੇਂ ਬਰੇ-ਸਗੀਰ ਪਾਕ-ਵ-ਹਿੰਦ ਦੀ ਤਾਰੀਖ ਤੇ ਜੁਗਰਾਫੀਆ ਕਦੇ ਵੀ ਸੌ ਵਰ੍ਹਿਆਂ ਤੀਕਰ ਇਕ ਜਿਹਾ ਨਹੀਂ ਰਿਹਾ । ਵੇਰ ਵੀ ਹਾਲੀ ਸਮੇਂ. ਮੈਂ ਤੇ ਤੁਸੀਂ, ਭਾਰਤੀ ਤੇ ਪਾਕਿਸਤਾਨੀ ਹੁੰਦਿਆਂ ਵੀ ਪੰਜਾਬੀ ਸਾਂਝ ਦੇ ਸੰਘਣੇ ਰੁੱਖ ਦੀ ਛਾਂ ਸਦਕੇ, ਹਿੱਕ ਦੂਜੇ ਨੂੰ ਸੁੱਖ ਸੁਨੇਹੜੇ ਘੱਲ ਸਕਦੇ ਹਾਂ । ਮੁਹੱਬਤ ਤੇ ਦੁਆਵਾਂ, ਧਰਮਾਂ ਤੋਂ ਉੱਤੇ ਨੇ ਤੇ ਇਨਸਾਨੀ ਏਕਤਾ ਦਾ ਸਭ ਤੋਂ ਵੱਡਾ ਸਬੂਤ ਤੇ ਸਰਮਾਇਆ ਨੇ ।

'ਚਿਰਾਗ਼' ਵਿਚ ਕਵਿਤਾਵਾਂ ਲਾਣ ਤੇ ਤੁਹਾਡਾ ਬਹੁਤ ਜ਼ਿਆਦਾ ਮਮਨੂਨ ਹਾਂ । ਜੇ ਹੋ ਸਕੇ ਤਾਂ ਕਦੀ ਕਦੀ ਘੱਲ ਦਿਆ ਕਰੋ । ਇਹਦੇ ਲਈ ਕੁਝ ਲਿਖਤਾਂ ਘੱਲ ਰਿਹਾ ਵਾਂ । 'ਚਿਰਾਗ਼' ਦੇ ਮਿਆਰ ਜੋਗ ਪਾਓ ਤੇ ਜਗ੍ਹਾ ਦੇ ਦੇਣਾ ।

ਅੱਲਾ ਸੋਹਣਾ ਤੁਹਾਨੂੰ ਖ਼ੈਰੀ ਮੇਰੀਂ ਰੱਖੇ । ਤੁਹਾਡਾ ਪ੍ਰੀਵਾਰ ਹੱਸਦਾ ਤੇ ਵੱਸਦਾ ਰਵ੍ਹੇ । ਆਮੀਨ ! ਆਪਣੀਆਂ ਦੁਆਵਾਂ ਵਿਚ ਯਾਦ ਰੱਖਣਾ—ਹਿੱਕ ਵਾਰੀ ਫੇਰ ਮੇਰੇ ਵੱਲੋਂ ਸ਼ੁਕਰੀਆ ਕਬੂਲ ਕਰੋ ।

(ਅਖ਼ਲਾਕ ਆਤਿਫ਼)

ਮੁਹਤਰਮ ਜਨਾਬ ਹਰਭਜਨ ਸਿੰਘ ਹੁੰਦਲ ਦੀ

ਸੱਤ ਸਲਾਮਾਂ

ਤੁਹਾਡੇ ਵੱਲੋਂ ਘੱਲਿਆਂ 'ਚਿਰਾਗ਼' ਇਲਿਆਸ ਘੁੰਮਣ ਕੋਲੋਂ ਮਿਲਿਆ । ਤੁਸੀਂ ਮੇਰੀ ਇਕ ਪੁਰਾਣੀ ਗਜ਼ਲ ਛਾਪੀ । ਢੇਰ ਸ਼ੁਕਰੀਆ । ਤੁਹਾਡੇ ਨਾਲ ਵਿਸਾਖੀ (1995) ਉਕਾ ਹੱਥ-ਜੋੜੀ ਈ ਹੋਈ । ਖੁਲ੍ਹ ਖੁਲਾ ਕੇ ਮੁਲਾਕਾਤ ਨਾ ਹੋ ਸਕੀ । ਜਿਹਦਾ ਅਫਸੋਸ ਰਹੇਗਾ ।

'ਚਿਰਾਗ਼' ਚੜ੍ਹਦੇ ਪੰਜਾਬ ਵਿਚੋਂ ਛਪਣ ਵਾਲੇ ਹਰ ਪਰਚੇ ਨਾਲੋਂ ਵੱਧ ਦਿੱਖ ਰੱਖਦਾ ਏ, ਸੁਆਦ (ਮੈਟਰ) ਤੇ ਛਪਾਈ ਦੋਵਾਂ ਪੱਖੋਂ, ਤੁਹਾਡੀ ਚੋਣ ਲੋਕਾਈ ਨਾਲ ਜੁੜੀਆਂ ਹੋਈਆਂ ਲਿਖਤਾਂ ਨੂੰ ਚੁਣਦੀ ਏ, ਮੈਂ ਜਾਣਦਾ ਇਹਦੇ ਪਿੱਛੇ ਤੁਹਾਡੀ ਹੱਯਾਤੀ ਨੂੰ ਖਾਸ ਤਰੀਕੇ ਨਾਲ ਗੁਜ਼ਾਰਨ ਤੇ ਵੇਖਣ ਦਾ ਢੰਗ ਏ । ਮੈਂ ਆਪਣੀਆਂ ਤਾਜ਼ਾ ਗ਼ਜ਼ਲਾਂ ਘੱਲ ਰਿਹਾ । ਪਸੰਦ ਆਉਣ ਤਾਂ ਜ਼ਰੂਰ ਛਾਪਣਾ ।

ਤੁਹਾਡਾ ਆਬਦ ਨਿਬੇਲ ਸ਼ਾਦ (ਲਾਹੌਰ)

ਸਾਂਈਂ ਹਰਭਜਨ ਸਿੰਘ ਹੁੰਦਲ ਜੀ,

ਸਦਾ ਸੁਖੀ ਵੱਸੋ !

'ਚਿਰਾਗ਼' ਦਾ ਨਵਾਂ ਅੰਕ ਨਾਜ਼ਮ ਹਿਕਮਤ ਨੰਬਰ ਮਿਲ ਗਿਆ ਹੈ। ਯਾਦ ਰੱਖਣ ਦਾ ਬਹੁਤ ਸ਼ੁਕਰੀਆ। 'ਚਿਰਾਗ਼' ਦੇ ਨਾਲ ਤੁਹਾਡਾ ਖ਼ਤ ਵੀ ਮਿਲਿਆ ਹੈ, ਜਿਸ 'ਚ ਤੁਸਾਂ ਲਿਖਿਆ ਹੈ ਕਿ ਕਿਤਾਬਾਂ ਭੇਜੀਆਂ ਸਨ, ਉਹਨਾਂ ਦਾ ਉੱਤਰ ਨਹੀਂ ਮਿਲਿਆ।

ਹੁੰਦਲ ਜੀ ! ਕਿਤਾਬਾਂ ਮਿਲਣ ਤੋਂ ਕੁਝ ਦਿਨਾਂ ਬਾਅਦ ਹੀ ਮੈਂ ਤੁਹਾਨੂੰ ਖ਼ਤ ਲਿਖਿਆ ਸੀ, ਜਿਸ ਵਿਚ ਕਿਤਾਬਾਂ ਮਿਲਣ ਦੀ ਰਸੀਦ ਸੀ। ਉਸ ਤੋਂ ਬਾਅਦ ਮੈਂ ਜੰਗਨਾਮਾ ਪੰਜਾਬ ਪੜ੍ਹਨਾ ਸ਼ੁਰੂ ਕੀਤਾ ਤਾਂ ਐਨਾ ਲੁਤਫ਼ ਆਇਆ ਕਿ ਮੈਂ ਓਸ ਪੂਰੀ ਨਜ਼ਮ ਦਾ ਲਿਪੀ ਅੰਤਰ ਕਰ ਲਿਆ। ਜਦੋਂ ਏਸ ਦਾ ਤਜਕਰਾ ਸਾਂਈਂ ਸਿਬਤੁਲ ਹਸਨ ਜ਼ੈਗਮ ਹੋਰਾਂ ਨਾਲ ਕੀਤਾ ਅਤੇ ਉਹਨਾਂ ਨੂੰ ਆਖਿਆ ਕਿ ਮੈਂ ਏਸ ਕਿਤਾਬ ਨੂੰ ਛਾਪਣਾ ਚਾਹੁੰਦਾ ਹਾਂ ਤੇ ਉਹ ਏਸ ਤੋਂ ਮਜ਼ਮੂਨ ਲਿਖ ਕੇ ਦੇਣ ਤਾਂ ਉਹਨਾਂ ਨੇ ਵਾਅਦਾ ਕਰ ਲਿਆ ਹੈ। ਉਹ ਮੇਰੇ ਨਾਲ ਬਹੁਤ ਮੁਹੱਬਤ ਰੱਖਦੇ ਨੇ। ਮੇਰਾ ਆਖਿਆ ਘੱਟ ਹੀ ਮੋੜਦੇ ਹਨ। ਉਹਨਾਂ ਦੇ ਨਜ਼ਰਆਤ ਜੋ ਕੁਝ ਵੀ ਹੋਣ ਲਿਖਣ 'ਚ ਉਹ ਬਿਲਕੁਲ ਬੇਈਮਾਨੀ ਨਹੀਂ ਕਰਦੇ। ਸਾਫ਼-ਸਾਫ਼ ਲਿਖਦੇ ਨੇ—ਬਿਲਕੁਲ ਨਿਰਪੱਖ ਹੋ ਕੇ। ਤੇ ਮਹਾਨ ਲਿਖਾਰੀ ਦੀ ਇਹੋ ਨਿਸ਼ਾਨੀ ਹੁੰਦੀ ਹੈ। ਏਸ ਦਾ ਜ਼ਿਕਰ ਮੈਂ ਪਹਿਲੇ ਖਤ ਵਿਚ ਕੀਤਾ ਸੀ। ਨਾਲ ਤੁਹਾਡੇ ਤੋਂ ਜੰਗ ਨਾਮਾ ਪੰਜਾਬ ਸ਼ਾਹ ਮੁਖੀ 'ਚ ਛਾਪਣ ਦੀ ਇਜਾਜ਼ਤ ਮੰਗੀ ਸੀ ਕਿ 'ਤਿਮਾਹੀ' ਦਾ ਇਕ ਅੰਕ ਏਸ ਨਜ਼ਮ ਦੇ ਨਾਂ ਕਰਦਿਆਂਗੇ, ਮੈਂ ਤਾਂ ਏਸ ਉਡੀਕ ਵਿਚ ਸੀ ਕਿ ਜਵਾਬ ਅੱਜ ਥਾਂ ਭਲਕੇ ਆਇਆ ਲੈ। ਤੁਸਾ ਲਿਖਿਆ ਹੈ ਕਿ ਮੈਨੂੰ ਖਤ ਨਹੀਂ ਮਿਲਿਆ। ਸੋ ਹੁਣ ਦੁਬਾਰਾ ਤੁਹਾਡੇ ਅੱਗੇ ਅਰਜ਼ ਹੈ ਕਿ ਏਸ ਬਾਰੇ ਆਪਣੇ ਵਿਚਾਰ ਦੱਸੋ ਕਿ ਆਇਆ ਅਸਾਂ ਏਸ ਨਜ਼ਮ 'ਜੰਗ-ਨਾਮਾ ਪੰਜਾਬ' ਛਾਪੀਏ ਜਾ ਨਾ ਛਾਪੀਏ। ਮੈਨੂੰ ਤੁਹਾਡੇ ਉੱਤਰ ਦੀ ਉਡੀਕ ਰਹੇਗੀ।

ਹੁੰਦਲ ਜੀ। 'ਚਿਰਾਗ਼' ਦੇ ਨਾਜ਼ਮ ਹਿਕਮਤ ਨੰਬਰ ਦਾ ਜ਼ਿਕਰ ਏਸ ਵਾਰ ਦੇ 'ਤਿਮਾਹੀ' ਵਿਚ ਕਰ ਦਿੱਤਾ ਹੈ। ਇਨਸ਼ਾ-ਅੱਲਾ ਛੇਤੀ ਹੀ ਤੁਹਾਡੇ ਹੱਥਾਂ ਵਿਚ ਹੋਵੇਗਾ। ਕੁਝ ਮਜਬੂਰੀਆਂ ਇਹੋ ਜੇਹੀਆਂ ਹੋ ਗਈਆਂ ਕਿ 'ਤਿਮਾਹੀ' ਵੇਲੇ ਸਿਰ ਨਾ ਛਪ ਸਕਿਆ। ਪਹਿਲਾਂ ਮੈਂ ਆਪ ਬੀਮਾਰ ਪੈ ਗਿਆ। ਫੇਰ ਲਾਹੌਰ ਕਾਗਜ਼ ਅਤੇ ਪ੍ਰੈੱਸ ਵਾਲਿਆਂ ਹੜਤਾਲ ਕੀਤੀ ਹੋਈ ਸੀ। ਹੜਤਾਲ ਵਾਲਾ ਕੰਮ ਮੱਠਾ ਪਿਆ ਤੇ ਲਾਹੌਰ ਨੂੰ ਬਾਰਸ਼ਾਂ ਨੇ ਘੇਰ ਲਿਆ। ਹੁਣ ਕੁਝ ਅਮਨ ਹੋਇਆ ਹੈ ਤੇ ਏਸ ਹਫ਼ਤੇ 'ਤਿਮਾਹੀ' ਛਪਵਾਣ ਲਈ ਲਾਹੌਰ ਜਾਵਾਂਗਾ।

ਹੁੰਦਲ ਜੀ ! ਨਾਜ਼ਮ ਹਿਕਮਤ ਦੀਆਂ ਨਜ਼ਮਾਂ ਤੇ ਓਸ ਤੋਂ ਬਾਂਅਦ ਪਾਬਲੋ ਨੇਰੂਦਾ ਦੀਆਂ ਨਜ਼ਮਾਂ ਵੀ ਕਿਤਾਬੀ ਸੂਰਤ ਵਿਚ ਛਪਵਾਣ ਦਾ ਪ੍ਰੋਗਰਾਮ ਹੈ। ਅਗਰ ਇਜਾਜ਼ਤ ਦਿਉ ਤਾਂ ਨਾਲ ਜੋ ਤੁਹਾਡੇ ਜ਼ਿਹਨ ਵਿਚ ਕੋਈ ਪ੍ਰੋਗਰਾਮ ਹੋਵੇ ਤਾਂ ਉਹ ਵੀ ਦੱਸ ਦਿਓ। ਅਗਰ ਤੁਸਾਂ ਸੋਚਿਆ ਹੋਵੇ ਕਿ ਇਹ ਕਿਤਾਬਾਂ ਸ਼ਾਹ ਸੁਖੀ 'ਚ ਛਪਣ ਤੇ ਕਿਸ ਅੰਦਾਜ਼ ਵਿਚ ਛਪਣ। ਮੈਨੂੰ ਤੁਹਾਡੇ ਉਤਰ ਦੀ ਉਡੀਕ ਰਹੇਗੀ।

ਖ਼ਾਲਦ ਸ਼ੇਖ਼, ਸੰਪਾਦਕ 'ਤਿਮਾਹੀ' ਬਹਾਵਲ ਨਗਰ ਪਾਕਿਸਤਾਨ



## ਪੁਸਤਕ ਪ੍ਰਾਪਤੀ

1. ਆਪਣੇ ਹਿੱਸੇ ਦੀ ਛਾਂ (ਕਹਾਣੀਆਂ) ਬਲਵੀਰ ਜਸਵਾਲ, ਮੁੱਲ 60/- ਪੰਨੇ 86, ਯਾਤਰਾ ਪਬਲੀਕੇਸ਼ਨ, ਲੁਧਿਆਣਾ।
2. ਵਰਿੰਦਰ ਪ੍ਰੀਹਾਰ (ਸੋਵੀਨਾਰ) ਵਿਚ ਪ੍ਰਕਾਸ਼ਤ ਕੁਝ ਨਜ਼ਮਾਂ।
3. ਅੰਦਰਲੀ ਤਪਸ਼ (ਗ਼ਜ਼ਲਾਂ) ਰੁਪਿੰਦਰ ਮਾਨ, ਮੁੱਲ 25/-, ਪੰਨੇ 62, ਵਾਰਸ ਸ਼ਾਹ ਫਾਂਊਂਡੇਸ਼ਨ, ਅੰਮ੍ਰਿਤਸਰ।
4. ਇਹ ਲੋਕ (ਨਾਵਲ), ਦਰਸ਼ਨ ਸਿੰਘ ਧੀਰ, ਮੁੱਲ 200/- ਪੰਨੇ 408, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ।
5. ਹਾਦਸਿਆਂ ਦੇ ਹਾਸਿਲ (ਚੋਣਵੀਂ ਕਵਿਤਾ) ਦਰਸ਼ਨ ਗਿਲ, ਮੁੱਲ 125/-, ਪੰਨੇ 144, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
6. ਮਨਫੀ, ਭਾਗ, ਗੁਣਾ, ਜ਼ੋੜ (ਕਾਵਿ-ਨਾਟ), ਜੋਗੇ ਭੰਗਲ, ਗਿੰਨੀ ਪਬਲੀਕੇਸ਼ਨਜ਼ ਚੰਡੀਗੜ੍ਹ।
7. ਚਿੱਟੀ ਮੌਤ (ਨਾਵਲ) ਨਦੀਮ ਪਰਮਾਰ, ਮੁੱਲ ੧5/-, ਪੰਨੇ 100, ਨਵਯੁੱਗ (ਦਿੱਲੀ)।
8. ਆਪਣੇ ਆਪਣੇ ਖੰਭ (ਕਵਿਤਾ) ਸੰਪਾਦਕ ਡਾ: ਐਸ. ਤਰਸੇਮ, ਪੰਨੇ 136, ਮੁੱਲ 100/-
9. ਬਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ (ਆਲੋਚਨਾ), ਡਾ: ਸਵਰਨ ਚੰਦਨ, ਮੁੱਲ 160/-, ਪੰਨੇ 182, ਨੈਸ਼ਨਲ ਬੁੱਕ ਸ਼ਾਪ, ਦਿੱਲੀ।
10. ਹੀਰ ਆਖਦੀ ਰਾਂਝਿਆ ਝੂਠ ਬੋਲੇਂ (ਵਾਰਤਕ), ਸੁਰਿੰਦਰ ਮੰਡ, ਮੁੱਲ 75/-, ਪੰਨੇ 100, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ।
11. ਗੁਰਬਾਣੀ ਧਰਮ ਅਤੇ ਸਾਹਿਤ (ਆਲੋਚਨਾ) ਡਾ: ਬਲਜੀਤ ਕੌਰ, ਮੁੱਲ 80/- ਪੰਨੇ 120, ਸੁੰਦਰ ਬੁੱਕ ਡਿਪੂ, ਜਲੰਧਰ।
12. ਸੈਫੁਲ ਮਲੂਕ (ਕਿੱਸਾ), ਮੀਆਂ ਮੁਹੰਮਦ ਬਖ਼ਸ਼, ਸੰਪਾਦਕ ਜ਼ੈਗਮ, (ਉਰਦੂ ਅੱਖਰ), ਪੰਨੇ 452, ਮੁੱਲ 500/-, ਪ੍ਰਕਾਸ਼ਨ, ਪੈਕੇਜਿਜ਼ ਲਿਮਟਿਡ, ਲਾਹੌਰ, ਪਾਕਿਸਤਾਨ।
13. ਬੂੰਦ-ਬੂੰਦ ਬਰਸਾਤ (ਕਵਿਤਾ), ਰਮਨ, ਪੰਨੇ 44, ਮੁੱਲ 25/-, ਸ਼ਬਦ ਲੋਕ ਪ੍ਰਕਾਸ਼ਨ, ਲੁਧਿਆਣਾ।
14. ਇਹ ਕੋਈ ਨਾਟਕ ਨਹੀਂ (ਨਾਟਕ ਸੰਗ੍ਰਹਿ), ਪੰਨੇ 73, ਸਾਖਰਤਾ ਸੰਮਤੀ, ਫਰੀਦਕੋਟ।
15. ਸ਼ਾਖਰਤਾ ਲਹਿਰਾਂ (ਕਵਿਤਾਵਾਂ), ਪੰਨੇ 68, ਸਾਖਰਤਾ ਸੰਮਤੀ, ਫਰੀਦਕੋਟ।
16. ਕੁੜੀ ਪੜ੍ਹ ਕੇ ਕੀ ਕਰੇਗੀ (ਨਾਟਕ), ਪੰਨੇ 67, ਸਾਖਰਤਾ ਸੰਮਤੀ, ਫਰੀਦਕੋਟ।
17. ਖੋਜ (ਛੇਮਾਹੀ) ਦਾ ਸਿਲਵਰ ਜੁਬਲੀ ਅੰਕ—ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਟੀ ਲਾਹੌਰ, ਪਾਕਿਸਤਾਨ, ਮੁੱਲ 250/-, ਸਫ਼ੇ 448।
18. ਫਤਹਿ (ਨਾਵਲ), ਜਸਬੀਰ ਕਾਲਰਵੀ, ਦੀਪਕ ਪਬਲਿਸ਼ਰਜ਼ ਜਲੰਧਰ, ਮੁੱਲ 100/-, ਸਫ਼ੇ 176।
19. ਮੇਰੀ ਅਧੂਰੀ ਪਾਕਿਸਤਾਨ ਯਾਤਰਾ (ਸਫ਼ਰਨਾਮਾ), ਅਜੀਤ ਕੁਮਾਰ, ਕੀਮਤ 60/-, ਪੰਨੇ 104, ਲੇਖਕ ਪ੍ਰੀਸ਼ਦ, ਅਬੋਹਰ।

Registered with the Registrar of News-Papers of India
No—PUN-PUN O 2776/35/AL/TC/94.

ਉੱਤਰੀ ਭਾਰਤ ਵਿਚ ਸਿਰਫ ਇੱਕੋ ਇੱਕ

ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਕੇਂਦਰ

# ਭੂਪਿੰਦਰਾ ਨਰਸਿੰਗ ਹੋਮ

ਸਾਡੀਆਂ ਵਿਸ਼ੇਸ਼ਤਾਈਆਂ :

★ ਚਰਬੀ ਕੱਢਣ, ਸਰੀਰ ਚੋਂ ਵਾਧੂ ਜਮ੍ਹਾਂ ਹੋਈ ਚਰਬੀ ਕੱਢਣਾ।

★ ਸਰੀਰਕ ਬਣਤਰ ਨੂੰ ਹੋਰ ਸੁੰਦਰ ਬਣਾਉਣਾ, ਸਦੀਵੀ, ਸੁਰੱਖਿਅਤ ਤੇ ਘੱਟ ਖਰਚੇ ਵਾਲਾ।

★ ਸਫੇਦ ਦਾਗ਼, ਰੁਕੇ ਹੋਏ ਫੁਲਹਿਰੀ ਦੇ ਚਿੱਟੇ ਦਾਗ਼ਾਂ ਨੂੰ ਉਪਰੇਸ਼ਨ ਰਾਹੀਂ ਸਥਾਈ ਤੌਰ ਤੇ ਦੂਰ ਕਰਨਾ।

★ ਨੱਕ ਦੀ ਬਣਤਰ ਨੂੰ ਸੁੰਦਰ ਬਣਾਉਣਾ, ਵਿਗੜੀ ਸ਼ਕਲ ਠੀਕ ਕਰਨੀ, ਛੋਟੀ ਤੋਂ ਵੱਡੀ ਅਤੇ ਵੱਡੀ ਕਰੂੰਬਲੀ ਨੂੰ ਛੋਟਾ ਕਰਕੇ ਸੁੰਦਰ ਬਣਾਉਣਾ।

★ ਚਿਹਰੇ ਦੀਆਂ ਝੁਰੜੀਆਂ ਨੂੰ ਦੂਰ ਕਰਕੇ, ਉਮਰ ਦੇ ਪਰਭਾਵਾਂ ਨੂੰ ਘਟਾ ਕੇ, ਜਵਾਨ ਦਿੱਖ ਬਹਾਲ ਕਰਨੀ।

★ ਅੱਖਾਂ ਦੇ ਹੇਠਾਂ ਜਾਂ ਉਪਰ ਵਾਧੂ ਤੇ ਢਿਲਕੇ ਹੋਏ ਮਾਸ ਨੂੰ ਠੀਕ ਕਰਨਾ।

★ ਕੰਨ ਤੇ ਬੁੱਲ੍ਹਾਂ ਦੀ ਬਣਤਰ ਸੁੰਦਰ ਬਣਾਉਂਣਾ।

ਵਿਸ਼ੇਸ਼ :

★ ਦਾਗ਼, ਧੱਬੇ ਜਾਂ ਲਸਣ ਨੂੰ ਮਿਟਾਉਣਾ।

★ ਗੰਜੇਪਣ ਦਾ ਇਲਾਜ ਵਾਲਾਂ ਦੇ ਪ੍ਰਤੀਪੂਰਣ ਰਾਹੀਂ।

★ ਛਾਤੀ ਨੂੰ ਛੋਟੀ ਜਾਂ ਵੱਡੀ ਕਰਨਾ।

★ ਜਲੇ ਸੜੇ ਦਾ ਇਲਾਜ।

★ ਪੁਰਾਣੇ ਜਲੇ ਹੋਏ ਦੇ ਨਿਸ਼ਾਨ ਅਤੇ ਨਾੜਾਂ ਦੇ ਗੁੱਛਿਆਂ ਨੂੰ ਦੂਰ ਕਰਨਾ।

★ ਜਮਾਂਦਰੂ ਨੁਕਸ, ਜਿਸ ਤਰ੍ਹਾਂ ਖੰਡਾ, ਬੁੱਲ੍ਹ ਆਦਿ ਦੀ ਦਰੁਸਤੀ।

## ਡਾ: ਬੀ.ਪੀ. ਸਿੰਘ ਐਮ.ਐਸ.

ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਸਰਜਨ
261—ਮੋਤਾ ਸਿੰਘ ਨਗਰ, ਲਿੰਕ ਰੋਡ, ਜਲੰਧਰ—144001
ਫੋਨ ਹਸਪਤਾਲ : 0181-223376 ਰਿਹਾਇਸ਼ : 0181-224228

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੁਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E,J.-272, ਚਹਾਰ ਬਾਗ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।